Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Golden State Realty
Pl Contact For Commercial or Residential Needs
ਅਸੀਂ ਲੋਨ ਲੈਣ 'ਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

Nineteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 19, Issue 33, August 18, 2018 20451 N. Plum Grove Rd., Palatine, IL 60074 Ph:847-359-0746, Fax:847-705-9388

ਜਸਟਿਸ ਰਣਜੀਤ ਸਿੰਘ ਕਮਿਸ਼ਨ ਵੀ ਸਵਾਲਾਂ ਦੇ ਘੇਰੇ ਵਿਚ

ਚੰਡੀਗੜ੍ਹ: ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਉਤੇ ਵੀ ਹੁਣ ਸਵਾਲ ਉਠਣ ਲੱਗੇ ਹਨ। ਕਮਿਸ਼ਨ ਵੱਲੋਂ ਦੋ ਪੁਲਿਸ ਅਧਿਕਾਰੀਆਂ- ਐਸ.ਪੀ. ਪਰਮਜੀਤ ਸਿੰਘ ਪੰਨੂ ਤੇ ਡੀ.ਐਸ.ਪੀ. ਹਰਜਿੰਦਰ ਸਿੰਘ ਗਿੱਲ ਨੂੰ ਕਲੀਨ ਚਿੱਟ ਦੇਣ ਅਤੇ ਚਾਰ ਅਧਿਕਾਰੀਆਂ ਉਤੇ ਕੇਸ ਦਰਜ ਕਰਵਾਉਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਮਿਸ਼ਨ ਦੀ ਰਿਪੋਰਟ ਮੁਤਾਬਕ, ਦੋਵੇਂ ਅਧਿਕਾਰੀ ਉਸ ਦਿਨ ਘਟਨਾ ਵਾਲੀ ਥਾਂ ਉਤੇ ਮੌਜੂਦ ਨਹੀਂ ਸਨ; ਹਾਲਾਂਕਿ ਇਸ ਤੋਂ ਪਹਿਲਾਂ ਇਸੇ ਮਾਮਲੇ ਦੀ ਜਾਂਚ ਕਰ ਰਹੇ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਮੁਤਾਬਕ, ਦੋਵਾਂ ਅਧਿਕਾਰੀਆਂ ਦੀ ਮੋਬਾਇਲ ਲੋਕੇਸ਼ਨ ਬਹਿਬਲ ਕਲਾਂ ਦੀ ਹੀ ਸੀ। ਇਹੀ ਨਹੀਂ, ਜਿਨ੍ਹਾਂ ਅਧਿਕਾਰੀਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਬਣਾਇਆ ਗਿਆ ਹੈ, ਉਨ੍ਹਾਂ ਦਾ ਵੀ ਕਹਿਣਾ ਹੈ ਕਿ ਇਹ ਦੋਵੇਂ ਅਧਿਕਾਰੀ ਘਟਨਾ ਵਾਲੀ ਥਾਂ ਉਤੇ ਮੌਜੂਦ ਸਨ। ਉਧਰ, ਪੰਜਾਬ ਸਰਕਾਰ ਵੀ ਸੀਨੀਅਰ ਪੁਲਿਸ ਅਧਿਕਾਰੀਆਂ ਦੇ 'ਹੌਸਲੇ ਪਸਤ' ਹੋਣ ਦਾ ਬਹਾਨਾ ਬਣਾ ਕੇ ਇਨ੍ਹਾਂ ਵਿਰੁਧ ਕਾਰਵਾਈ ਤੋਂ ਭੱਜਦੀ ਨਜ਼ਰ ਆ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਮਗਰੋਂ ਬਹਿਬਲ ਗੋਲੀ ਕਾਂਡ ਮਾਮਲੇ 'ਚ ਬਾਜਾਖਾਨਾ ਥਾਣੇ ਵਿਚ ਦਰਜ ਕੇਸ ਵਿਚ ਦਸ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੂੰ ਨਾਮਜ਼ਦ ਕਰਨ ਦਾ ਐਲਾਨ ਕੀਤਾ ਸੀ। ਗ੍ਰਹਿ ਵਿਭਾਗ ਨੇ ਵੀ ਡੀ.ਜੀ.ਪੀ. ਨੂੰ ਇਸ ਬਾਰੇ ਸਿਫਾਰਸ਼ ਕਰ ਦਿੱਤੀ ਸੀ। ਪੁਲਿਸ ਮੁਖੀ ਸੁਰੇਸ਼ ਅਰੋੜਾ ਨੇ ਮੁੱਖ ਮੰਤਰੀ ਨੂੰ ਭਰੋਸੇ ਵਿਚ ਲੈ ਕੇ ਪੁਲਿਸ ਅਫਸਰਾਂ ਨੂੰ ਕੇਸ 'ਚ ਨਾਮਜ਼ਦ ਕਰਨ ਦਾ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਕਾਂਗਰਸ ਸਰਕਾਰ ਦਾ ਤਰਕ ਹੈ ਕਿ ਬਹਿਬਲ/ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਸੀ. ਬੀ.ਆਈ. ਨੂੰ ਸਿਫਾਰਸ਼ ਕਰ ਦਿੱਤੀ ਹੈ ਜਿਸ ਕਰ ਕੇ ਪੁਲਿਸ ਅਫਸਰਾਂ ਨੂੰ ਨਾਮਜ਼ਦ ਨਹੀਂ ਕੀਤਾ ਜਾ ਸਕਦਾ। ਕਾਂਗਰਸ ਸਰਕਾਰ ਦੇ ਯੂ-ਟਰਨ ਮਗਰੋਂ ਬਰਗਾੜੀ ਇਨਸਾਫ ਮੋਰਚਾ ਦੇ ਆਗੂ ਖਫਾ ਹਨ। ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਕੈਪਟਨ ਸਰਕਾਰ ਬਾਦਲਾਂ ਦੇ ਦਬਾਅ ਹੇਠ ਸਮਝੌਤੇ ਤੋਂ ਪਿਛੇ ਹਟਦੀ ਜਾਪਦੀ ਹੈ।

ਦੱਸ ਦਈਏ ਕਿ ਪਿੰਡ ਬਰਗਾੜੀ (ਫਰੀਦਕੋਟ) ਵਿਚ ਪਹਿਲੀ ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਖਿਲਾਫ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਚ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਤੇ ਪੰਜਾਬ ਪੁਲਿਸ ਨੇ ਗੋਲੀ ਚਲਾ ਕੇ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਨੂੰ ਮਾਰ-ਮੁਕਾਇਆ ਸੀ। ਉਸੇ ਦਿਨ ਕੋਟਕਪੂਰਾ ਵਿਚ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਲੋਕਾਂ ਉਤੇ ਪੁਲਿਸ ਨੇ ਲਾਠੀਚਾਰਜ ਕੀਤਾ ਜਿਸ ਕਾਰਨ ਕਈ ਜਣੇ ਗੰਭੀਰ ਜ਼ਖਮੀ ਹੋ ਗਏ। ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਹੋਂਦ ਵਿਚ ਆਉਂਦਿਆਂ ਹੀ ਅਪਰੈਲ 2017 ਵਿਚ ਹਾਈ ਕੋਰਟ ਦੇ ਸੇਵਾ ਮੁਕਤ ਜੱਜ, ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਇਕ ਮੈਂਬਰੀ ਪੜਤਾਲੀਆ ਕਮਿਸ਼ਨ ਬਣਾ ਦਿੱਤਾ।

ਇਸ ਤੋਂ ਪਹਿਲਾਂ ਵੀ ਬਰਗਾੜੀ ਬੇਅਦਬੀ ਮਾਮਲਾ ਅਤੇ ਉਸ ਦੇ ਨਤੀਜੇ ਵਜੋਂ ਵਾਪਰੀਆਂ ਘਟਨਾਵਾਂ ਦੀ ਪੜਤਾਲ ਲਈ ਬਾਦਲ ਸਰਕਾਰ ਨੇ ਵੀ 15 ਅਕਤੂਬਰ 2015 ਨੂੰ ਹਾਈ ਕੋਰਟ ਦੇ ਸੇਵਾ ਮੁਕਤ ਜੱਜ, ਜਸਟਿਸ ਜੋਰਾ ਸਿੰਘ 'ਤੇ ਆਧਾਰਤ ਇਕ ਮੈਂਬਰੀ ਕਮਿਸ਼ਨ ਬਣਾਇਆ ਸੀ। ਉਸ ਕਮਿਸ਼ਨ ਨੇ ਰਿਪੋਰਟ ਪਹਿਲੀ ਜੁਲਾਈ 2016 ਨੂੰ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਸੀ ਪਰ ਉਸ 'ਤੇ ਕੋਈ ਕਾਰਵਾਈ ਨਹੀਂ ਹੋਈ।

ਬਾਦਲਾਂ ਨੂੰ ਵੀ ਪਵੇਗਾ ਹੱਥ?

ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਪਿੱਛੋਂ ਬਾਦਲਾਂ ਨੂੰ ਵੀ ਘੇਰਾ ਪੈ ਸਕਦਾ ਹੈ। ਰਿਪੋਰਟ ਵਿਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ 'ਤੇ ਸਵਾਲ ਉਠੇ ਹਨ। ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਵੀ ਲਪੇਟੇ ਵਿਚ ਆਉਂਦੇ ਦਿਸ ਰਹੇ ਹਨ। ਤਾਜ਼ਾ ਖੁਲਾਸਾ ਹੋਇਆ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਤੋਂ ਕੁਝ ਘੰਟੇ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਸੀ। ਇਹ ਵੇਰਵੇ 13 ਅਤੇ 14 ਅਕਤੂਬਰ 2015 ਵਾਲੀ ਰਾਤ ਦੇ 2 ਵਜੇ ਨਾਲ ਸਬੰਧਤ ਹਨ। ਇਸ ਤੋਂ ਇਲਾਵਾ ਬਾਦਲ ਨੇ ਵਧੀਕ ਸਕੱਤਰ ਤੇ ਵਿਧਾਇਕ ਮਨਤਾਰ ਬਰਾੜ ਨਾਲ ਵੀ ਗੱਲਬਾਤ ਕੀਤੀ ਸੀ। ਇਸ ਘਟਨਾਕ੍ਰਮ ਦੇ ਕੁਝ ਦੇਰ ਬਾਅਦ ਹੀ ਬਹਿਬਲ ਕਲਾਂ 'ਚ ਪੁਲਿਸ ਕਾਰਵਾਈ ਸ਼ੁਰੂ ਹੋਈ ਸੀ। ਪੁਲਿਸ ਫਾਈਰਿੰਗ 'ਚ 2 ਨੌਜਵਾਨਾਂ ਦੀ ਮੌਤ ਹੋ ਗਈ ਸੀ।

ਵਿਦੇਸ਼ੀ ਸਿੱਖਾਂ ਤੱਕ ਹੀ ਸੀਮਤ ਰਹੀ 'ਰਿਫਰੈਂਡਮ 2020' ਰੈਲੀ

ਲੰਡਨ: 'ਪੰਜਾਬ ਰਿਫਰੈਂਡਮ 2020' ਸਬੰਧੀ ਲੰਡਨ ਦੇ ਟਰੈਫਲਗਰ ਸੁਕੇਅਰ ਵਿਚ ਲੰਡਨ ਐਲਾਨਨਾਮਾ ਰੈਲੀ ਕੁਝ ਗਿਣਵੇਂ ਵਿਦੇਸ਼ੀ ਸਿੱਖਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ। ਹਾਲਾਂਕਿ ਇਸ ਰੈਲੀ ਵਿਚ ਵੱਡੇ ਦਾਅਵੇ ਕੀਤੇ ਜਾ ਰਹੇ ਸਨ ਪਰ ਪੰਜਾਬ ਦੀਆਂ ਦੀਆਂ ਗਰਮਖਿਆਲੀ ਸਿੱਖ ਜਥੇਬੰਦੀਆਂ ਤੇ ਆਮ ਸਿੱਖਾਂ ਨੇ ਇਸ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

ਪਤਾ ਲੱਗਾ ਹੈ ਕਿ ਸਿੱਖਸ ਫਾਰ ਜਸਟਿਸ ਨੇ ਇਸ ਰੈਲੀ ਨੂੰ ਪੈਸੇ ਦੇ ਜ਼ੋਰ ਉਤੇ ਹੀ ਸਫਲ ਬਣਾਉਣ 'ਤੇ ਸਾਰਾ ਟਿੱਲ ਲਾਈ ਰੱਖਿਆ। ਇੰਡੀਆ ਟੂਡੇ ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਸਟੇਜ ਉਤੇ ਬੁਲਾਰਿਆਂ ਨੂੰ ਮੋਟੀ ਰਕਮ ਦਿੱਤੀ ਗਈ ਸੀ। ਇਸ ਤੋਂ ਇਲਾਵਾ ਪ੍ਰਚਾਰ ਉਤੇ ਬੇਹਿਸਾਬਾ ਪੈਸਾ ਖਰਚ ਕਰ ਦਿੱਤਾ ਗਿਆ। ਪੰਜਾਬ ਵਿਚ ਵੀ ਵੱਡੇ ਪੱਧਰ ਉਤੇ ਪ੍ਰਚਾਰ ਕੀਤਾ ਗਿਆ ਪਰ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਨਾਲ ਸਿੱਧਾ ਸੰਪਰਕ ਨਾ ਬਣਾਉਣ ਕਾਰਨ ਵੀ ਇਸ ਰੈਲੀ ਨੂੰ ਬਾਹਲਾ ਹੁੰਗਾਰਾ ਨਾ ਮਿਲਿਆ।

2020 ਵਿਚ ਕਰਵਾਈ ਜਾ ਰਹੀ ਰਾਇਸ਼ੁਮਾਰੀ ਤੋਂ ਪਹਿਲਾਂ ਕਰਵਾਈ ਇਸ ਰੈਲੀ ਨੂੰ ਲੰਡਨ ਐਲਾਨਨਾਮੇ ਵਜੋਂ ਪ੍ਰਚਾਰਿਆ ਗਿਆ ਸੀ ਤੇ ਉਮੀਦ ਕੀਤੀ ਜਾ ਰਹੀ ਸੀ, ਇਸ ਰੈਲੀ ਵਿਚ ਰਾਇਸ਼ੁਮਾਰੀ ਬਾਰੇ ਰੂਪ-ਰੇਖਾ ਐਲਾਨੀ ਜਾਵੇਗਾ ਪਰ ਇਸ ਨੂੰ ਸਿਰਫ ਤਿੰਨ ਮਤਿਆਂ ਤੱਕ ਹੀ ਸੀਮਤ ਕਰ ਦਿੱਤਾ ਗਿਆ। ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇਹ ਤਿੰਨ ਮਤੇ ਪੜ੍ਹੇ- ਨਵੰਬਰ 2020 ਵਿਚ ਪੰਜਾਬ ਸਮੇਤ ਸੰਸਾਰ ਭਰ ਵਿਚ ਗੈਰ ਸਰਕਾਰੀ ਰਿਫਰੈਂਡਮ ਕਰਵਾਇਆ ਜਾਵੇਗਾ। 1950 ਵਿਚ ਜੋ ਸੰਵਿਧਾਨ ਲਾਗੂ ਕੀਤਾ ਗਿਆ ਸੀ, ਉਸ ਵਿਚ

(ਬਾਕੀ ਸਫਾ 6 ਉਤੇ)

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਕੁੱਲੀ ਕੁੱਲੀ ਪੁਕਾਰਦਾ ਜੱਗ ਸਾਰਾ, ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ!

ਗਦਰ ਸੰਗਰਾਮ ਦੀ ਲਹੂ ਭਿੱਜੀ ਦਾਸਤਾਨ 'ਸਿੰਘਾਪੁਰ ਦੀ ਬਗਾਵਤ' ਨੂੰ ਸਮਰਪਿਤ

ਮੇਲਾ ਗਦਰੀ ਬਾਬਿਆਂ ਦਾ

ਬਾਬਾ ਭਾਨ ਸਿੰਘ ਸੁਨੇਤ
2-3-1918 ਨੂੰ ਅੰਡੇਮਾਨ ਜੇਲ੍ਹ ਵਿਚ ਸ਼ਹੀਦ



ਬਾਬਾ ਸੋਹਣ ਸਿੰਘ ਭਕਨਾ



ਸ਼ੇਰ ਅਲੀ
ਅੰਡੇਮਾਨ ਜੇਲ੍ਹ ਵਿਚ ਤਿੱਖਾ ਬਾਟਾ ਮਾਰ ਕੇ ਵਾਇਸਰਾਏ ਲਾਰਡ ਮੀਓ ਦਾ ਗਲਾ ਕੱਟ ਦਿੱਤਾ

ਬਾਬਾ ਰਾਮ ਸਿੰਘ ਧੁਲੇਤਾ
ਸੈਨ ਫਰਾਂਸਿਸਕੋ ਦੀ ਅਦਾਲਤ 'ਚ ਮਾਰਸ਼ਲ ਦੀ ਗੋਲੀ ਨਾਲ ਸ਼ਹੀਦ

ਬਾਬਾ ਸੁੰਦਰ ਸਿੰਘ ਕਲਸੀਆ

ਐਤਵਾਰ 2 ਸਤੰਬਰ 2018

(ਦੁਪਹਿਰ 12 ਵਜੇ ਤੋਂ 8 ਵਜੇ ਤੱਕ)

ਸਥਾਨ: ਐਸ. ਈ. ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਗੁਲਸਤਾਂ ਕੋ ਖ਼ੂਨ ਕੀ ਜ਼ਰੂਰਤ ਪੜੀ, ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।
ਅਬ ਯੇ ਕਹਿਤੇ ਹੈਂ, ਹਮ ਸੇ ਯੇਹ ਅਹਿਲੇ ਚਮਨ, ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

ਸਤਿਕਾਰਯੋਗ ਭੈਣੋ ਤੇ ਭਰਾਓ, ਸੈਕਰਾਮੈਂਟੋ ਦੀ ਧਰਤੀ ਗਦਰ ਸੰਗਰਾਮ ਦੇ ਯੋਧਿਆਂ ਦੀ ਚਰਨ ਛੋਹ ਧਰਤੀ ਹੈ, ਜਿੱਥੇ ਉਨ੍ਹਾਂ ਭਾਰੀ ਇਕੱਠ ਕਰ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਾਉਣ ਦਾ ਬਿਗਲ ਵਜਾਇਆ ਸੀ ਅਤੇ ਗਦਰ ਅਖਬਾਰ ਵਿਚ ਐਲਾਨ-ਏ-ਜੰਗ ਛਾਪ ਭਾਰਤ ਨੂੰ ਵਹੀਰਾਂ ਬੰਨ ਤੁਰੇ ਸਨ ਤੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਵਰਕੇ ਆਪਣੇ ਖ਼ੂਨ ਨਾਲ ਲਿਖੇ। ਉਨ੍ਹਾਂ ਦੇ ਇਕ ਇਸ਼ਾਰੇ 'ਤੇ ਫੌਜਾਂ ਨੇ ਬਗਾਵਤ ਕਰ ਕੇ ਜ਼ਾਲਮ ਅੰਗਰੇਜ਼ੀ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ। ਆਓ, ਉਨ੍ਹਾਂ ਦੀਆਂ ਕਰਨੀਆਂ ਨੂੰ ਸਜ਼ਦਾ ਕਰਨ ਲਈ ਮੇਲੇ ਵਿਚ ਹੁਮ ਹੁਮਾ ਕੇ ਪਹੁੰਚੋ।

ਪਹੁੰਚ ਰਹੇ ਕਲਾਕਾਰ

ਗੀਤਾਜ ਬਿੰਦਰਖੀਆ
(ਪ੍ਰਸਿੱਧ ਗਾਇਕ ਮਰਹੂਮ ਸੁਰਜੀਤ ਬਿੰਦਰਖੀਏ ਦਾ ਪੁੱਤਰ)
ਜੀਵਨ ਰੱਤੂ, ਪੰਮੀ ਮਾਨ ਤੇ ਰਾਜ ਬਰਾੜ

ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।

ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ।

ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ
ਫੋਨ: 916-420-2390

ਸਕੱਤਰ ਗਿਆਨ ਸਿੰਘ ਬਿਲਗਾ
ਫੋਨ: 661-397-7330

ਖਜ਼ਾਨਚੀ ਜਗਜੀਤ ਸਿੰਘ ਗਿੱਲ
ਫੋਨ: 209-985-1552

ਬਲਬਿੰਦਰ ਸਿੰਘ ਭੱਟੀ
ਫੋਨ: 209-480-2275

ਬਲਵੰਤ ਬਾਂਕਾ
ਫੋਨ: 916-271-4216

ਸੁਰਿੰਦਰ ਸਿੰਘ ਗਿੱਲ
ਫੋਨ: 209-594-5602

ਜਸਵਿੰਦਰ ਸੰਧੂ
ਫੋਨ: 209-639-2100

ਪ੍ਰਬੰਧਕ: ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ), ਸੁਮਿੱਤਰ ਸਿੰਘ ਉਪਲ (ਯੂਬਾ ਸਿਟੀ)।

ਸਪਾਂਸਰ: ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਊਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ।

Video & Photography: Shiara Singh Dhindsa, Omni Video 661-703-6664, www.omnivideousa.com

16 ਸਤੰਬਰ ਨੂੰ ਯੂਨੀਅਨ ਸਿਟੀ 'ਚ ਸਿਰਜਿਆ ਜਾਵੇਗਾ ਕਬੱਡੀ ਦਾ ਨਵਾਂ ਇਤਿਹਾਸ-ਮੱਖਣ ਬੈਂਸ

ਯੂਨੀਅਨ ਸਿਟੀ (ਬਿਊਰੋ): ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਆਉਂਦੀ 16 ਸਤੰਬਰ, ਐਤਵਾਰ ਨੂੰ ਇਥੇ ਲੋਗਨ ਹਾਈ ਸਕੂਲ ਵਿਖੇ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਵਿਸ਼ੇਸ਼ ਮੀਟਿੰਗ ਰਾਜਾ ਸਵੀਟਸ ਵਿਖੇ ਹੋਈ ਜਿਸ ਵਿਚ ਕਲੱਬ ਦੇ ਸਰਪ੍ਰਸਤ ਅਤੇ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦਾ ਯਤਨ ਰਿਹਾ ਹੈ ਕਿ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਚੜ੍ਹਦੀ ਕਲਾ 'ਚ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸ 14ਵੇਂ ਵਿਸ਼ਵ ਕਬੱਡੀ ਕੱਪ ਲਈ ਮਿਲ ਰਹੇ ਉਤਸ਼ਾਹ ਭਰੇ ਸਹਿਯੋਗ ਲਈ ਕਲੱਬ ਦੇ ਮੈਂਬਰਾਂ, ਸਹਿਯੋਗੀਆਂ ਤੇ ਸਪਾਂਸਰਾਂ ਦੇ ਦਿਲੋਂ ਧੰਨਵਾਦੀ ਹਨ।

ਇਸ ਮੌਕੇ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਐਸ. ਅਸ਼ੋਕ ਭੌਰਾ, ਇੰਦਰਜੀਤ ਸਿੰਘ ਬਿੰਦ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਗੁਲਵਿੰਦਰ ਸਿੰਘ ਗਾਖਲ ਆਦਿ ਸ਼ਖਸੀਅਤਾਂ ਹਾਜ਼ਰ ਸਨ। ਮੱਖਣ ਸਿੰਘ ਬੈਂਸ ਨੇ ਕਿਹਾ ਕਿ ਕਲੱਬ ਵਲੋਂ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਚੰਗਾ ਪ੍ਰਬੰਧ ਅਤੇ ਚੰਗਾ ਮਾਹੌਲ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਮੁਫਤ ਪਾਰਕਿੰਗ ਅਤੇ ਮੁਫਤ ਦਾਖਲਾ ਹੀ ਨਹੀਂ ਹੋਵੇਗਾ ਸਗੋਂ ਗੁਰਦੁਆਰਾ ਫਰੀਮਾਂਟ, ਸੈਨ ਹੋਜੇ, ਸਟਾਕਟਨ, ਮਿਲਪੀਟਸ ਵਲੋਂ ਦਰਸ਼ਕਾਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ ਅਤੇ ਰਾਜਾ ਸਵੀਟਸ ਵਲੋਂ ਸਾਰਾ ਦਿਨ ਚਾਹ ਪਕੌੜੇ ਮੁਫਤ ਵਰਤਾਏ ਜਾਣਗੇ।

ਕਲੱਬ ਦੇ ਮੈਂਬਰ ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨਾਲ

ਉਪਰੰਤ ਕਲੱਬ ਦੇ ਮੈਂਬਰਾਂ ਵਲੋਂ ਇਕ ਵਿਸ਼ੇਸ਼ ਮੁਲਾਕਾਤ ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨਾਲ ਕੀਤੀ ਗਈ ਜਿਸ ਵਿਚ ਸ. ਅਮੋਲਕ ਸਿੰਘ ਗਾਖਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਹਮੇਸ਼ਾ ਯਤਨ ਰਿਹਾ ਹੈ ਕਿ ਖੇਡਾਂ ਰਾਹੀਂ ਨਵੀਂ ਪੀੜ੍ਹੀ ਨੂੰ ਚੰਗੀ ਸਿਹਤ ਅਤੇ ਅਰੋਗ ਜੀਵਨ ਦੇਣ ਦੇ ਨਾਲ ਨਾਲ ਆਪਣੇ ਵਿਰਸੇ ਅਤੇ ਸੰਸਕਾਰਾਂ ਨਾਲ ਜੋੜਿਆ ਜਾਵੇ। ਇਸੇ ਲਈ ਉਹ ਸਮਾਜਿਕ, ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਨਾਲ ਲੈ ਕੇ ਤੁਰਨ ਵਿਚ ਹਮੇਸ਼ਾ ਯਤਨਸ਼ੀਲ ਰਹੇ ਹਨ।

ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੇ ਇਸ ਵਿਸ਼ਵ ਕਬੱਡੀ ਕੱਪ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਖੇਡ ਮੇਲੇ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨਸ (ਲੱਛਰ ਭਰਾ), ਰਾਇਲ ਕਿੰਗਜ਼ ਯੂ. ਐਸ. ਏ (ਛੱਬਾ ਬਿਆੜਾ), ਬੇਏਰੀਆ ਸਪੋਰਟਸ ਕਲੱਬ (ਬਲਜੀਤ ਸੰਧੂ), ਮਿਡਵੈਸਟ ਕਬੱਡੀ ਕਲੱਬ (ਵਿੱਕੀ ਸੰਮੀਪੁਰੀਆ ਤੇ ਤਾਰੀ) ਅਤੇ ਕੈਨੇਡਾ ਕਲੱਬ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ) ਦੀਆਂ ਟੀਮਾਂ ਭਿੜਨਗੀਆਂ। ਯੂਨਾਈਟਡ ਸਪੋਰਟਸ ਕਲੱਬ ਅਤੇ ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਪੰਜਾਬੀਆਂ ਨੂੰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਇਸ ਖੇਡ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਫੋਨ: 510-415-3315 ਰਾਹੀਂ ਲਈ ਜਾ ਸਕਦੀ ਹੈ।

ਮਾਲਦੀਵ ਨੇ ਦਿੱਤਾ ਭਾਰਤ ਨੂੰ ਇਕ ਹੋਰ ਝਟਕਾ

ਨਵੀਂ ਦਿੱਲੀ: ਮਾਲਦੀਵ ਦੀ ਚੀਨ ਸਮਰਥਕ ਅਬਦੁੱਲਾ ਯਾਮੀਨ ਸਰਕਾਰ ਨੇ ਭਾਰਤ ਨੂੰ ਇਕ ਹੋਰ ਝਟਕਾ ਦਿੰਦਿਆਂ ਆਪਣੇ ਸੈਨਿਕ ਤੇ ਜਹਾਜ਼ ਵਾਪਸ ਬੁਲਾਉਣ ਲਈ ਕਿਹਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਬੀਤੇ ਜੂਨ ਵਿਚ ਸਮਝੌਤਾ ਖਤਮ ਹੋਣ ਬਾਅਦ ਮਾਲਦੀਵ ਨੇ ਇਹ ਕਦਮ ਚੁੱਕਿਆ ਹੈ, ਜਿਸ ਕਾਰਨ ਭਾਰਤ ਤੇ ਚੀਨ ਵਿਚਾਲੇ ਰੱਸਾਕਸ਼ੀ ਵਧ ਸਕਦੀ ਹੈ। ਉਥੇ ਭਾਰਤ ਦੇ ਦੋ ਹੈਲੀਕਾਪਟਰ ਅਤੇ ਸੈਨਾ ਦੇ 50 ਜਵਾਨ ਤਾਇਨਾਤ ਹਨ, ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ। ਭਾਰਤ ਮੰਗ ਕਰ ਰਿਹਾ ਹੈ ਕਿ ਯਾਮੀਨ ਸਰਕਾਰ ਸਾਬਕਾ ਰਾਸ਼ਟਰਪਤੀ ਅਬਦੁਲ ਗਯੂਮ ਅਤੇ ਸੁਪਰੀਮ ਕੋਰਟ ਦੇ ਜੱਜਾਂ ਸਣੇ ਆਪਣੇ ਰਾਜਸੀ ਵਿਰੋਧੀਆਂ ਨੂੰ ਰਿਹਾਅ ਕਰੇ।

ਕੈਪਟਨ ਸਰਕਾਰ ਪਾਏਗੀ 'ਗਲੋਬਲ ਕਬੱਡੀ'

ਚੰਡੀਗੜ੍ਹ: ਅਕਾਲੀ-ਭਾਜਪਾ ਸਰਕਾਰ ਵੱਲੋਂ ਕਰਵਾਇਆ ਜਾਂਦਾ ਵਿਸ਼ਵ ਕਬੱਡੀ ਕੱਪ ਬੰਦ ਕਰ ਕੇ ਕੈਪਟਨ ਸਰਕਾਰ ਆਪਣੀ ਗਲੋਬਲ ਕਬੱਡੀ ਲੀਗ ਸ਼ੁਰੂ ਕਰੇਗੀ। ਖੇਡ ਤੇ ਯੁਵਕ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਐਲਾਨ ਕੀਤਾ ਹੈ ਕਿ ਗਲੋਬਲ ਕਬੱਡੀ ਲੀਗ ਟੂਰਨਾਮੈਂਟ ਇਸੇ ਸਾਲ 14 ਅਕਤੂਬਰ ਤੋਂ 3 ਨਵੰਬਰ 2018 ਤੱਕ ਕਰਵਾਇਆ ਜਾਵੇਗਾ।

ਕਬੱਡੀ ਲੀਗ ਦੇ ਮੁਕਾਬਲੇ ਜਲੰਧਰ ਤੇ ਲੁਧਿਆਣਾ 'ਚ ਹੋਣਗੇ ਜਦੋਂ ਕਿ ਫਾਈਨਲ ਮੁਕਾਬਲਾ ਮੁਹਾਲੀ ਵਿਚ ਕਰਵਾਇਆ ਜਾਵੇਗਾ। ਇਹ ਲੀਗ ਸਪਾਂਸਰਸ਼ਿਪ ਨਾਲ ਕਰਵਾਈ ਜਾਵੇਗੀ ਜਿਸ 'ਤੇ ਸਰਕਾਰ ਦਾ ਕੋਈ ਖਰਚ ਨਹੀਂ ਹੋਵੇਗਾ। ਅਕਾਲੀ ਸਰਕਾਰ ਵੱਲੋਂ ਕਰਵਾਏ ਕਬੱਡੀ ਕੱਪਾਂ ਸਬੰਧੀ ਉਨ੍ਹਾਂ ਕਿਹਾ ਕਿ ਉਹ ਕਬੱਡੀ ਕੱਪ ਸਿਰਫ ਸ਼ੋਅ ਸਨ ਜਦਕਿ ਕੈਪਟਨ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਇਹ ਟੂਰਨਾਮੈਂਟ ਇਕ ਮਿਸ਼ਨ ਹੈ।

ਉਨ੍ਹਾਂ ਕਿਹਾ ਇਸ ਟੂਰਨਾਮੈਂਟ ਸਬੰਧੀ ਇਕ ਪ੍ਰਬੰਧਕੀ ਕਮੇਟੀ ਬਣਾਈ ਜਾ ਰਹੀ ਹੈ, ਜਿਸ ਨੂੰ ਸਰਕਾਰ ਵੱਲੋਂ ਸਰਕਾਰੀ ਨੀਤੀ ਤਹਿਤ ਚਲਾਇਆ ਜਾਵੇਗਾ। ਹਾਲਾਂਕਿ, ਸਰਕਾਰ ਨੇ ਜੇਤੂਆਂ ਨੂੰ ਦਿੱਤੀ ਜਾਣ ਵਾਲੀ ਇਨਾਮੀ ਰਾਸ਼ੀ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਤੇ ਜਲਦ ਹੀ ਅੰਤਮ ਫੈਸਲਾ ਕਰ ਲਿਆ ਜਾਵੇਗਾ।

LOOKING FOR THE LOWEST FARES ?
BOOK INTERNATIONAL
FLIGHTS, HOTELS, CARS
Price From Los Angeles To Delhi
Starts from - $ 735
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Gas Station,
Truck Stop and
Convenience Stores
For Sale or Lease
In Indianapolis, Indiana
Ph: (317) 308-1050
adhoyee@gmail.com
ਇੰਡੀਆਨਾ ਵਿਚ ਗੈਸ ਸਟੇਸ਼ਨ,
ਟਰੱਕ ਸਟਾਪ ਤੇ ਕਨਵੀਨੀਐਂਸ
ਸਟੋਰ ਲੈਣ ਲਈ ਸੰਪਰਕ ਕਰੋ
ਫੋਨ: 317-308-1050
28-31

‘ਆਪ’ ਦੀਆਂ ਦੋਹਾਂ ਧਿਰਾਂ ’ਚ ਟਕਰਾਅ ਵਧਣ ਦੇ ਆਸਾਰ

ਚੰਡੀਗੜ੍ਹ: ਆਮ ਆਦਮੀ ਪਾਰਟੀ ਵਿਚ ਪਾੜਾ ਵਧਦਾ ਜਾ ਰਿਹਾ ਹੈ। ਇਕ ਪਾਸੇ ਬਾਗੀ ਧਿਰ ਨੇ ਸਾਫ ਕਰ ਦਿੱਤਾ ਹੈ ਕਿ ਬਠਿੰਡਾ ਕਨਵੈਨਸ਼ਨ ਦੇ ਮਤਿਆਂ ਨੂੰ ਸਿਰੇ ਚੜ੍ਹਾਏ ਬਿਨਾਂ ਉਹ ਹਾਈਕਮਾਂਡ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕਰਨਗੇ।

ਦੂਜੇ ਪਾਸੇ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਮੀਟਿੰਗ ਵਿਚ ਮਤਾ ਪਾਸ ਕਰਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਵਿਰੁੱਧ ਤੁਰਤ ਸਖਤ ਕਾਰਵਾਈ ਕਰਨ ਦੀ ਕੀਤੀ ਮੰਗ ਅਨੁਸਾਰ ਹਾਈਕਮਾਂਡ ਇਸ ਮਤੇ ਉਪਰ ਗੰਭੀਰਤਾ ਨਾਲ ਗੌਰ ਕਰ ਰਹੀ ਹੈ। ਹਾਲਾਂਕਿ ਬਾਅਦ ਵਿਚ ਦਿੱਲੀ ਵਿਚ ਹੋਈ ਮੀਟਿੰਗ ਵਿਚ ਬਾਗੀਆਂ ਨਾਲ ਨਰਮੀ ਵਿਖਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਪਰ ਅੰਦਰੋਂ ਅੰਦਰੀਂ ਸਭ ਠੀਕ ਹੋਣ ਦੇ ਲੱਛਣ ਨਹੀਂ ਲੱਗ ਰਹੇ।

ਇਸੇ ਦੌਰਾਨ ਬਾਗੀ ਧੜੇ ਵੱਲੋਂ ਬਣਾਈ 16 ਮੈਂਬਰੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ.) ਦੀ ਪਲੇਠੀ ਮੀਟਿੰਗ ਦੌਰਾਨ ਪਾਰਟੀ ਦੇ ਬਰਾਬਰ ਆਪਣਾ ਢਾਂਚਾ ਬਣਾਉਣਾ ਦਾ ਫੈਸਲਾ ਲੈਣ ਕਾਰਨ ਕਿਸੇ ਤਰ੍ਹਾਂ ਦੀ ਸਹਿਮਤੀ ਲਈ ਗੱਲਬਾਤ ਦੀਆਂ ਸੰਭਾਵਨਾਵਾਂ ਘਟਦੀਆਂ ਜਾ ਰਹੀਆਂ ਹਨ। ਮੀਟਿੰਗ ਤੋਂ ਬਾਅਦ ਖਹਿਰਾ ਨੇ ਦੱਸਿਆ ਕਿ ਉਨ੍ਹਾਂ ਨਾਲ ਪਾਰਟੀ ਦੇ ਕਿਸੇ ਵੀ ਆਗੂ ਵੱਲੋਂ ਹਾਲੇ ਤੱਕ ਸਮਝੌਤੇ ਬਾਰੇ ਕੋਈ ਸੰਪਰਕ ਨਹੀਂ ਕੀਤਾ ਗਿਆ। ਉਨ੍ਹਾਂ ਸਾਫ ਕੀਤਾ ਕਿ ਉਹ ਪੰਜਾਬ ਦੇ ਲੋਕਾਂ ਦਾ ਤੀਸਰੀ ਧਿਰ ਉਸਾਰਨ ਦਾ ਸੁਪਨਾ ਸਾਕਾਰ ਕਰਨ ਦੇ ਯਤਨਾਂ ਵਿਚ ਹਨ ਕਿਉਂਕਿ ਭੰਗ ਕੀਤੀ ਬਾਡੀ 1900 ਵੋਟਾਂ ਤੱਕ ਸਿਮਟ ਗਈ ਸੀ। ਸੂਤਰਾਂ ਅਨੁਸਾਰ ਪਾਰਟੀ ਦੀ ਲੀਡਰਸ਼ਿਪ ਨੇ ਬਾਗੀ ਧੜੇ ਨਾਲ ਗਏ ਕੁਝ ਆਗੂਆਂ ਦੀ ਥਾਂ ਨਵੀਆਂ ਨਿਯੁਕਤੀਆਂ ਕਰਨ ਦੀ ਪ੍ਰਕਿਰਿਆ ਵੀ ਆਰੰਭ ਦਿੱਤੀ ਹੈ, ਜਿਸ ਕਾਰਨ ‘ਆਪ’ ਵਿਚਲਾ ਕਲੇਸ਼ ਹੋਰ ਵਧਣ ਦੇ ਸੰਕੇਤ ਹਨ।

ਖਹਿਰਾ ਧੜੇ ਨੇ 22 ਅਗਸਤ ਨੂੰ ਫਰੀਦਕੋਟ, 25 ਅਗਸਤ ਨੂੰ ਗੁਰਦਾਸਪੁਰ ਅਤੇ 2 ਸਤੰਬਰ ਨੂੰ ਮੋਗਾ ਵਿਚ ਜ਼ਿਲ੍ਹਾ ਪੱਧਰੀ ਇਕੱਠ ਕਰਨ ਦਾ ਐਲਾਨ ਵੀ ਕੀਤਾ ਹੈ। ਇਸੇ ਤਰ੍ਹਾਂ ਬਾਗੀ ਧੜੇ ਨੇ 22 ਜ਼ਿਲ੍ਹਿਆਂ ਲਈ ਪੀ.ਏ.ਸੀ. ਦੇ 16 ਮੈਂਬਰਾਂ ਨੂੰ ਇੰਚਾਰਜ ਨਿਯੁਕਤ ਕਰ ਦਿੱਤਾ ਹੈ। ਇਸ ਧੜੇ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਮਿਲ ਕੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਲਾਗੂ ਕਰਨ ਸਮੇਤ ਪੰਜਾਬ ਦੇ ਕਈ ਹੋਰ ਮੁੱਦੇ ਉਠਾਏ।

ਪ੍ਰਧਾਨ ਬਣਨ ਦੀ ਥਾਂ ਵਾਲੰਟੀਅਰ ਵਜੋਂ ਕਰਾਂਗਾ ਕੰਮ: ਮਾਨ

ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ‘ਚ ਆਪਸੀ ਖਿੱਚੋਤਾਣ ਰੁਕਣ ਦਾ ਨਾਂ ਨਹੀਂ ਲੈ ਰਹੀ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਹ ਫਿਰ ਤੋਂ ਪ੍ਰਧਾਨ ਨਹੀਂ ਬਣਨਾ ਚਾਹੁੰਦੇ ਬਤੌਰ ਵਲੰਟੀਅਰ ਦੇ ਉਹ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿਚ ਜਾ ਕੇ ਪਾਰਟੀ ਨੂੰ ਸੰਕਟ ਵਿਚੋਂ ਕੱਢਣ ਦੀ ਕੋਸ਼ਿਸ਼ ਕਰਨਗੇ। ਭਗਵੰਤ ਮਾਨ ਨੇ ਆਪਣੇ ਅਸਤੀਫੇ ਬਾਰੇ ਸੁਖਪਾਲ ਸਿੰਘ ਖਹਿਰਾ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਕੰਮ ਕਰਨ ਲਈ ਅਹੁਦਿਆਂ ਦੇ ਮੁਹਤਾਜ ਨਹੀਂ।

ਛੋਟੇਪੁਰ ਨੇ ਤੀਜੇ ਬਦਲ ਲਈ ਭਖਾਇਆ ਮੋਰਚਾ

ਗੁਰਦਾਸਪੁਰ: ‘ਆਪਣਾ ਪੰਜਾਬ’ ਪਾਰਟੀ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸਾਬਕਾ ਸੂਬਾ ਆਗੂ ਸੁੱਚਾ ਸਿੰਘ ਛੋਟੇਪੁਰ ਨੇ ਦਾਅਵਾ ਕੀਤਾ ਹੈ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਸਤਾਏ ਲੋਕ ਪੰਜਾਬ ਵਿਚ ਨਵਾਂ ਬਦਲ ਲਿਆਉਣ ਲਈ ਤਿਆਰ ਹਨ ਅਤੇ ਇਮਾਨਦਾਰ ਲੀਡਰਾਂ ਦੀ ਪਾਰਟੀ ਨੂੰ ਤਲਾਸ਼ ਹੈ। ਅਪਣਾ ਪੰਜਾਬ ਪਾਰਟੀ ਲੋਕਾਂ ਨੂੰ ਬਿਹਤਰ ਬਦਲ ਦੇਣ ਦਾ ਭਰੋਸਾ ਦਿਵਾਉਂਦੀ ਹੈ ਅਤੇ ਸੂਬੇ ਵਿਚ ਤੀਜਾ ਬਦਲ ਉਸਾਰਨ ਲਈ ਲੋਕਾਂ ਦੇ ਸਹਿਯੋਗ ਦੀ ਲੋੜ ਹੈ। ਸ੍ਰੀ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿਚ ਤੀਜੇ ਬਦਲ ਵਜੋਂ ‘ਅਪਣਾ ਪੰਜਾਬ ਪਾਰਟੀ’ ਲਈ ਵਰਕਰ ਹੇਠਲੇ ਪੱਧਰ ਉਤੇ ਮਿਹਨਤ ਕਰ ਰਹੇ ਹਨ।

ਭਗਵੰਤ ਮਾਨ ਦੀ ਦੋ ਸਾਲ ਪੁਰਾਣੀ ਆਡੀਓ ਜਾਰੀ

ਫਰੀਦਕੋਟ: ਵਿਰੋਧੀ ਧਿਰ ਦੇ ਅਹੁਦੇ ਤੋਂ ਹਟਾਏ ਗਏ ਸੁਖਪਾਲ ਸਿੰਘ ਖਹਿਰਾ ਦੇ ਧੜੇ ਨੇ ਪ੍ਰੈੱਸ ਕਾਨਫਰੰਸ ਕਰ ਕੇ ਭਗਵੰਤ ਮਾਨ ਦੀ ਇਕ ਆਡੀਓ ਜਾਰੀ ਕੀਤੀ ਜੋ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਆਡੀਓ ‘ਚ ਭਗਵੰਤ ਮਾਨ ਕੁਝ ਪਾਰਟੀ ਵਰਕਰਾਂ ਨਾਲ ਬਾਘਾਪੁਰਾਣਾ ਵਿਧਾਨ ਸਭਾ ਹਲਕੇ ਦੇ ਉਮੀਦਵਾਰ ਬਾਰੇ ਗੱਲ ਕਰ ਰਹੇ ਹਨ, ਜਿਥੋਂ ਐਚ.ਐਸ. ਫੂਲਕਾ ਦੇ ਰਿਸ਼ਤੇਦਾਰ ਗੁਰਬਿੰਦਰ ਸਿੰਘ ਕੰਗ ਨੇ ਚੋਣ ਲੜੀ ਸੀ ਅਤੇ ਉਹ 4000 ਵੋਟ ਦੇ ਫਰਕ ਨਾਲ ਹਾਰ ਗਏ ਸੀ।

ਸਨਕਦੀਪ ਸਿੰਘ ਸੰਧੂ ਅਤੇ ਸਵਰਨ ਸਿੰਘ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਚੋਣਾਂ ਦੌਰਾਨ ਕੁਝ ਉਮੀਦਵਾਰਾਂ ਦਾ ਵਿਰੋਧ ਕੀਤਾ ਸੀ ਜਿਸ ਕਰ ਕੇ ਸ੍ਰੀ ਕੰਗ ਚੋਣ ਹਾਰ ਗਏ ਸਨ। ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀ ਨੂੰ ਹੁਣ ਆਮ ਆਦਮੀ ਪਾਰਟੀ ਨੇ ਸੂਬੇ ਦਾ ਮੁਖੀ ਥਾਪਣ ਦਾ ਫੈਸਲਾ ਕੀਤਾ ਹੈ। ਕਰੀਬ ਦੋ ਸਾਲ ਪੁਰਾਣੀ ਆਡੀਓ ਨੂੰ ਜਾਰੀ ਕਰ ਕੇ ਸੁਖਪਾਲ ਖਹਿਰਾ ਦੇ ਧੜੇ ਨੇ ਇਸ ਆਡੀਓ ਦੀ ਜਾਂਚ ਮੰਗ ਕਰਦਿਆਂ ਭਗਵੰਤ ਮਾਨ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਭਗਵੰਤ ਮਾਨ ਨੇ ਕਿਹਾ ਕਿ ਅਜਿਹੀ ਕੋਈ ਆਡੀਓ ਨਹੀਂ ਸੁਣੀ ਅਤੇ ਉਸ ਨੇ ਚੋਣਾਂ ਦੌਰਾਨ ਪੰਜਾਬ ਵਿਚ ਕਰੀਬ 300 ਰੈਲੀਆਂ ਆਪਣੇ ਉਮੀਦਵਾਰਾਂ ਦੇ ਹੱਕ ‘ਚ ਕੀਤੀਆਂ। ਭਗਵੰਤ ਮਾਨ ਨੇ ਕਿਹਾ ਕਿ ਉਸ ਦਾ ਕੋਈ ਧੜਾ ਨਹੀਂ ਹੈ ਅਤੇ ਉਹ ਅਰਵਿੰਦ ਕੇਜਰੀਵਾਲ ਨੂੰ ਆਪਣਾ ਆਗੂ ਮੰਨਦੇ ਹਨ। ਉਨ੍ਹਾਂ ਸਥਾਨਕ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਸ ਵਿਚ ਖਹਿਬੜਨ ਦੀ ਥਾਂ ਇਕਮੁੱਠ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ।

ਸੰਸਦ ‘ਚ ਗੂੰਜਿਆ ਪੰਜਾਬ ਦੀ ਖੁਦਮੁਖਤਾਰੀ ਦਾ ਮੁੱਦਾ

ਪਟਿਆਲਾ: ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਡਾ. ਧਰਮਵੀਰ ਗਾਂਧੀ ਨੇ ਮੌਨਸੂਨ ਸੈਸ਼ਨ ਵਿਚ ਬੋਲਦਿਆਂ ਭਾਰਤੀ ਸੰਸਦ ਨੂੰ ਪੰਜਾਬ ਲਈ ਅੰਦਰੂਨੀ ਖੁਦਮੁਖਤਿਆਰੀ ਲਈ ਵਿਚਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪਾਰਲੀਮੈਂਟ ਦਾ ਧਿਆਨ ਪੰਜਾਬ ਦੀ ਦਿਨੋ-ਦਿਨ ਬਦਤਰ ਹੋ ਰਹੀ ਆਰਥਕ ਤੇ ਸਮਾਜਿਕ ਹਾਲਤ ਵੱਲ ਦਿਵਾਇਆ। ਉਨ੍ਹਾਂ ਕਿਹਾ ਕਿ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਅਤੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਮਰ ਰਹੇ ਹਨ। ਡਾ. ਗਾਂਧੀ ਨੇ ਇਸ ਤੱਥ ਉਤੇ ਰੋਸ ਪ੍ਰਗਟ ਕੀਤਾ ਕਿ ਪੰਜਾਬ ਅੱਜ ਅਜਿਹੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ ਕਿ ਇਥੇ ਵਸਦੇ ਲੋਕਾਂ ਨੂੰ ਸਿਹਤ ਸਹੂਲਤਾਂ ਤੇ ਨੌਜਵਾਨਾਂ ਨੂੰ ਸਿੱਖਿਆ ਸਹੂਲਤਾਂ ਨਹੀਂ ਮਿਲ ਰਹੀਆਂ।

ਖੇਤੀਬਾੜੀ ਦੇ ਟਿਕਾਊ ਨਾ ਰਹਿਣ ਕਰ ਕੇ ਤੇ ਨਾਕਸ ਉਦਯੋਗਿਕ ਵਿਕਾਸ ਕਾਰਨ ਨੌਜਵਾਨਾਂ ਵਿਚ ਬੇਰੁਜ਼ਗਾਰੀ ਅਤੇ ਪਰਵਾਸ ਦੀ ਦਰ ਵਧ ਗਈ ਹੈ। ਸੂਬੇ ਸਿਰ ਖੜ੍ਹੇ ਦੋ ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਦੀ ਸਾਲਾਨਾ ਕਿਸ਼ਤ ਹੀ 25,000 ਕਰੋੜ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਤੇ ਦੂਜੇ ਸੋਮਿਆਂ ਦੇ ਮਾਲਕੀ ਹੱਕ ਖੋਹੇ ਗਏ ਹਨ। ਪੰਜਾਬ ਨੇ ਆਪਣੀ ਮਿੱਟੀ, ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੀ ਬਲੀ ਦੇ ਕੇ ਦੇਸ਼ ਨੂੰ ਅਨਾਜ ਸੁਰੱਖਿਆ ਮੁਹੱਈਆ ਕਰਵਾਉਣ ਲਈ ਖੁਦ ਅਨੇਕਾਂ ਖਤਰਿਆਂ ਨੂੰ ਸਹੇੜ ਲਿਆ ਹੈ। ਸ੍ਰੀ ਗਾਂਧੀ ਨੇ ਮੰਗ ਕੀਤੀ ਕਿ ਪੰਜਾਬ ਦੇ ਲੋਕਾਂ ਕੋਲ ਹੁਣ ਸਮੱਸਿਆਵਾਂ ਦਾ ਇਕੋ-ਇਕ ਹੱਲ ਅੰਦਰੂਨੀ ਖੁਦਮੁਖਤਿਆਰੀ ਹੈ। ਇਸ ਨਾਲ ਸੂਬਾ ਆਪਣੇ ਲੋਕਾਂ ਦੀ ਭਲਾਈ ਲਈ ਆਪਣੇ ਮਸਲੇ ਖੁਦ ਨਜਿੱਠਣ ਦੇ ਸਮਰੱਥ ਹੋ ਸਕੇਗਾ।

ਗੈਂਗਸਟਰਾਂ ਦੀ ਦਹਿਸ਼ਤ ਅੱਗੇ ਜੇਲ੍ਹ ਅਫਸਰਾਂ ਦੇ ਹੱਥ ਖੜ੍ਹੇ

ਬਠਿੰਡਾ: ਗੈਂਗਸਟਰਾਂ ਨੇ ਜੇਲ੍ਹਾਂ ਵਿਚ ਦਹਿਸ਼ਤ ਦਾ ਮਾਹੌਲ ਬਣਾ ਰੱਖਿਆ ਹੈ। ਅਜਿਹੇ ਹਾਲਾਤ ‘ਚ ਕਈ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਤੋਂ ਤੌਬਾ ਕਰ ਲਈ ਹੈ। ਲੰਘੇ ਦਸ ਵਰ੍ਹਿਆਂ ਦੌਰਾਨ ਤਕਰੀਬਨ ਸਵਾ ਸੌ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ। ਇਨ੍ਹਾਂ ‘ਚੋਂ ਬਹੁਤੇ ਸਵੈ-ਇੱਛਾ ਨਾਲ ਸੇਵਾ ਮੁਕਤੀ ਲੈ ਗਏ ਅਤੇ ਕਈਆਂ ਨੇ ਅਸਤੀਫੇ ਦੇ ਦਿੱਤੇ ਹਨ। ਗੱਠਜੋੜ ਵਜ਼ਾਰਤ ਦੇ ਸਮੇਂ ਤੋਂ ਜੇਲ੍ਹਾਂ ‘ਚ ਦਹਿਸ਼ਤ ਦੇ ਦੌਰ ਦਾ ਮੁੱਢ ਬੱਝਿਆ ਸੀ ਜਿਸ ਤੋਂ ਹਾਲੇ ਤੱਕ ਜੇਲ੍ਹਾਂ ਮੁਕਤ ਨਹੀਂ ਹੋਈਆਂ। ਉਂਜ, ਸਵੈ ਇੱਛਕ ਸੇਵਾ ਮੁਕਤੀ (ਵੀ.ਆਰ.ਐਸ.) ਅਤੇ ਅਸਤੀਫਾ ਦੇਣ ਪਿੱਛੇ ਅਧਿਕਾਰੀ ਤੇ ਮੁਲਾਜ਼ਮ ਘਰੇਲੂ ਹਾਲਾਤ ਅਤੇ ਸਿਹਤ ਠੀਕ ਨਾ ਹੋਣ ਦਾ ਹੀ ਤਰਕ ਦਿੰਦੇ ਹਨ।

ਆਰ.ਟੀ.ਆਈ. ਵੇਰਵਿਆਂ ਅਨੁਸਾਰ ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ ਦੇ ਨਵੰਬਰ 2011 ਤੋਂ ਹੁਣ ਤੱਕ 21 ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ। 19 ਅਫਸਰਾਂ/ਮੁਲਾਜ਼ਮਾਂ ਨੇ ਵੀ.ਆਰ.ਐਸ. ਲੈ ਲਈ ਹੈ ਜਦਕਿ ਸਹਾਇਕ ਸੁਪਰਡੈਂਟ ਅਤੇ ਇਕ ਵਾਰਡਰ ਨੇ ਅਸਤੀਫਾ ਦਿੱਤਾ ਹੈ। ਬਹੁਗਿਣਤੀ ਨੇ ਘਰੇਲੂ ਕਾਰਨਾਂ ਦਾ ਵਾਸਤਾ ਪਾਇਆ ਹੈ। ਇਕ ਸਹਾਇਕ ਸੁਪਰਡੈਂਟ ਨੇ ਜੇਲ੍ਹ ਦੀ ਨੌਕਰੀ ਛੱਡ ਕੇ ਪੰਜਾਬ ਪੁਲਿਸ ‘ਚ ਸਬ ਇੰਸਪੈਕਟਰ ਦੀ ਨੌਕਰੀ ਜੁਆਇਨ ਕੀਤੀ ਹੈ। ਸੰਗਰੂਰ ਜੇਲ੍ਹ ਦੇ ਅੱਠ ਅਫਸਰਾਂ/ ਮੁਲਾਜ਼ਮਾਂ ਨੇ ਨੌਕਰੀ ਛੱਡੀ ਹੈ। ਇਸ ਜੇਲ੍ਹ ਦੇ ਸਹਾਇਕ ਸੁਪਰਡੈਂਟ ਨੇ ਘਰੇਲੂ ਹਾਲਾਤ ਠੀਕ ਨਾ ਹੋਣ ਕਰ ਕੇ ਅਸਤੀਫਾ ਦੇ ਦਿੱਤਾ। ਸੰਗਰੂਰ ਜੇਲ੍ਹ ‘ਚ ਬੰਦ ਕੈਦੀ ਰਾਜੀਵ ਕੁਮਾਰ ਨੇ 30 ਮਈ 2015 ਨੂੰ ਸਹਾਇਕ ਜੇਲ੍ਹ ਸੁਪਰਡੈਂਟ ਜਗਮੇਲ ਸਿੰਘ ਨੂੰ ਧਮਕੀ ਦਿੱਤੀ ਅਤੇ ਚਾਰ ਹਵਾਲਾਤੀਆਂ ਨੇ 13 ਅਪਰੈਲ 2017 ਨੂੰ ਸੁਪਰਡੈਂਟ ਹਰਦੀਪ ਭੱਟੀ ਅਤੇ ਸਹਾਇਕ ਸੁਪਰਡੈਂਟ ਕੈਲਾਸ਼ ਕੁਮਾਰ ਨੂੰ ਧਮਕੀ ਦਿੱਤੀ। ਬਠਿੰਡਾ ਜੇਲ੍ਹ ‘ਚ ਲੰਘੇ ਤਿੰਨ ਵਰ੍ਹਿਆਂ ਦੌਰਾਨ ਚਾਰ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡੀ ਹੈ ਜਿਨ੍ਹਾਂ ‘ਚ ਇਕ ਸਹਾਇਕ ਸੁਪਰਡੈਂਟ ਵੀ ਸ਼ਾਮਲ ਹੈ।

ਫਰੀਦਕੋਟ ਜੇਲ੍ਹ ਦੇ ਸੱਤ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਤੋਂ ਤੌਬਾ ਕੀਤੀ ਹੈ ਜਿਨ੍ਹਾਂ ਵਿਚੋਂ ਦੋ ਨੇ ਅਸਤੀਫੇ ਦਿੱਤੇ ਹਨ। ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਗੈਂਗਸਟਰਾਂ ਨੇ ਧਮਕੀ ਵੀ ਦਿੱਤੀ ਜਿਸ ਦੀ ਥਾਣੇ ਵਿਚ ਰਿਪੋਰਟ ਦਰਜ ਵੀ ਕਰਾਈ ਗਈ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਕੁਝ ਜੇਲ੍ਹ ਅਫਸਰਾਂ ਦਾ ਪ੍ਰਤੀਕਰਮ ਸੀ ਕਿ ਚੰਗੇ ਅਫਸਰਾਂ ਲਈ ਹੁਣ ਜੇਲ੍ਹ ਦੀ ਨੌਕਰੀ ਦੁੱਭਰ ਹੋ ਗਈ ਹੈ। ਗੈਂਗਸਟਰ ਥੋੜ੍ਹੀ ਜਿਹੀ ਸਖਤੀ ਉਤੇ ਅੱਖਾਂ ਦਿਖਾਉਣ ਲੱਗੇ ਜਾਂਦੇ ਹਨ। ਸਿਕਿਊਰਿਟੀ ਜੇਲ੍ਹ ਨਾਭਾ ਦੇ ਸਹਾਇਕ ਸੁਪਰਡੈਂਟ ਨੇ ਪੰਜਾਬ ਪੁਲਿਸ ਦੀ ਸਬ ਇੰਸਪੈਕਟਰੀ ਨੂੰ ਤਰਜੀਹ ਦਿੱਤੀ ਹੈ। ਸਬ ਜੇਲ੍ਹ ਦਸੂਹਾ ਦੇ ਇਕ ਮੁਲਾਜ਼ਮ ਨੇ ਵੀ.ਆਰ.ਐਸ. ਲਈ ਹੈ ਅਤੇ ਇਸ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਇਕ ਹਵਾਲਾਤੀ ਨੇ ਫੋਨ ਉਤੇ ਧਮਕੀ ਦਿੱਤੀ ਹੈ। ਥਾਣੇ ਨੂੰ ਰਿਪੋਰਟ ਵੀ ਦਿੱਤੀ ਪਰ ਕੋਈ ਕਾਰਵਾਈ ਨਹੀਂ ਹੋਈ। ਕੇਂਦਰੀ ਜੇਲ੍ਹ ਲੁਧਿਆਣਾ ਦੇ 10 ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਲੰਘੇ ਪੰਜ ਵਰ੍ਹਿਆਂ ਦੌਰਾਨ ਨੌਕਰੀ ਨੂੰ ਅਲਵਿਦਾ ਆਖਿਆ ਹੈ ਜਿਨ੍ਹਾਂ ਵਿਚੋਂ ਦੋ ਨੇ ਅਸਤੀਫਾ ਦਿੱਤਾ ਹੈ। ਇਸ ਜੇਲ੍ਹ ‘ਚ 67 ਅਸਾਮੀਆਂ ਖਾਲੀ ਹਨ। ਫਿਰੋਜ਼ਪੁਰ ਜੇਲ੍ਹ ਦੇ ਅੱਠ ਹੈੱਡ ਵਾਰਡਰਾਂ ਅਤੇ ਵਾਰਡਰਾਂ ਨੇ ਨੌਕਰੀ ਛੱਡੀ ਹੈ ਜਦੋਂ ਕਿ ਰੋਪੜ ਜੇਲ੍ਹ ਦੇ ਅੱਠ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਵੀ.ਆਰ.ਐਸ. ਲੈ ਲਈ ਹੈ ਜਿਨ੍ਹਾਂ ‘ਚ ਦੋ ਸਹਾਇਕ ਸੁਪਰਡੈਂਟ ਵੀ ਸ਼ਾਮਲ ਹਨ। ਸੂਤਰ ਦੱਸਦੇ ਹਨ ਕਿ ਜੇਲ੍ਹਾਂ ਦੇ ਮਾਹੌਲ ਨੂੰ ਦੇਖਦੇ ਹੋਏ ਹੁਣ ਤਾਂ ਕੋਈ ਜੇਲ੍ਹ ਸੁਪਰਡੈਂਟ ਵੀ ਲੱਗਣ ਨੂੰ ਤਿਆਰ ਨਹੀਂ ਹੈ।

ਇਹ ਵੀ ਕੋਈ ਲੁਕੀ ਛੁਪੀ ਗੱਲ ਨਹੀਂ ਕਿ ਜੇਲ੍ਹਾਂ ‘ਚ ਨਸ਼ਿਆਂ ਤੇ ਮੋਬਾਈਲਾਂ ਦੀ ਵਰਤੋਂ ਵੀ ਰੁਕੀ ਨਹੀਂ ਅਤੇ ਇਹ ਧੰਦਾ ਜੇਲ੍ਹ ਸਟਾਫ ਦੀ ਸ਼ਮੂਲੀਅਤ ਤੋਂ ਬਿਨਾਂ ਸੰਭਵ ਨਹੀਂ ਹੈ। ਬਹੁਤੇ ਜੇਲ੍ਹ ਅਧਿਕਾਰੀ ਜੇਲ੍ਹਾਂ ‘ਚ ਦੋ ਨੰਬਰ ਦੇ ਕਾਰੋਬਾਰ ਨੂੰ ਹੱਲਾਸ਼ੇਰੀ ਦੇ ਕੇ ਹੱਥ ਵੀ ਰੰਗ ਰਹੇ ਹਨ। ਜੇਲ੍ਹਾਂ ਵਿਚ ਲੜਾਈ ਝਗੜੇ ਵੀ ਪਹਿਲਾਂ ਨਾਲੋਂ ਵਧੇ ਹਨ। ਪੰਜਾਬ ਵਿਚ ਛੋਟੀਆਂ ਵੱਡੀਆਂ 26 ਜੇਲ੍ਹਾਂ ਹਨ ਜਿਨ੍ਹਾਂ ਦੀ 23,218 ਬੰਦੀਆਂ ਨੂੰ ਸੰਭਾਲਣ ਦੀ ਸਮਰੱਥਾ ਹੈ। ਇਨ੍ਹਾਂ ਜੇਲ੍ਹਾਂ ‘ਚ ਵਾਰਡਰ ਗਾਰਦ ਦੀਆਂ 2683 ਅਸਾਮੀਆਂ ਪ੍ਰਵਾਨਿਤ ਹਨ ਜਿਨ੍ਹਾਂ ‘ਚੋਂ 789 ਖਾਲੀ ਪਈਆਂ ਹਨ। ਜੇਲ੍ਹਾਂ ਦੀ ਸੁਰੱਖਿਆ ਤੇ ਪੰਜਾਬ ਪੁਲਿਸ/ ਆਈ.ਆਰ.ਬੀ./ ਪੀ.ਏ.ਪੀ./ਹੋਮ ਗਾਰਡ ਅਤੇ ਪੈਸਕੋ ਦੇ ਕਰੀਬ 1867 ਜਵਾਨ ਤਾਇਨਾਤ ਕੀਤੇ ਹੋਏ ਹਨ। ਹੁਣ ਛੇ ਜੇਲ੍ਹਾਂ ਦੀ ਸੁਰੱਖਿਆ ਕੇ

ਮਾਨਸੂਨ ਇਜਲਾਸ 'ਚ ਕੰਮਕਾਜਾਂ ਦਾ ਬਣਿਆ ਰਿਕਾਰਡ

ਨਵੀਂ ਦਿੱਲੀ: ਸੰਸਦ ਦੇ ਮਾਨਸੂਨ ਇਜਲਾਸ 'ਚ ਸੰਭਾਵਨਾਵਾਂ ਤੋਂ ਉਲਟ ਨਾ ਸਿਰਫ ਕੰਮ-ਕਾਜ 'ਚ ਦੋ ਦਹਾਕਿਆਂ ਦੇ ਰਿਕਾਰਡ ਤੋੜੇ ਸਗੋਂ ਕਈ ਲਟਕੇ ਬਿੱਲ ਵੀ ਪਾਸ ਕੀਤੇ ਗਏ। ਲੋਕ ਸਭਾ ਨੇ ਤਕਰੀਬਨ 2 ਦਹਾਕਿਆਂ ਦਾ ਰਿਕਾਰਡ ਤੋੜਦਿਆਂ ਸਭ ਤੋਂ ਵੱਧ ਵਿਧਾਨਕ ਕੰਮਕਾਜ ਦੀ ਮਿਸਾਲ ਬਣਾਈ। ਲੋਕ ਸਭਾ ਨੇ ਆਪਣੇ ਤੈਅ ਸਮੇਂ ਤੋਂ ਫੀਸਦੀ ਵੱਧ ਕੰਮ ਕੀਤਾ ਜਦਕਿ ਰਾਜ ਸਭਾ 'ਚ 74 ਫੀਸਦੀ ਕੰਮਕਾਜ ਹੋਇਆ। ਪਿਛਲੇ ਕੁਝ ਇਜਲਾਸਾਂ ਤੋਂ ਵੱਖ-ਵੱਖ ਮੁੱਦਿਆਂ ਉਤੇ ਹੋਏ ਹੰਗਾਮਿਆਂ ਕਾਰਨ ਸੰਸਦ ਦੀ ਕਾਰਵਾਈ 'ਚ ਕਾਫੀ ਰੁਕਾਵਟਾਂ ਰਹੀਆਂ ਪਰ ਇਸ ਵਾਰ ਦੋਵਾਂ ਸਦਨਾਂ 'ਚ ਬਿੱਲ ਪਾਸ ਕੀਤੇ ਗਏ, ਹਾਲਾਂਕਿ ਮੋਦੀ ਸਰਕਾਰ ਦਾ ਅਹਿਮ ਤਿੰਨ ਤਲਾਕ ਬਾਰੇ ਬਿੱਲ ਅਗਲੇ ਇਜਲਾਸ ਤੱਕ ਲਟਕ

ਗਿਆ ਹੈ।

ਇਜਲਾਸ 'ਚ ਪੇਸ਼ ਕੀਤੇ 22 ਬਿੱਲਾਂ ਵਿਚੋਂ 21 ਲੋਕ ਸਭਾ 'ਚ ਪੇਸ਼ ਕੀਤੇ ਗਏ ਪਰ ਭਗੌੜਾ ਆਰਥਿਕ ਅਪਰਾਧੀ ਬਿੱਲ ਓ.ਬੀ.ਸੀ. ਕਮਿਸ਼ਨ ਨੂੰ ਸੰਵਿਧਾਨਕ ਦਰਜਾ ਦੇਣ ਅਤੇ ਰਾਸ਼ਟਰੀ ਖੇਲ-ਕੂਦ ਯੂਨੀਵਰਸਿਟੀ ਬਣਾਉਣ ਸਬੰਧੀ ਬਿੱਲ ਪਾਸ ਕਰਨ ਤੋਂ ਇਲਾਵਾ ਵੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਪਲਟਣ ਵਾਲਾ ਐਸ.ਸੀ./ਐਸ.ਟੀ. ਬਿੱਲ ਵੀ ਪਾਸ ਕੀਤਾ ਗਿਆ। ਮਾਨਸੂਨ ਇਜਲਾਸ ਵਿਰੋਧੀ ਧਿਰ ਵੱਲੋਂ ਲਿਆਂਦੇ ਬੇਵਸਾਹੀ ਮਤੇ ਅਤੇ ਰਾਜ ਸਭਾ ਦੇ ਉੱਪ-ਚੇਅਰਮੈਨ ਦੀ ਚੋਣ ਲਈ ਵੀ ਸੁਰਖੀਆਂ 'ਚ ਰਿਹਾ। ਵਿਰੋਧੀ ਧਿਰ ਵੱਲੋਂ ਲਿਆਂਦੇ ਬੇਵਸਾਹੀ ਮਤੇ 'ਚ ਭਾਵੇਂ ਸਰਕਾਰ ਨੂੰ ਜਿੱਤ ਹਾਸਲ ਹੋਈ, ਪਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤੀ 'ਜੱਫੀ' ਵੀ ਚਰਚਾ 'ਚ ਰਹੀ। ਰਾਜ ਸਭਾ ਦੇ ਉਪ-ਚੇਅਰਮੈਨ ਦੀ ਚੋਣ 'ਚ ਵੀ ਵਿਰੋਧੀ ਧਿਰ ਦੇ ਮੁਕਾਬਲੇ ਸਰਕਾਰ ਦਾ ਪੱਲੜਾ ਭਾਰੀ ਰਿਹਾ। ਐਨ.ਡੀ.ਏ. ਦੇ ਉਮੀਦਵਾਰ ਹਰੀਵੰਸ਼ ਨੂੰ ਨਵਾਂ ਉਪ ਚੇਅਰਮੈਨ ਚੁਣਿਆ ਗਿਆ।

ਲੋਕ ਸਭਾ 'ਚ ਪ੍ਰਸ਼ਨ ਕਾਲ ਵਿਚ 84 ਫੀਸਦੀ ਜਦਕਿ ਰਾਜ ਸਭਾ 'ਚ 68 ਫੀਸਦੀ ਸਮੇਂ ਦੀ ਵਰਤੋਂ ਹੋਈ। ਰਾਜ ਸਭਾ 'ਚ 27 ਘੰਟੇ 42 ਮਿੰਟ ਹੰਗਾਮੇ ਦੀ ਭੇਟ ਚੜ੍ਹੇ ਜਦਕਿ ਲੋਕ ਸਭਾ ਵਿਚ ਹੰਗਾਮਿਆਂ ਕਾਰਨ 8 ਘੰਟੇ 26 ਮਿੰਟ ਦਾ ਸਮਾਂ ਬਰਬਾਦ ਹੋਇਆ। ਰਾਜ ਸਭਾ ਸੰਸਦ ਮੈਂਬਰਾਂ ਨੇ 3 ਘੰਟੇ ਅਤੇ ਲੋਕ ਸਭਾ ਦੇ ਸੰਸਦ ਮੈਂਬਰਾਂ ਨੇ 8 ਘੰਟੇ ਵੱਧ ਬੈਠ ਕੇ ਇਸ ਸਮੇਂ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ।

ਹਰੀਵੰਸ਼ ਬਣੇ ਰਾਜ ਸਭਾ ਦੇ ਉਪ ਸਭਾਪਤੀ

ਨਵੀਂ ਦਿੱਲੀ: ਰਾਜ ਸਭਾ ਦੇ ਉਪ ਸਭਾਪਤੀ ਦੇ ਅਹੁਦੇ ਲਈ ਹੋਈ ਵੋਟਿੰਗ 'ਚ ਐਨ.ਡੀ.ਏ. ਦੇ ਉਮੀਦਵਾਰ ਹਰੀਵੰਸ਼ ਨਰਾਇਣ ਸਿੰਘ ਨੇ ਜਿੱਤ ਹਾਸਲ ਕਰ ਲਈ ਹੈ ਜਿਸ ਨਾਲ ਰਾਜ ਸਭਾ ਦੇ ਇਤਿਹਾਸ 'ਚ ਦੂਜੀ ਵਾਰ ਇਹ ਕਮਾਨ ਕਿਸੇ ਗੈਰ ਕਾਂਗਰਸੀ ਉਮੀਦਵਾਰ ਦੇ ਹੱਥ ਆਈ ਹੈ। 'ਹਰੀ' ਬਨਾਮ 'ਹਰੀ' ਦਰਮਿਆਨ ਹੋਏ ਇਸ ਚੋਣ ਮੁਕਾਬਲੇ ਵਿਚ ਐਨ.ਡੀ.ਏ. ਦੇ ਉਮੀਦਵਾਰ ਹਰੀਵੰਸ਼ ਨਰਾਇਣ ਨੂੰ 125 ਵੋਟ ਮਿਲੇ ਜਦ ਕਿ ਵਿਰੋਧੀ ਧਿਰ ਦੇ ਉਮੀਦਵਾਰ ਹਰੀਪ੍ਰਸਾਦ ਨੂੰ 105 ਵੋਟ ਹਾਸਲ ਹੋਏ।

ਐਨ.ਡੀ.ਏ. ਦੀ ਇਸ ਜਿੱਤ 'ਚ ਬਾਗੀ ਸੁਰਾਂ ਵਾਲੇ ਗੱਠਜੋੜ ਭਾਈਵਾਲ ਸ਼ਿਵ ਸੈਨਾ ਦਾ ਸਾਥ ਤਾਂ ਮਿਲਿਆ ਹੀ, ਪਰ ਇਸ 'ਚ ਅਹਿਮ ਭੂਮਿਕਾ ਅੱਨਾ ਡੀ.ਐਮ.ਕੇ. ਅਤੇ ਬੀਜੂ ਜਨਤਾ

ਦਲ ਦੀ ਰਹੀ, ਜਿਸ ਦੀਆਂ 13 ਅਤੇ 9 ਵੋਟਾਂ ਨੇ ਐਨ.ਡੀ.ਏ. ਦੀ ਇਸ 'ਸੰਭਾਵਿਤ' ਜਿੱਤ ਨੂੰ 'ਆਸਾਨ' ਜਿੱਤ 'ਚ ਬਦਲ ਦਿੱਤਾ। ਅੱਨਾ ਡੀ.ਐਮ.ਕੇ. ਅਤੇ ਬੀਜੂ ਜਨਤਾ ਦਲ ਦੀ ਹਮਾਇਤ ਹਾਸਲ ਕਰਨ 'ਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਕੀਤੇ ਟੈਲੀਫੋਨ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫੋਨ ਦੀ ਵੱਡੀ ਭੂਮਿਕਾ ਰਹੀ।

ਦੂਜੇ ਪਾਸੇ 110 ਤੋਂ 114 ਵੋਟ ਹਾਸਲ ਕਰਨ ਦਾ ਦਾਅਵਾ ਕਰਨ ਵਾਲੀ ਯੂ.ਪੀ.ਏ. ਨੂੰ ਸੰਭਾਵਿਤ ਵੋਟਾਂ ਤੋਂ ਘੱਟ ਵੋਟ ਮਿਲਣ 'ਚ 5 ਸੰਸਦ ਮੈਂਬਰਾਂ ਦੀ ਗੈਰਹਾਜ਼ਰੀ ਡੀ.ਐਮ.ਕੇ. ਦੇ 2, ਤ੍ਰਿਣਮੂਲ ਕਾਂਗਰਸ (1) ਤੇ ਵਾਈ. ਆਰ. ਐਸ. ਕਾਂਗਰਸ ਦੇ (2) (ਸੰਸਦ ਮੈਂਬਰਾਂ) ਤੇ ਆਮ ਆਦਮੀ ਪਾਰਟੀ ਦਾ ਵੋਟਿੰਗ 'ਚ ਸ਼ਾਮਲ ਨਾ ਹੋਣ ਨੇ ਆਪਣਾ ਅਸਰ ਵਿਖਾਇਆ। 244 ਮੈਂਬਰੀ ਰਾਜ ਸਭਾ 'ਚ ਜਿੱਤ ਹਾਸਲ ਕਰਨ ਲਈ 123 ਦਾ ਅੰਕੜਾ ਲੋੜੀਂਦਾ ਸੀ ਪਰ ਗੈਰਹਾਜ਼ਰੀ ਕਾਰਨ ਇਹ ਅੰਕੜਾ 119 ਪਹੁੰਚ ਗਿਆ।

ਸ਼ਰੀਫ ਦੇ ਪੁੱਤਰਾਂ ਦੇ ਨਾਂ ਕਾਲੀ ਸੂਚੀ 'ਚ ਸ਼ਾਮਲ

ਇਸਲਾਮਾਬਾਦ: ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤੇ ਗਏ ਨਵਾਜ਼ ਸ਼ਰੀਫ ਦੇ ਪੁੱਤਰਾਂ ਹਸਨ ਅਤੇ ਹੁਸੈਨ ਨੂੰ ਅਧਿਕਾਰੀਆਂ ਨੇ ਕਾਲੀ ਸੂਚੀ 'ਚ ਪਾ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਦੋਹਾਂ ਦੇ ਪਾਕਿਸਤਾਨੀ ਪਾਸਪੋਰਟਾਂ 'ਤੇ ਸਫਰ ਕਰਨ ਖਿਲਾਫ਼ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਲੰਡਨ 'ਚ ਰਹਿੰਦੇ ਸ਼ਰੀਫ ਦੇ ਦੋਵੇਂ ਪੁੱਤਰਾਂ ਨੂੰ ਅਦਾਲਤ ਨੇ ਭਗੌੜਾ ਐਲਾਨਿਆ ਹੋਇਆ ਹੈ। ਉਨ੍ਹਾਂ ਖਿਲਾਫ਼ ਪਿਤਾ ਦੇ ਨਾਲ ਭ੍ਰਿਸ਼ਟਾਚਾਰ ਦੇ ਤਿੰਨ ਕੇਸ ਦਰਜ ਹਨ।

ਭ੍ਰਿਸ਼ਟਾਚਾਰ ਵਿਰੋਧੀ ਕੌਮੀ ਜਵਾਬਦੇਹੀ ਬਿਊਰੋ ਨੇ ਹਸਨ ਤੇ ਹੁਸੈਨ ਦੇ ਨਾਂ ਐਗਜ਼ਿਟ ਕੰਟਰੋਲ ਲਿਸਟ 'ਚ ਰੱਖਣ ਦੀ ਬੇਨਤੀ ਕੀਤੀ ਸੀ ਪਰ ਕੰਮ ਚਲਾਊ ਕੈਬਨਿਟ ਨੇ ਇਸ ਬਾਬਤ ਕੋਈ ਫੈਸਲਾ ਨਹੀਂ ਲਿਆ ਸੀ। ਬਿਊਰੋ ਨੇ ਇਮੀਗਰੇਸ਼ਨ ਅਤੇ ਪਾਸਪੋਰਟ ਡਾਇਰੈਕਟੋਰੇਟ ਕੋਲ ਇਕ ਹੋਰ ਬੇਨਤੀ ਕੀਤੀ ਜਿਸ ਮਗਰੋਂ ਉਨ੍ਹਾਂ ਦੇ ਪਾਸਪੋਰਟ ਬਲਾਕ ਕਰ ਦਿੱਤੇ ਗਏ ਤੇ ਕਾਲੀ ਸੂਚੀ 'ਚ ਪਾ ਦਿੱਤਾ ਗਿਆ।

ਵੇਟਰ, ਡਿਸ਼ ਵਾਸ਼ਰ ਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 262-391-7666

31/3

Elite Real Estate

Gurdip Kaur
Realtor (M.A., B.Ed.)
CA DRE.# 02032641

Berkshire Hathaway Home Services

ਘਰ ਖਰੀਦਣ ਤੇ ਵੇਚਣ ਲਈ ਅਤੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

ਫੋਨ: 916-695-0035

E-mail: realtorgurdip@gmail.com
www.gurdipkaur.bhhser.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

Punjab Times

Established in 2000
19th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

Ph:847-359-0746
Fax:847-705-9388
Email:punjabtimes1@gmail.com
www.punjabtimesusa.com

Editor:
Amolak Singh Jammu
Astt. Editors:
Jaspreet Kaur
Kuljeet Singh

Our Columnists
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

California:
Shiara Dhindsa
Photographer
661-703-6664

Sacramento
Gurbarinder Singh Raja
916-533-2678

Distributed in:
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 100 ਡਾਲਰ
ਪੰਜ ਸਾਲ ਲਈ: 450 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

Disclaimer

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

All disputes subject to Chicago jurisdiction.

ਸਿੱਖ ਕਤਲੇਆਮ ਕੇਸਾਂ ਦੀ ਰੋਜ਼ਾਨਾ ਹੋਵੇਗੀ ਸੁਣਵਾਈ

ਨਵੀਂ ਦਿੱਲੀ: 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਦੀ ਸੁਣਵਾਈ ਹੁਣ ਰੋਜ਼ਾਨਾ ਹੋਵੇਗੀ। ਕਤਲੇਆਮ ਦੇ ਮੁੱਖ ਮੁਲਜ਼ਮ ਤੇ ਕਾਂਗਰਸੀ ਨੇਤਾ ਸੱਜਣ ਕੁਮਾਰ ਸਬੰਧੀ ਕੇਸਾਂ ਦੀ ਸੁਣਵਾਈ 11 ਸਤੰਬਰ ਤੋਂ ਹਰ ਰੋਜ਼ ਕੀਤੀ ਜਾਵੇਗੀ। ਅਦਾਲਤ ਵਿਚ ਪੀੜਤਾਂ ਦੀ ਪੈਰਵੀ ਕਰ ਰਹੇ ਵਕੀਲ ਤੇ ਆਮ ਆਦਮੀ ਪਾਰਟੀ ਦੇ ਦਾਖਾਂ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਦੱਸਿਆ ਕਿ ਸੱਜਣ ਕੁਮਾਰ ਦੇ ਕੇਸ ਨਵੇਂ ਬੈਂਚ ਸਾਹਮਣੇ ਪੇਸ਼ ਕੀਤੇ ਗਏ ਸਨ ਅਤੇ ਜੱਜ ਨੇ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਰੋਜ਼ਾਨਾ ਕੀਤੇ ਜਾਣ ਦਾ ਹੁਕਮ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਸੱਜਣ ਕੁਮਾਰ ਦੇ ਵਕੀਲਾਂ ਨੇ ਜੱਜ ਨੂੰ ਕਿਹਾ ਸੀ ਕਿ ਕੇਸ ਦੀ ਸੁਣਵਾਈ ਦੁਪਹਿਰ ਤੋਂ ਬਾਅਦ ਰੱਖੀ ਜਾਵੇ ਤਾਂ ਜੱਜ ਨੇ ਇਹ ਮੰਗ ਠੁਕਰਾਉਂਦਿਆਂ ਆਉਣ ਵਾਲੀ 11 ਸਤੰਬਰ ਤੋਂ ਰੋਜ਼ਾਨਾ ਸੁਣਵਾਈ ਦੇ ਹੁਕਮ ਦੇ ਦਿੱਤੇ। ਦਿੱਲੀ ਹਾਈ ਕੋਰਟ ਵਿਚ ਹਰ ਰੋਜ਼ ਸਵੇਰੇ ਸਮੇਂ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਹੋਵੇਗੀ।

ਐਨ.ਆਰ.ਆਈ. ਨਹੀਂ ਮੰਗ ਸਕਦੇ ਆਰ. ਟੀ. ਆਈ. ਤਹਿਤ ਸੂਚਨਾ

ਨਵੀਂ ਦਿੱਲੀ: ਕੇਂਦਰੀ ਅਮਲਾ ਰਾਜ ਮੰਤਰੀ ਜੀਤੇਂਦਰ ਸਿੰਘ ਨੇ ਲੋਕ ਸਭਾ ਵਿਚ ਇਕ ਲਿਖਤੀ ਜਵਾਬ ਵਿਚ ਕਿਹਾ ਕਿ ਸੂਚਨਾ ਅਧਿਕਾਰ (ਆਰ.ਟੀ.ਆਈ.) ਕਾਨੂੰਨ ਤਹਿਤ ਪਰਵਾਸੀ ਭਾਰਤੀਆਂ ਨੂੰ ਕੇਂਦਰੀ ਵਿਭਾਗਾਂ ਤੋਂ ਸਰਕਾਰ ਨਾਲ ਸਬੰਧਤ ਜਾਣਕਾਰੀ ਮੰਗਣ ਦਾ ਹੱਕ ਨਹੀਂ ਹੈ।

ਕੇਜਰੀਵਾਲ ਅਤੇ ਸਿਸੋਦੀਆ ਸਣੇ 11 ਵਿਧਾਇਕਾਂ ਖਿਲਾਫ ਦੋਸ਼ ਪੱਤਰ ਦਾਇਰ

ਨਵੀਂ ਦਿੱਲੀ: ਦਿੱਲੀ ਸਰਕਾਰ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਨਾਲ ਮੁੱਖ ਮੰਤਰੀ ਰਿਹਾਇਸ਼ ਉਤੇ ਕੁੱਟਮਾਰ ਦੇ ਮਾਮਲੇ 'ਚ ਦਿੱਲੀ ਪੁਲਿਸ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਖਿਲਾਫ ਦੋਸ਼ ਪੱਤਰ ਦਾਖਲ ਕਰ ਦਿੱਤਾ ਹੈ।

ਦੋਸ਼ ਪੱਤਰ ਦਾਖਲ ਹੋਣ ਉਪਰੰਤ ਕੇਜਰੀਵਾਲ ਤੇ ਸਿਸੋਦੀਆ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪਟਿਆਲਾ ਹਾਊਸ ਕੋਰਟ 'ਚ ਦਾਖਲ ਕੀਤੇ ਇਸ ਦੋਸ਼ ਪੱਤਰ 'ਚ ਕੇਜਰੀਵਾਲ ਤੇ ਸਿਸੋਦੀਆ ਤੋਂ ਇਲਾਵਾ 11 ਵਿਧਾਇਕਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਕੁੱਟਮਾਰ ਤੇ ਬਦਸਲੂਕੀ ਦੇ ਇਸ ਮਾਮਲੇ 'ਚ ਦਿੱਲੀ ਪੁਲਿਸ ਨੇ ਕੁੱਲ 13 ਵਿਅਕਤੀਆਂ ਖਿਲਾਫ ਦੋਸ਼ ਪੱਤਰ ਦਾਖਲ ਕੀਤਾ ਹੈ। ਦਿੱਲੀ ਪੁਲਿਸ ਨੇ ਪਟਿਆਲਾ ਹਾਊਸ ਕੋਰਟ ਨੰਬਰ-16 'ਚ ਸੀਲਬੰਦ ਲਿਫਾਫੇ 'ਚ 1533 ਪੰਨਿਆਂ ਦਾ ਦੋਸ਼ ਪੱਤਰ ਦਾਖਲ ਕੀਤਾ ਹੈ।

ਜਾਣਕਾਰੀ ਮੁਤਾਬਕ ਪੁਲਿਸ ਨੇ ਕਈ ਵਿਅਕਤੀਆਂ ਦੇ ਬਿਆਨ ਅਤੇ ਸਬੂਤਾਂ ਦੇ ਆਧਾਰ 'ਤੇ ਦੋਸ਼ ਪੱਤਰ ਤਿਆਰ ਕੀਤਾ ਹੈ ਅਤੇ ਇਸ ਪੂਰੇ ਮਾਮਲੇ 'ਚ ਕੇਜਰੀਵਾਲ ਦੇ ਸਾਬਕਾ ਸਲਾਹਕਾਰ ਵੀ.ਕੇ. ਜੈਨ ਨੂੰ ਮੁੱਖ ਸਰਕਾਰੀ ਗਵਾਹ ਬਣਾਇਆ ਹੈ।

ਦੱਸਣਯੋਗ ਹੈ ਕਿ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਕਰਨ ਦੇ ਦੋਸ਼ 'ਚ ਆਮ ਆਦਮੀ ਪਾਰਟੀ ਦੇ 2 ਵਿਧਾਇਕ ਪ੍ਰਕਾਸ਼ ਜਰਵਾਲ ਅਤੇ ਅਮਾਨਤੁੱਲਾਹ ਖਾਨ ਜੇਲ੍ਹ ਵੀ ਗਏ ਸਨ, ਜਿਨ੍ਹਾਂ ਨੂੰ ਹੁਣ ਅਦਾਲਤ ਤੋਂ ਜ਼ਮਾਨਤ ਮਿਲੀ ਹੋਈ ਹੈ। ਇਸ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ ਕੇਜਰੀਵਾਲ ਅਤੇ ਸਿਸੋਦੀਆ ਪਾਸੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ।

ਸ਼ਹਿਬਾਜ਼ ਤੇ ਬਿਲਾਵਲ ਸਣੇ 2870 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ

ਇਸਲਾਮਾਬਾਦ: ਮੀਡੀਆ ਰਿਪੋਰਟਾਂ ਅਨੁਸਾਰ ਪੀ.ਐਮ.ਐਲ.-ਐਨ ਮੁਖੀ ਸ਼ਹਿਬਾਜ਼ ਸ਼ਰੀਫ ਤੇ ਪੀ.ਪੀ.ਪੀ. ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਉਨ੍ਹਾਂ ਉਮੀਦਵਾਰਾਂ 'ਚ ਸ਼ਾਮਲ ਹਨ ਜੋ ਆਪਣੇ ਹਲਕਿਆਂ 'ਚ 25 ਜੁਲਾਈ ਨੂੰ ਹੋਈਆਂ ਚੋਣਾਂ ਦੌਰਾਨ ਕੁੱਲ ਵੋਟਾਂ ਦਾ 25 ਫੀਸਦੀ ਹਾਸਲ ਨਹੀਂ ਕਰ ਸਕੇ, ਜਿਸ ਕਾਰਨ ਇਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਜ਼ਿਕਰਯੋਗ ਹੈ ਕਿ 272 ਸੀਟਾਂ 'ਤੇ ਹੋਈਆਂ ਚੋਣਾਂ ਵਿਚ ਵੱਖ-ਵੱਖ ਪਾਰਟੀਆਂ ਦੇ 3355 ਉਮੀਦਵਾਰਾਂ ਨੇ ਹਿੱਸਾ ਲਿਆ।

ਚੋਣਾਂ ਵਿਚ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ 116 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ। 3355 ਉਮੀਦਵਾਰਾਂ 'ਚੋਂ 85 ਫੀਸਦੀ ਉਮੀਦਵਾਰਾਂ ਵਿਚੋਂ 2879 ਉਮੀਦਵਾਰ ਜਿਨ੍ਹਾਂ 'ਚ 10 ਪਾਰਟੀਆਂ ਦੇ ਮੁਖੀ ਵੀ ਸ਼ਾਮਲ ਹਨ, ਆਪਣੇ ਹਲਕਿਆਂ 'ਚੋਂ ਕੁੱਲ ਵੋਟਾਂ ਦੀਆਂ 25 ਫੀਸਦੀ ਵੋਟਾਂ ਵੀ ਹਾਸਲ ਨਹੀਂ ਕਰ ਸਕੇ ਜਿਸ ਕਾਰਨ ਉਨ੍ਹਾਂ ਵੱਲੋਂ ਜਮ੍ਹਾਂ ਕਰਵਾਈ ਜ਼ਮਾਨਤ ਰਾਸ਼ੀ ਜ਼ਬਤ ਕਰ ਲਈ ਜਾਵੇਗੀ।

ਜ਼ਿਕਰਯੋਗ ਹੈ ਕਿ ਪਾਕਿਸਤਾਨ 'ਚ ਨੈਸ਼ਨਲ ਅਸੰਬਲੀ ਦੀ ਚੋਣ ਲੜਨ ਲਈ ਉਮੀਦਵਾਰ ਨੂੰ 30 ਹਜ਼ਾਰ ਰੁਪਏ ਨਾਮਜ਼ਦਗੀ ਫੀਸ ਵਜੋਂ ਜਮ੍ਹਾਂ ਕਰਵਾਉਣੇ ਪੈਂਦੇ ਹਨ। ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਸ਼ਹਿਬਾਜ਼ ਸ਼ਰੀਫ ਨੂੰ ਆਪਣੇ ਹਲਕੇ ਸਵਾਤ (ਐਨ.ਏ.-3) 'ਚੋਂ ਕੁੱਲ 161872 ਵੋਟਾਂ 'ਚੋਂ ਸਿਰਫ 22766 ਵੋਟਾਂ ਹੀ ਹਾਸਲ ਹੋਈਆਂ ਜਦੋਂ ਕਿ ਬਿਲਾਵਲ ਭੁੱਟੋ ਨੂੰ ਆਪਣੇ ਹਲਕੇ ਐਨ.ਏ.-8 ਤੋਂ ਕੁੱਲ 186429 'ਚੋਂ 43724 ਵੋਟਾਂ ਹਾਸਲ ਹੋਈਆਂ।

ਮੇਹੁਲ ਚੌਕਸੀ ਦੀ ਹਵਾਲਗੀ ਬਾਰੇ ਭਾਰਤ ਨੂੰ ਕੋਰਾ ਜਵਾਬ

ਚੰਡੀਗੜ੍ਹ: ਸਾਢੇ ਚੌਦਾਂ ਹਜ਼ਾਰ ਕਰੋੜ ਰੁਪਏ ਦੇ ਘੁਟਾਲੇ ਦਾ ਮਾਸਟਰਮਾਈਂਡ ਮੇਹੁਲ ਚੌਕਸੀ ਹੁਣ ਭਾਰਤ ਵਾਪਸ ਨਹੀਂ ਆਏਗਾ। ਐਂਟੀਗੁਆ ਸਰਕਾਰ ਨੇ ਉਸ ਨੂੰ ਭਾਰਤ ਭੇਜਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਐਂਟੀਗੁਆ ਸਰਕਾਰ ਨੇ ਜੋ ਸਵਾਲ ਕੀਤੇ ਸਨ, ਭਾਰਤ ਸਰਕਾਰ ਉਨ੍ਹਾਂ ਦੇ ਜਵਾਬ ਨਹੀਂ ਭੇਜ ਸੀ। ਇਥੋਂ ਤੱਕ ਕਿ ਚੌਕਸੀ ਖਿਲਾਫ ਇੰਟਰਪੋਲ ਰੈੱਡ ਕਾਰਨਰ ਨੋਟਿਸ ਵੀ ਜਾਰੀ ਨਹੀਂ ਕੀਤਾ ਗਿਆ। ਭਾਰਤ ਸਰਕਾਰ ਨੇ ਚੌਕਸੀ ਸਬੰਧੀ ਐਂਟੀਗੁਆ ਪ੍ਰਸ਼ਾਸਨ ਨੂੰ 3 ਅਪੀਲਾਂ ਕੀਤੀਆਂ ਸਨ। ਇਨ੍ਹਾਂ ਵਿਚ ਕਿਹਾ ਗਿਆ ਸੀ ਕਿ ਚੌਕਸੀ ਨੂੰ ਅਧਿਕਾਰਤ ਤੌਰ 'ਤੇ ਗ੍ਰਿਫਤਾਰ ਕੀਤਾ ਜਾਏ। ਉਸ ਦਾ ਪਾਸਪੋਰਟ ਰੱਦ ਕਰ ਕੇ ਉਸ ਨੂੰ ਭਾਰਤ ਹਵਾਲੇ ਕੀਤਾ ਜਾਏ। ਇਸ ਸਬੰਧੀ ਐਂਟੀਗੁਆ ਪ੍ਰਸ਼ਾਸਨ ਨੇ ਭਾਰਤ ਦੀਆਂ ਤਿੰਨੇ ਅਪੀਲਾਂ ਨੂੰ ਨਕਾਰ ਦਿੱਤਾ ਹੈ।

ਭਾਰਤ ਨੂੰ ਦਿੱਤੇ ਜਵਾਬ ਵਿਚ ਐਂਟੀਗੁਆ ਪ੍ਰਸ਼ਾਸਨ ਨੇ ਸਾਫ ਤੌਰ 'ਤੇ ਕਿਹਾ ਹੈ ਕਿ ਚੌਕਸੀ ਨੂੰ ਐਂਟੀਗੁਆ ਦੇ ਪ੍ਰਬੰਧਾਂ ਮੁਤਾਬਕ ਨਾਗਰਿਕਤਾ ਦਿੱਤੀ ਗਈ ਹੈ। ਇਸ ਲਈ ਐਂਟੀਗੁਆ ਦਾ ਕਾਨੂੰਨ ਉਸ ਦੀ ਹਿਫਾਜ਼ਤ ਕਰੇਗਾ ਜਿਸ ਤਹਿਤ ਉਸ ਦੀ ਹਵਾਲਗੀ ਨਹੀਂ ਹੋ ਸਕਦੀ। ਭਾਰਤ ਨਾਲ ਐਂਟੀਗੁਆ ਦੀ ਕੋਈ ਸਿੱਧੀ ਹਵਾਲਗੀ ਸੰਧੀ ਨਹੀਂ ਹੋਈ ਹੈ। ਐਂਟੀਗੁਆ ਰਾਸ਼ਟਰਮੰਡਲ ਦੇਸ਼ਾਂ ਦੇ ਨਿਯਮ ਤਹਿਤ ਉਹ ਭਾਰਤ ਦਾ ਦਾਅਵਾ ਨਹੀਂ ਮੰਨ ਸਕਦਾ।

ਕੌਮਾਂਤਰੀ ਅਥਲੀਟ ਹਾਕਮ ਸਿੰਘ ਭੱਠਲ ਦਾ ਦੇਹਾਂਤ

ਧਨੌਲਾ: ਕੌਮਾਂਤਰੀ ਪੱਧਰ 'ਤੇ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਅਥਲੀਟ ਹਾਕਮ ਸਿੰਘ ਭੱਠਲ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ। ਹਾਕਮ ਸਿੰਘ ਨੇ ਸੰਗਰੂਰ ਦੇ ਇਕ ਨਿੱਜੀ ਹਸਪਤਾਲ 'ਚ ਆਖਰੀ ਸਾਹ ਲਏ। ਭੱਠਲਾਂ 'ਚ ਉਨ੍ਹਾਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ।

ਪਿੰਡ ਭੱਠਲਾਂ ਦੇ ਵਸਨੀਕ ਹਾਕਮ ਸਿੰਘ ਨੇ ਫੌਜ 'ਚ ਹੌਲਦਾਰ ਹੁੰਦਿਆਂ 1978 ਵਿਚ ਬੈਂਕਾਕ ਏਸ਼ਿਆਈ ਖੇਡਾਂ 'ਚ 20 ਕਿਲੋਮੀਟਰ ਪੈਦਲ ਚਾਲ 'ਚ ਸੋਨੇ ਦਾ ਤਗਮਾ ਜਿੱਤਿਆ ਸੀ। ਇਸ ਤੋਂ ਅਗਲੇ ਸਾਲ ਏਸ਼ੀਅਨ ਟਰੈਕ ਐਂਡ ਫੀਲਡ ਚੈਂਪੀਅਨਸ਼ਿਪ 'ਚ ਵੀ ਸੋਨ ਤਗਮਾ ਜਿੱਤਿਆ ਸੀ। 1981 ਵਿਚ ਹੋਏ ਸੜਕ ਹਾਦਸੇ ਮਗਰੋਂ ਉਨ੍ਹਾਂ ਨੂੰ ਆਪਣੀ ਖੇਡ ਛੱਡਣੀ ਪਈ ਤੇ 1987 'ਚ ਉਨ੍ਹਾਂ ਫੌਜ ਵਿਚੋਂ ਸੇਵਾ ਮੁਕਤੀ ਲੈ ਲਈ। ਉਨ੍ਹਾਂ ਨੂੰ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੱਲੋਂ ਧਿਆਨ ਚੰਦ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ।

ਸਾਬਕਾ ਲੋਕ ਸਭਾ ਸਪੀਕਰ ਸੋਮਨਾਥ ਚੈਟਰਜੀ ਦਾ ਦੇਹਾਂਤ

ਕੋਲਕਾਤਾ: ਕਮਿਊਨਿਸਟ ਨੇਤਾ ਤੇ ਲੋਕ ਸਭਾ ਦੇ ਸਾਬਕਾ ਸਪੀਕਰ ਸੋਮਨਾਥ ਚੈਟਰਜੀ ਦਾ ਕੋਲਕਾਤਾ ਦੇ ਇਕ ਨਿੱਜੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਬਹੁਤੇ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਉਹ 89 ਵਰ੍ਹਿਆਂ ਦੇ ਸਨ ਅਤੇ ਆਪਣੇ ਪਿੱਛੇ ਪਤਨੀ, ਇਕ ਪੁੱਤਰ ਤੇ ਦੋ ਧੀਆਂ ਛੱਡ ਗਏ ਹਨ।

ਚੈਟਰਜੀ ਗੁਰਦੇ ਨਾਲ ਸਬੰਧਤ ਬਿਮਾਰੀ ਤੋਂ ਪੀੜਤ ਸਨ ਅਤੇ ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੇ ਬਹੁਤੇ ਅੰਗ ਜਵਾਬ ਦੇ ਗਏ ਸਨ। ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨੇ ਰਾਜਨੀਤੀ ਤੋਂ ਉਪਰ ਉਠ ਕੇ ਚੈਟਰਜੀ ਦੀ ਮੌਤ ਉਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਪ੍ਰਮੁੱਖ ਸੰਸਦ ਮੈਂਬਰ ਆਖਿਆਂ ਜਿਨ੍ਹਾਂ ਨੇ ਭਾਰਤੀ ਰਾਜਨੀਤੀ ਨੂੰ ਅਮੀਰ ਬਣਾਇਆ।

ਵਿਦੇਸ਼ੀ ਸਿੱਖਾਂ ਤੱਕ ਹੀ ਸੀਮਤ ਰਹੀ 'ਰਿਫਰੈਂਡਮ 2020' ਰੈਲੀ

(ਸਫਾ ਇਕ ਦੀ ਬਾਕੀ)

ਸਿੱਖਾਂ ਨੂੰ ਮਾਨਤਾ ਨਹੀਂ ਦਿੱਤੀ ਅਤੇ ਸਿੱਖਾਂ ਨੂੰ ਹਿੰਦੂ ਦੱਸਿਆ ਗਿਆ ਹੈ। ਇਸ ਕਰ ਕੇ ਰਿਫਰੈਂਡਮ ਪਿਛੋਂ ਪੰਜਾਬ ਦੀ ਆਜ਼ਾਦੀ ਦਾ ਮਾਮਲਾ ਯੂ.ਐਨ.ਓ. ਕੋਲ ਉਠਾਇਆ ਜਾਵੇਗਾ। ਤੀਜੇ ਮਤੇ ਵਿਚ ਕਿਹਾ ਗਿਆ ਕਿ ਯੂ.ਐਨ.ਓ. ਵਿਚ ਪੰਜਾਬ ਦੀ ਆਜ਼ਾਦੀ ਲਈ ਦਾਅਵਾ ਪੇਸ਼ ਕਰਨ ਤੋਂ ਬਾਅਦ ਆਜ਼ਾਦੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਦੱਸ ਦਈਏ ਕਿ ਰਿਫਰੈਂਡਮ 2020 ਦੀ ਰੂਪ ਰੇਖਾ ਬਾਰੇ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਨੇ ਸਵਾਲ ਚੁੱਕੇ ਸਨ। ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਹਰਪਾਲ ਸਿੰਘ ਚੀਮਾ ਤੇ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਸ ਫਾਰ ਜਸਟਿਸ ਨੂੰ ਪੱਤਰ ਭੇਜ ਕੇ ਰਿਫਰੈਂਡਮ 2020 ਬਾਰੇ ਸਪਸ਼ਟਤਾ ਦੀ ਮੰਗ ਕੀਤੀ ਸੀ, ਪਰ ਕੋਈ ਜਵਾਬ ਨਹੀਂ ਮਿਲਿਆ। ਹੁਣ ਸਭ ਦੀਆਂ ਨਜ਼ਰਾਂ 12 ਅਗਸਤ ਦੀ ਰੈਲੀ ਉਤੇ ਸਨ ਪਰ ਇਸ ਵਿਚ ਵੀ ਇਹ ਸ਼ੰਕੇ ਦੂਰ ਕਰਨ ਦੀ ਥਾਂ ਖਾਲਿਸਤਾਨ ਦੇ ਨਾਅਰਿਆਂ ਨਾਲ ਹੀ ਕੰਮ ਸਾਰ ਦਿੱਤਾ ਗਿਆ। ਹੁਣ ਸਵਾਲ ਉਠ ਰਹੇ ਹਨ ਕਿ 'ਪੰਜਾਬ ਰਿਫਰੈਂਡਮ 2020' ਤੋਂ ਜੇ ਪੰਜਾਬ ਦੇ ਲੋਕ ਹੀ ਕਿਨਾਰਾ ਕਰ ਗਏ ਹਨ ਤਾਂ ਇਸ ਰਾਇਸ਼ੁਮਾਰੀ (ਰਿਫਰੈਂਡਮ) ਦੀ ਕੀ ਤੁਕ ਬਣਦੀ ਹੈ।

ਉਧਰ, ਰਿਫਰੈਂਡਮ-2020 ਦਾ ਵਿਰੋਧ ਕਰਦਿਆਂ ਫਾਂਸੀ ਦੀ ਸਜ਼ਾਯਾਫਤਾ ਬਲਵੰਤ ਸਿੰਘ ਰਾਜੋਆਣਾ ਨੇ ਆਖ ਦਿੱਤਾ ਹੈ ਕਿ ਖਾਲਿਸਤਾਨ ਦਾ ਸੰਘਰਸ਼ ਹਵਾ ਵਿਚ ਹੀ ਲੜਿਆ ਜਾ ਰਿਹਾ ਹੈ। ਉਨ੍ਹਾਂ ਦਾ ਤਰਕ ਸੀ ਕਿ ਅਖੌਤੀ ਖਾਲਿਸਤਾਨੀਆਂ ਦਾ ਮੁੱਖ ਮਨੋਰਥ ਸਿੱਖ ਪੰਥ ਦੀ ਵੋਟ ਸ਼ਕਤੀ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਮਜ਼ੋਰ ਕਰ ਕੇ ਪੰਥ ਵਿਰੋਧੀ ਸ਼ਕਤੀ ਕਾਂਗਰਸ ਨੂੰ ਮਜ਼ਬੂਤ ਕਰਨਾ ਹੈ। 1991 ਵਿਚ ਜਦੋਂ ਕੁਝ ਘੰਟੇ ਪਹਿਲਾਂ ਹੀ ਵਿਧਾਨ ਸਭਾ ਦੀ ਚੋਣ ਮੁਲਤਵੀ ਹੋ ਗਈ ਸੀ ਤਾਂ ਇਸ ਦੌਰਾਨ ਇਨ੍ਹਾਂ ਹੀ ਅਖੌਤੀ ਖਾਲਿਸਤਾਨੀਆਂ ਨੇ ਅਕਾਲੀ ਦਲ ਦੇ 28 ਉਮੀਦਵਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ, ਜਦਕਿ 1992 'ਚ ਅਕਾਲੀ ਦਲ ਦੇ ਬਾਈਕਾਟ ਕਰਨ ਸਮੇਤ ਕਾਂਗਰਸ ਦੇ ਕਿਸੇ ਵੀ ਉਮੀਦਵਾਰ ਦਾ ਵਾਲ ਤੱਕ ਵੀ ਵਿੰਗਾ ਨਹੀਂ ਸੀ ਹੋਇਆ।

ਜੇ.ਐਨ.ਯੂ. ਵਿਦਿਆਰਥੀ ਉਮਰ ਖਾਲਿਦ 'ਤੇ ਹਮਲਾ

ਨਵੀਂ ਦਿੱਲੀ: ਸੰਸਦ ਭਵਨ ਦੇ ਨੇੜੇ ਬੇਹੱਦ ਸੁਰੱਖਿਆ ਵਾਲੇ ਇਲਾਕੇ 'ਚ ਸਥਿਤ ਕਾਂਸਟੀਚਿਊਸ਼ਨਲ ਕਲੱਬ ਦੇ ਬਾਹਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੇ ਵਿਦਿਆਰਥੀ ਉਮਰ ਖਾਲਿਦ 'ਤੇ ਫਾਇਰਿੰਗ ਕੀਤੀ ਗਈ। ਹਾਲਾਂਕਿ ਇਸ ਘਟਨਾ 'ਚ ਖਾਲਿਦ ਸਮੇਤ ਕਿਸੇ ਨੂੰ ਵੀ ਗੋਲੀ ਨਹੀਂ ਲੱਗੀ ਹੈ। ਗੋਲੀ ਚਲਾਉਣ ਉਪਰੰਤ ਹਮਲਾਵਰ ਦੇ ਹੱਥਾਂ 'ਚੋਂ ਪਿਸਤੌਲ ਡਿੱਗ ਪਿਆ ਅਤੇ ਉਹ ਫਰਾਰ ਹੋ ਗਿਆ। ਦਿੱਲੀ ਪੁਲਿਸ ਨੇ ਪਿਸਤੌਲ ਬਰਾਮਦ ਕਰ ਲਿਆ ਹੈ।

15 ਅਗਸਤ

ਸਭ ਤੋਂ ਵੱਧ ਅਰਬਪਤੀਆਂ ਵਾਲੇ ਦੇਸ਼ ਬਣੇ ਅਮਰੀਕਾ ਤੇ ਕੈਨੇਡਾ

ਨਿਊ ਯਾਰਕ: ਨਾਈਟ ਫਰੈਂਕ ਐਲ. ਐਲ. ਪੀ. ਏਜੰਸੀ ਦੀ ਹਾਲੀਆ ਰਿਪੋਰਟ ਮੁਤਾਬਕ 50 ਕਰੋੜ ਡਾਲਰ ਦੀ ਜਾਇਦਾਦ ਵਾਲੇ ਜ਼ਿਆਦਾਤਰ ਲੋਕ ਅਮਰੀਕੀ ਮਹਾਂਦੀਪ ਵਿਚ ਰਹਿੰਦੇ ਹਨ। ਇਨ੍ਹਾਂ ਵਿਚੋਂ ਵੀ ਸਭ ਤੋਂ ਜ਼ਿਆਦਾ ਲੋਕ (31.8 ਫੀਸਦੀ) ਅਮਰੀਕਾ ਤੇ ਕੈਨੇਡਾ ਵਿਚ ਹਨ। ਇਸ ਤੋਂ ਬਾਅਦ ਏਸ਼ੀਆ (28.1 ਫੀਸਦੀ) ਦਾ ਨੰਬਰ ਆਉਂਦਾ ਹੈ। ਯੂਰਪ (25.4 ਫੀਸਦੀ) ਏਸ਼ੀਆ ਤੋਂ ਇਕ ਕਦਮ ਪਿੱਛੇ ਹੈ। ਬਾਕੀ ਬਚੇ 15 ਫੀਸਦੀ ਮੱਧ ਏਸ਼ੀਆ, ਆਸਟਰੇਲੀਆ, ਰੂਸ, ਸੀ.ਆਈ.ਐਸ., ਲੈਟਿਨ ਅਮਰੀਕਾ ਤੇ ਅਫਰੀਕਾ ਵਿਚ ਹਨ।

ਰਿਪੋਰਟ ਬਣਾਉਣ ਲਈ ਏਜੰਸੀ ਨੇ ਵੈਲਥ ਐਕਸ ਨਾਂ ਦੀ ਕੌਮਾਂਤਰੀ ਡੇਟਾ ਕੰਪਨੀ ਤੋਂ ਜਾਣਕਾਰੀ ਲਈ ਹੈ ਜੋ ਕਈ ਲਗਜ਼ਰੀ ਬਰਾਂਡ, ਤੇ ਸਿੱਖਿਅਕ ਸੰਸਥਾਵਾਂ ਨਾਲ ਕੰਮ ਕਰਦੀ ਹੈ। ਇਸ ਤੋਂ ਇਲਾਵਾ ਰਿਪੋਰਟ ਲਈ 500 ਵੱਡੇ ਬੈਂਕਾਂ ਉਤੇ ਹੋਏ ਸਰਵੇਖਣ ਤੋਂ ਵੀ ਜਾਣਕਾਰੀ ਇਕੱਠੀ ਕੀਤੀ ਗਈ ਜੋ ਦੁਨੀਆਂ ਦੇ 50 ਹਜ਼ਾਰ ਲੋਕਾਂ ਨਾਲ ਕੰਮ ਕਰਦੇ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ 3 ਅਰਬ ਡਾਲਰ ਹੈ। ਨਾਈਟ ਫਰੈਕ ਐਲ. ਐਲ. ਪੀ. ਦੀ ਸੂਚੀ 'ਚ 2,208 ਲੋਕ ਹਨ, ਜਿਨ੍ਹਾਂ ਦੀ ਜਾਇਦਾਦ 100 ਕਰੋੜ ਡਾਲਰ ਹੈ ਤੇ ਉਨ੍ਹਾਂ ਨੂੰ ਫੋਬਰਜ਼ 2018 'ਚ ਵੀ ਸ਼ਾਮਲ ਕੀਤਾ ਗਿਆ ਹੈ।

ਰਿਪੋਰਟ ਮੁਤਾਬਕ ਅਮਰੀਕਾ, ਚੀਨ, ਜਰਮਨੀ, ਜਪਾਨ, ਹਾਂਗਕਾਂਗ, ਕੈਨੇਡਾ, ਸਵਿਟਜ਼ਰਲੈਂਡ, ਫਰਾਂਸ, ਰੂਸ, ਸੀ.ਆਈ.ਐਸ. ਤੇ ਯੂਕੇ ਦੁਨੀਆਂ ਦੇ ਟੌਪ 10 ਅਰਬਪਤੀ ਦੇਸ਼ ਹਨ। ਹਾਲਾਂਕਿ ਅਮਰੀਕਾ ਤੇ ਦੂਜੇ ਸਥਾਨ ਉਤੇ ਚੀਨ ਦੇ ਅਰਬਪਤੀਆਂ ਦੀ ਗਿਣਤੀ ਵਿਚ ਕਾਫੀ ਅੰਤਰ ਹੈ। ਅਮਰੀਕਾ ਵਿਚ ਚੀਨ ਦੇ ਮੁਕਾਬਲੇ 1340 ਅਰਬਪਤੀ ਵਧੇਰੇ ਹਨ। ਅਮਰੀਕਾ ਵਿਚ ਅਰਬਪਤੀਆਂ ਦੀ ਗਿਣਤੀ 1,830 ਹੈ। ਇਸ ਲਿਸਟ ਵਿਚ ਭਾਰਤ ਵੀ 200 ਅਰਬਪਤੀਆਂ ਨਾਲ 11ਵੇਂ ਸਥਾਨ ਉਤੇ ਹੈ। ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਭਾਰਤ ਦੇ ਸਭ ਤੋਂ ਅਮੀਰ ਆਦਮੀ ਹਨ। ਸਾਲ 2016 ਤੋਂ 2017 ਤੱਕ, ਹਾਂਗਕਾਂਗ ਵਿਚ ਅਰਬਪਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ (23 ਫੀਸਦੀ) ਵਧੀ। ਇਸ ਦੇ ਨਾਲ ਹੀ ਬ੍ਰਿਟੇਨ ਵਿਚ 4 ਫੀਸਦੀ ਅਰਬਪਤੀ ਘੱਟ ਵੀ ਹੋਏ। 2016 ਅਤੇ 2017 ਵਿਚਕਾਰ, ਭਾਰਤ ਵਿਚ 18 ਫੀਸਦੀ ਅਰਬਪਤੀ ਵਧੇ ਹਨ।

ਇੰਡੋਨੇਸ਼ੀਆ: ਭੂਚਾਲ ਨਾਲ ਮੌਤਾਂ ਦੀ ਗਿਣਤੀ 300 ਤੋਂ ਟੱਪੀ

ਮਟਾਰਮ: ਇੰਡੋਨੇਸ਼ੀਆਈ ਟਾਪੂ ਲੋਮਬੋਕ 'ਚ 6.9 ਦੀ ਤੀਬਰਤਾ ਨਾਲ ਆਏ ਜ਼ੋਰਦਾਰ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 319 ਤੱਕ ਅੱਪੜ ਗਈ ਹੈ ਅਤੇ ਇਸ ਕੁਦਰਤੀ ਆਫਤ ਦੀ ਬੁਰੀ ਤਰ੍ਹਾਂ ਲਪੇਟ 'ਚ ਆਏ ਹਜ਼ਾਰਾਂ ਲੋਕ ਅਜੇ ਵੀ ਰਾਹਤ ਦੀ ਉਡੀਕ ਵਿਚ ਹਨ।

ਭੂਚਾਲ ਕਾਰਨ ਲੋਮਬੋਕ ਦੇ ਹਜ਼ਾਰਾਂ ਘਰਾਂ, ਮਸਜਿਦਾਂ ਤੇ ਕਾਰੋਬਾਰੀ ਸਥਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇੰਡੋਨੇਸ਼ੀਆ ਦੇ ਮੁੱਖ ਸੁਰੱਖਿਆ ਮੰਤਰੀ ਵਿਰਾਨਟੋ ਨੇ ਦੱਸਿਆ ਕਿ ਹੁਣ ਤੱਕ 319 ਲੋਕਾਂ ਦੀ ਮੌਤ ਹੋਣ ਤੇ ਕਰੀਬ 1,400 ਦੇ ਗੰਭੀਰ ਜਖ਼ਮੀ ਹੋਣ ਦੀ ਪੁਸ਼ਟੀ ਹੋਈ ਹੈ। 1,50,000 ਤੋਂ ਵੱਧ ਲੋਕ ਬੇਘਰ ਹੋ ਗਏ ਹਨ ਤੇ ਪ੍ਰਸ਼ਾਸਨ ਵੱਲੋਂ ਬਚਾਅ ਕਾਰਜ ਜਾਰੀ ਹਨ।

ਡੀ.ਸੀ. ਨੂੰ ਧਮਕਾਉਣ ਦੇ ਮਾਮਲੇ 'ਚ ਕਸੂਤੇ ਘਿਰੇ ਵਲਟੋਹਾ

ਤਰਨ ਤਾਰਨ: ਅਦਾਲਤ ਨੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਖਿਲਾਫ ਜੂਨ 2017 'ਚ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਡੀ.ਪੀ.ਐਸ. ਖਰਬੰਦਾ ਨੂੰ ਧਮਕਾਉਣ ਦੇ ਮਾਮਲੇ 'ਚ ਦੋਸ਼ ਪੱਤਰ ਦਾਇਰ ਕੀਤਾ ਹੈ। ਖਰਬੰਦਾ ਮੌਜੂਦਾ ਸਮੇਂ ਪੰਜਾਬ ਇੰਡਸਟਰੀਜ਼ ਤੇ ਕਾਮਰਸ ਦੇ ਡਾਇਰੈਕਟਰ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਤੇਜ ਪ੍ਰੀਤ ਸਿੰਘ ਪੀਰ ਸੰਧੂ ਨੇ ਇਸ ਮਾਮਲੇ ਦੀ ਵੀਡੀਓ ਵਾਇਰ ਹੋਣ ਤੋਂ ਬਾਅਦ ਇਸ ਦੀ ਪਹਿਲਾਂ ਹੀ ਸ਼ਿਕਾਇਤ ਦਰਜ ਕਰਵਾਈ ਸੀ। ਤਰਨ ਤਾਰਨ ਪੁਲਿਸ ਨੇ ਸਰਕਾਰੀ ਅਧਿਕਾਰੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ 'ਚ ਧਾਰਾ 189 ਤਹਿਤ ਵਲਟੋਹਾ ਉਤੇ ਮਾਮਲਾ ਦਰਜ ਕੀਤਾ ਸੀ।

ਵਾਇਰ ਹੋਏ ਵੀਡੀਓ 'ਚ ਵਲਟੋਹਾ ਇਹ ਕਹਿੰਦੇ ਨਜ਼ਰ ਆਉਂਦੇ ਹਨ ਕਿ ਡੀ.ਸੀ. ਦਫਤਰ ਦੇ ਬਾਹਰ ਧਰਨਾ ਦੇ ਰਹੇ ਪਾਰਟੀ ਵਰਕਰਾਂ ਨੂੰ ਪਰੇਸ਼ਾਨ ਕਰਨਾ ਬੰਦ ਕਰੇ ਨਹੀਂ ਤਾਂ ਤਰਨ ਤਾਰਨ ਦੇ ਡੀ.ਸੀ. ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਨੇ ਕਿਹਾ ਸੀ ਕਿ ਅਫਸਰ ਕਾਂਗਰਸ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਾਨੂੰ ਪਰੇਸ਼ਾਨ ਕਰ ਰਹੇ ਹਨ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਨਾਲ ਕਿਵੇਂ ਨਜਿੱਠਣਾ ਹੈ। ਸ਼ਿਕਾਇਤਕਰਤਾ ਦੀ ਵਕੀਲ ਨੇ ਦੱਸਿਆ ਕਿ ਕੋਰਟ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਵਲਟੋਹਾ ਉਤੇ ਦੋਸ਼ ਪੱਤਰ ਦਾਇਰ ਕਰ ਕੇ ਮਾਮਲੇ ਦੀ ਅਗਲੀ ਸੁਣਵਾਈ 11 ਅਕਤੂਬਰ ਉਤੇ ਪਾ ਦਿੱਤੀ ਹੈ।

Matrimonials

ਵਰ ਦੀ ਲੋੜ ਹੈ

Seeking professionally qualified, well educated, clean shaven match for 29, 5'7'' beautiful, slim, Jatt Sikh doctor (MBBS, MD) Indian citizen girl, current pursuing Fellowship (Endocrinology) in USA. Caste no bar. Equal educated match preferred. Send picture and bio-data to atwal@ymail.com or contact, Ph: 914-434-4208 32-35

Jat Sikh brother invites alliance for 38 years old widow sister living in India. No kid's no other issue. Homely, respectfull, well mannered religious Girl. Trained boutique designer. The match should be US green card holder, Citizen preferred in California, between 38-45, non smoker, social drinking ok. Please contact: lavi.singh47@gmail.com with bio-data & photo. 31-34

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com 27-34

ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

Educated, well settled in California, Jat Sikh parents seek match for their USA born son age 27, 6'-4", university graduate, handsome, athletic & employed in state government. Seeking Jat Sikh girl, university grad, USA raised, strong family values/ morals, age 22-26 & min ht 5'-6". Please respond with pictures and bio data at AP1522538@gmail.com 32-35

Looking for a suitable girl for Ramgarhia Sikh boy 32 yrs, 5'-10", working at a very reputed IT company in Bay area, California. Please contact: Ph: 512-806-4053 or email:psingh03850@gmail.com 30-

To Advertise with Punjab Times
Call: 847-359-0746
punjabtimes1@gmail.com

ਵਰ ਦੀ ਲੋੜ ਹੈ

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 33-36

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com

ਪਰਵਾਸੀ ਲਾੜਿਆਂ ਵੱਲੋਂ ਸਤਾਈਆਂ ਔਰਤਾਂ ਦੀ ਵਿੱਤੀ ਮਦਦ ਵਧਾਈ

ਨਵੀਂ ਦਿੱਲੀ: ਵਿਦੇਸ਼ ਮੰਤਰਾਲੇ ਨੇ ਪਰਵਾਸੀ ਲਾੜਿਆਂ ਵੱਲੋਂ ਸਤਾਈਆਂ ਭਾਰਤੀ ਔਰਤਾਂ ਨੂੰ ਵਿੱਤੀ ਤੇ ਕਾਨੂੰਨੀ ਮਦਦ ਦੇਣ ਲਈ ਦਿੱਤੀ ਜਾਂਦੀ ਰਕਮ 'ਚ ਵਾਧਾ ਕੀਤਾ ਹੈ। ਉਨ੍ਹਾਂ ਔਰਤਾਂ ਨੂੰ ਕਾਨੂੰਨੀ ਲੜਾਈ ਲੜਨ ਲਈ ਇਹ ਵਾਧਾ 4 ਹਜ਼ਾਰ ਅਮਰੀਕੀ ਡਾਲਰ ਪ੍ਰਤੀ ਕੇਸ ਕੀਤਾ ਗਿਆ ਹੈ ਜੋ 13 ਦੇਸ਼ਾਂ ਵਿਚ ਲਾਗੂ ਹੋਵੇਗਾ।

ਇਹ ਜਾਣਕਾਰੀ ਰਾਜ ਸਭਾ ਵਿਚ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੇ ਦਿੱਤੀ। ਇਸ ਤੋਂ ਪਹਿਲਾਂ ਵਿਕਸਤ ਦੇਸ਼ਾਂ ਵਿਚ 3 ਹਜ਼ਾਰ ਰੁਪਏ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ 2 ਹਜ਼ਾਰ ਰੁਪਏ ਅਮਰੀਕੀ ਡਾਲਰ ਪ੍ਰਤੀ ਕੇਸ ਮਦਦ ਮੁਹੱਈਆ ਕਰਵਾਈ ਜਾਂਦੀ ਸੀ। ਪਿਛਲੇ ਚਾਰ ਸਾਲਾਂ ਵਿਚ 13 ਦੇਸ਼ਾਂ ਨਾਲ ਸਬੰਧਤ ਇਨ੍ਹਾਂ ਮਾਮਲਿਆਂ ਵਿਚ 43 ਔਰਤਾਂ ਨੂੰ ਇਸ ਦਾ ਲਾਭ ਮਿਲਿਆ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਦੇ ਸੰਸਦ ਮੈਂਬਰਾਂ ਨੂੰ ਪਿਆ ਹਵਾਈ ਝੂਟਿਆਂ ਦਾ ਭੁੱਸ

ਬਠਿੰਡਾ: ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਭੱਤੇ (ਟੀਏ/ਡੀਏ) ਲੈਣ ਵਿਚ ਝੰਡੀ ਲੈ ਲਈ ਹੈ ਜਦੋਂਕਿ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਭੱਤੇ ਲੈਣ ਵਿਚ ਸਭ ਤੋਂ ਪਿੱਛੇ ਹਨ। ਹਵਾਈ ਯਾਤਰਾ ਉਤੇ ਰਹਿਣ ਵਾਲੇ ਸੰਸਦ ਮੈਂਬਰਾਂ ਦੇ ਭੱਤੇ ਵੱਧ ਬਣਦੇ ਹਨ।

ਪੰਜਾਬ ਦੇ ਦੋ-ਤਿੰਨ ਸੰਸਦ ਮੈਂਬਰ ਤਾਂ ਮੁਫਤ ਹਵਾਈ ਸੇਵਾ ਦਾ ਪੂਰਾ ਲਾਭ ਲੈਂਦੇ ਹਨ। ਫਤਿਹਗੜ੍ਹ ਸਾਹਿਬ ਤੋਂ ਐਮ.ਪੀ. ਹਰਿੰਦਰ ਸਿੰਘ ਖਾਲਸਾ ਨੇ ਪਹਿਲੀ ਅਪਰੈਲ 2015 ਤੋਂ 30 ਜੂਨ 2018 ਤੱਕ ਕਰੀਬ 39.73 ਲੱਖ ਰੁਪਏ ਟੀ.ਏ/ਡੀ.ਏ ਵਜੋਂ ਵਸੂਲ ਕੀਤੇ ਹਨ, ਜਿਸ ਦਾ ਮਤਲਬ ਹੈ ਕਿ ਖਾਲਸਾ ਔਸਤਨ 3400 ਰੁਪਏ ਰੋਜ਼ਾਨਾ ਟੀ.ਏ/ਡੀ.ਏ ਲੈ ਰਹੇ ਹਨ। ਪ੍ਰਤੀ ਮਹੀਨਾ ਉਹ ਔਸਤਨ 1.01 ਲੱਖ ਰੁਪਏ ਭੱਤੇ ਲੈ ਰਹੇ ਹਨ। ਵੇਰਵਿਆਂ ਅਨੁਸਾਰ ਐਮ.ਪੀ ਖ਼ਾਲਸਾ ਦੀ ਸੰਸਦ ਵਿਚ ਕਾਰਗੁਜ਼ਾਰੀ ਪੰਜਾਬ ਦੇ ਬਾਕੀ ਸੰਸਦ ਮੈਂਬਰਾਂ ਦੇ ਮੁਕਾਬਲੇ ਕੋਈ ਖਾਸ ਨਹੀਂ ਹੈ। ਵੱਧ ਭੱਤੇ ਲੈਣ ਵਾਲੇ ਐਮ.ਪੀ ਤਰਕ ਦਿੰਦੇ ਹਨ ਕਿ ਉਹ ਲੋਕ ਮਸਲਿਆਂ ਨੂੰ ਲੈ ਕੇ ਭੱਜ-ਨੱਠ ਜ਼ਿਆਦਾ ਕਰਦੇ ਹਨ, ਜਿਸ ਕਰ ਕੇ ਭੱਤਿਆਂ ਦੀ ਰਾਸ਼ੀ ਵੱਧ ਬਣ ਜਾਂਦੀ ਹੈ। ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਪੰਜਾਬ ਵਿਚੋਂ ਏਦਾਂ ਦੇ ਐਮ.ਪੀ. ਹਨ, ਜਿਨ੍ਹਾਂ ਨੇ ਸਭ ਤੋਂ ਘੱਟ 6.54 ਲੱਖ ਰੁਪਏ ਭੱਤੇ ਲਏ ਹਨ। ਐਮਪੀ ਗਾਂਧੀ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸਿਰਫ ਦੋ ਵਾਰ ਹਵਾਈ ਸਫਰ ਸਰਕਾਰੀ ਖਰਚੇ ਉਤੇ ਕੀਤਾ ਹੈ ਅਤੇ ਬਾਕੀ ਸਫਰ ਉਨ੍ਹਾਂ ਸੜਕੀ ਰਸਤੇ ਹੀ ਕੀਤਾ ਹੈ। ਉਨ੍ਹਾਂ ਆਖਿਆ ਕਿ ਭੱਤਿਆਂ ਨੂੰ ਕਾਰਗੁਜ਼ਾਰੀ ਨਾਲ ਨਹੀਂ ਜੋੜਿਆ ਜਾ ਸਕਦਾ।

ਭੱਤੇ ਲੈਣ 'ਚ ਦੂਜਾ ਨੰਬਰ ਫਿਰੋਜ਼ਪੁਰ ਤੋਂ ਅਕਾਲੀ ਐਮ.ਪੀ. ਸ਼ੇਰ ਸਿੰਘ ਘੁਬਾਇਆ ਦਾ ਆਉਂਦਾ ਹੈ, ਜਿਨ੍ਹਾਂ ਨੇ ਲੰਘੇ 39 ਮਹੀਨਿਆਂ ਵਿਚ 29 ਲੱਖ ਰੁਪਏ ਟੀ.ਏ/ਡੀ.ਏ ਵਜੋਂ ਵਸੂਲੇ ਹਨ। ਤੀਸਰੇ ਸਥਾਨ 'ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਹਨ, ਜਿਨ੍ਹਾਂ ਨੇ 27.90 ਲੱਖ ਰੁਪਏ ਟੀ.ਏ/ਡੀ.ਏ ਵਜੋਂ ਹਾਸਲ ਕੀਤੇ ਹਨ। ਐਮ.ਪੀ. ਚੰਦੂਮਾਜਰਾ ਕਈ ਸੰਸਦੀ ਕਮੇਟੀਆਂ ਦੇ ਮੈਂਬਰ ਵੀ ਹਨ। ਅਕਾਲੀ ਦਲ ਦੇ ਸੂਤਰ ਆਖਦੇ ਹਨ ਕਿ ਕਮੇਟੀਆਂ ਦੀਆਂ ਮੀਟਿੰਗਾਂ ਵਿਚ ਸ਼ਮੂਲੀਅਤ ਜ਼ਿਆਦਾ ਹੋਣ ਕਰ ਕੇ ਚੰਦੂਮਾਜਰਾ ਦੇ ਭੱਤੇ ਜ਼ਿਆਦਾ ਬਣੇ ਹਨ। ਦੂਸਰੀ ਤਰਫ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਵੀ ਸਭ ਤੋਂ ਘੱਟ ਭੱਤੇ ਲੈਣ ਵਾਲੇ ਸੰਸਦ ਮੈਂਬਰਾਂ ਵਿਚੋਂ ਦੂਜੇ ਨੰਬਰ ਉਤੇ ਹਨ, ਜਿਨ੍ਹਾਂ ਨੇ ਇਸ ਸਮੇਂ ਦੌਰਾਨ 6.84 ਲੱਖ ਰੁਪਏ ਭੱਤਿਆਂ ਵਜੋਂ ਪ੍ਰਾਪਤ ਕੀਤੇ ਹਨ।

ਭਗਵੰਤ ਮਾਨ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਸਰਕਾਰੀ ਖਜ਼ਾਨੇ ਵਿਚੋਂ ਭੱਤੇ ਬਹੁਤ ਸੰਜਮ ਨਾਲ ਲਏ ਹਨ ਅਤੇ ਸੜਕੀ ਤੇ ਰੇਲ ਰਸਤੇ ਸਫਰ ਨੂੰ ਜ਼ਿਆਦਾ ਤਰਜੀਹ ਦਿੱਤੀ ਹੈ। ਵੇਰਵਿਆਂ ਅਨੁਸਾਰ ਸੰਸਦ ਮੈਂਬਰਾਂ ਨੂੰ ਪ੍ਰਤੀ ਮਹੀਨਾ 50 ਹਜ਼ਾਰ ਰੁਪਏ ਤਨਖਾਹ,45 ਹਜ਼ਾਰ ਰੁਪਏ ਹਲਕਾ ਭੱਤਾ ਤੇ 15 ਹਜ਼ਾਰ ਰੁਪਏ ਦਫਤਰੀ ਭੱਤਾ ਮਿਲਦਾ ਹੈ। ਆਮ ਆਦਮੀ ਪਾਰਟੀ ਦੇ ਫਰੀਦਕੋਟ ਤੋਂ ਐਮ.ਪੀ ਪ੍ਰੋ. ਸਾਧੂ ਸਿੰਘ ਨੇ ਉਕਤ ਸਮੇਂ ਦੌਰਾਨ 8.88 ਲੱਖ ਰੁਪਏ ਟੀ.ਏ/ਡੀ.ਏ ਵਜੋਂ ਵਸੂਲੇ ਹਨ ਜਦੋਂ ਕਿ ਲੁਧਿਆਣਾ ਤੋਂ ਕਾਂਗਰਸ ਦੇ ਐਮ.ਪੀ ਰਵਨੀਤ ਸਿੰਘ ਬਿੱਟੂ ਨੇ ਭੱਤਿਆਂ ਵਜੋਂ 11.67 ਲੱਖ ਰੁਪਏ ਹਾਸਲ ਕੀਤੇ ਹਨ। ਜਲੰਧਰ ਤੋਂ ਕਾਂਗਰਸੀ ਐਮ.ਪੀ ਸੰਤੋਖ ਸਿੰਘ ਚੌਧਰੀ ਦੇ ਭੱਤਿਆਂ ਦਾ ਬਿੱਲ 11.82 ਲੱਖ ਰੁਪਏ ਬਣਿਆ।

ਅਕਾਲੀ ਐਮ.ਪੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਇਸ ਸਮੇਂ ਦੌਰਾਨ 12.39 ਲੱਖ ਰੁਪਏ ਦੇ ਭੱਤੇ ਪ੍ਰਾਪਤ ਕੀਤੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਦੋ ਵਰ੍ਹਿਆਂ ਵਿਚ ਬਤੌਰ ਐਮ.ਪੀ 2.41 ਲੱਖ ਰੁਪਏ ਦੇ ਭੱਤੇ ਹਾਸਲ ਕੀਤੇ ਸਨ। ਉਨ੍ਹਾਂ ਸਿਰਫ ਚਾਰ ਦਫਾ ਇਹ ਭੱਤੇ ਲਏ ਹਨ। ਮੌਜੂਦਾ ਸੰਸਦ ਮੈਂਬਰਾਂ ਦੀ ਮਿਆਦ ਦਾ ਇਹ ਆਖਰੀ ਵਰ੍ਹਾ ਹੈ। ਸਿਦਕ ਫੋਰਮ ਦੇ ਪ੍ਰਧਾਨ ਸਾਧੂ ਰਾਮ ਕੁਸ਼ਲਾ ਦਾ ਕਹਿਣਾ ਹੈ ਕਿ ਪੰਜ ਵਰ੍ਹਿਆਂ ਮਗਰੋਂ ਹਰ ਐਮ.ਪੀ. ਆਪਣੀ ਕਾਰਗੁਜ਼ਾਰੀ ਅਤੇ ਸਰਕਾਰੀ ਖਜ਼ਾਨੇ ਵਿਚੋਂ ਲਈ ਤਨਖਾਹ ਅਤੇ ਸਾਰੇ ਭੱਤਿਆਂ ਦਾ ਰਿਪੋਰਟ ਕਾਰਡ ਲੋਕਾਂ ਦੀ ਕਚਹਿਰੀ ਵਿਚ ਪੇਸ਼ ਕਰੇ। ਉਨ੍ਹਾਂ ਆਖਿਆ ਕਿ ਐਮ.ਪੀ. ਆਪਣੇ ਕੰਮਾਂ ਦੀ ਚਰਚਾ ਤਾਂ ਚੋਣਾਂ ਸਮੇਂ ਕਰਦੇ ਹਨ ਪਰ ਖਜ਼ਾਨੇ ਵਿਚੋਂ ਲਈ ਰਕਮ ਤੇ ਸਹੂਲਤਾਂ ਦੀ ਚਰਚਾ ਕਿਧਰੇ ਵੀ ਨਹੀਂ ਕਰਦੇ।

ਔਜਲਾ ਵੱਲੋਂ ਗੌਲਫ ਕਲੱਬ ਨੂੰ ਗਰਾਂਟ ਦੇਣ ਦੀ ਛਿੜੀ ਚਰਚਾ

ਚੰਡੀਗੜ੍ਹ: ਅੰਮ੍ਰਿਤਸਰ ਹਲਕੇ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਵੱਲੋਂ ਚੰਡੀਗੜ੍ਹ ਗੌਲਫ ਕਲੱਬ ਨੂੰ ਐਮ.ਪੀ. ਲੈਡ ਫੰਡ ਵਿਚੋਂ 20 ਲੱਖ ਰੁਪਏ ਦੀ ਗਰਾਂਟ ਦੇਣ ਦੇ ਮਾਮਲੇ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਵਿਰੋਧੀ ਧਿਰ ਅਕਾਲੀ-ਭਾਜਪਾ ਨੇ ਉਨ੍ਹਾਂ ਉਤੇ ਲੋਕ-ਪੱਖੀ ਵਿਕਾਸ ਕਾਰਜਾਂ ਲਈ ਆਈ ਗਰਾਂਟ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ ਹੈ।

ਦੂਜੇ ਪਾਸੇ ਆਪਣੇ ਫੈਸਲੇ ਨੂੰ ਜਾਇਜ਼ ਠਹਿਰਾਉਂਦਿਆਂ ਸ੍ਰੀ ਔਜਲਾ ਨੇ ਕਿਹਾ ਕਿ ਇਕ ਸੰਸਦ ਮੈਂਬਰ ਵਜੋਂ ਉਨ੍ਹਾਂ ਨੂੰ 25 ਲੱਖ ਰੁਪਏ ਤੱਕ ਦੀ ਗਰਾਂਟ ਆਪਣੇ ਹਲਕੇ ਤੋਂ ਬਾਹਰ ਦੇਣ ਦਾ ਅਧਿਕਾਰ ਹੈ ਅਤੇ ਡਿਪਟੀ ਕਮਿਸ਼ਨਰ ਨੇ ਵੀ ਇਹ ਸਾਫ ਕੀਤਾ ਹੈ ਕਿ ਗਰਾਂਟ ਨਿਯਮਾਂ ਅਨੁਸਾਰ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੇ ਵੱਡੀ ਗਿਣਤੀ ਸੇਵਾ ਮੁਕਤ ਅਧਿਕਾਰੀ, ਜਿਨ੍ਹਾਂ ਵਿਚੋਂ ਕਈਆਂ ਨੇ ਦੇਸ਼ ਦੀ ਰੱਖਿਆ ਲਈ ਜੰਗਾਂ ਵੀ ਲੜੀਆਂ ਹਨ, ਚੰਡੀਗੜ੍ਹ ਗੌਲਫ ਕਲੱਬ ਦੇ ਮੈਂਬਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਅੰਮ੍ਰਿਤਸਰ ਦਾ ਸੰਸਦ ਮੈਂਬਰ ਆਪਣੇ ਹਲਕੇ ਤੋਂ ਬਾਹਰ ਦੇ ਵਿਕਾਸ ਕਾਰਜਾਂ ਦੇ ਲਈ ਫੰਡ ਨਹੀਂ ਦੇ ਸਕਦਾ। ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਉਸ ਨੇ ਆਪਣੇ ਹਲਕੇ ਦੇ ਲੋਕ ਹਿੱਤਾਂ ਨੂੰ ਵਿਸਾਰ ਕੇ ਗੌਲਫ ਕਲੱਬ ਲਈ ਰਕਮ ਕਿਉਂ ਦਿੱਤੀ ਹੈ। ਸ੍ਰੀ ਔਜਲਾ ਨੇ ਵਿਰੋਧੀਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਉਹ ਸਾਬਤ ਕਰ ਕੇ ਦਿਖਾਉਣ ਕਿ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਕਲੱਬ ਤੋਂ ਕੋਈ ਲਾਭ ਹਾਸਲ ਕੀਤਾ ਹੈ। ਪੈਸੇ ਦੀ ਸਹੀ ਵਰਤੋਂ ਕਰਨੀ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰਾਂ ਦੀ ਜ਼ਿੰਮੇਵਾਰੀ ਬਣਦੀ ਹੈ।

ਰਾਮੂਵਾਲੀਆ ਨੇ ਪੰਜਾਬ ਵਿਚ ਸੰਭਾਲਿਆ ਮੋਰਚਾ

ਚੰਡੀਗੜ੍ਹ: ਬਲਵੰਤ ਸਿੰਘ ਰਾਮੂਵਾਲੀਆ ਨੇ ਮੁੜ ਪੰਜਾਬ ਦੀ ਸਿਆਸਤ ਵਿਚ ਐਂਟਰੀ ਮਾਰੀ ਹੈ। ਉਨ੍ਹਾਂ ਨੂੰ ਪੰਜਾਬ ਵਿਚ ਸਮਾਜਵਾਦੀ ਪਾਰਟੀ ਦੀਆਂ ਜੜ੍ਹਾਂ ਲਾਉਣ ਲਈ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦਾ ਐਲਾਨ ਰਾਮੂਵਾਲੀਆ ਨੇ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਅਖਿਲੇਸ਼ ਯਾਦਵ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਤੇ ਚੰਡੀਗੜ੍ਹ 'ਚ ਸਮਾਜਵਾਦੀ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ। ਇਸ ਲਈ ਉਨ੍ਹਾਂ ਨੂੰ ਪੰਜਾਬ ਤੇ ਚੰਡੀਗੜ੍ਹ ਦਾ ਇੰਚਾਰਜ ਲਾਇਆ ਗਿਆ ਹੈ। ਰਾਮੂਵਾਲੀਆ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਪੰਜਾਬ ਦਾ ਢਾਂਚਾ ਖੜ੍ਹਾ ਕੀਤਾ ਜਾਏਗਾ।

ਯਾਦ ਰਹੇ ਦੋ ਸਾਲ ਪਹਿਲਾਂ ਰਾਮੂਵਾਲੀਆ ਚੁੱਪ-ਚੁਪੀਤੇ ਅਕਾਲੀ ਦਲ ਨੂੰ ਛੱਡ ਕੇ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਗਏ ਸੀ। ਉਹ ਪੰਜਾਬ ਛੱਡ ਕੇ ਉਤਰ ਪ੍ਰਦੇਸ਼ ਦੇ ਮੰਤਰੀ ਬਣ ਗਏ ਸੀ। ਰਾਮੂਵਾਲੀਆ ਨੇ ਸਮਾਜਵਾਦੀ ਪਾਰਟੀ ਨੂੰ ਪੰਜਾਬੀਆਂ ਦੀ ਹਿਤੈਸ਼ੀ ਦੱਸਿਆ। ਉਨ੍ਹਾਂ ਕਿਹਾ ਕਿ ਅਖਿਲੇਸ਼ ਦੀ ਸਰਕਾਰ ਵਿਚ ਪੰਜਾਬੀ ਅਕੈਡਮੀ ਨੂੰ ਇਕ ਕਰੋੜ 11 ਲੱਖ ਦਿੱਤੇ ਸਨ। ਯੂਪੀ 'ਚ ਪੰਜਾਬੀ ਬੋਲੀ ਨੂੰ ਸਕੂਲਾਂ 'ਚ ਮਾਨਤਾ ਦੇਣ ਲਈ ਅਖਿਲੇਸ਼ ਸਰਕਾਰ ਵਿਚ ਮੁੱਦਾ ਚੁੱਕਿਆ ਸੀ। ਪੰਜਾਬ 'ਚ ਸਮਾਜਵਾਦੀ ਪਾਰਟੀ ਨੂੰ ਜਗ੍ਹਾ ਮਿਲਣ ਉਤੇ ਦੇਸ਼ ਭਰ 'ਚ ਪੰਜਾਬ ਦੇ ਮੁੱਦੇ ਚੁੱਕੇ ਜਾਣਗੇ।

ਰਾਮੂਵਾਲੀਆ ਨੇ ਕਿਹਾ ਕਿ ਯੂਪੀ 'ਚ ਤਕਰੀਬਨ 15 ਲੱਖ ਪੰਜਾਬੀ ਵੱਸਦੇ ਹਨ। ਇਸ ਤੋਂ ਇਲਾਵਾ 13 ਤੇ 14 ਜੁਲਾਈ ਨੂੰ ਉਤਰਾਖੰਡ ਮੀਟਿੰਗ ਕੀਤੀ ਸੀ। ਉਥੇ ਵੀ ਸਮਾਜਵਾਦੀ ਪਾਰਟੀ

ਦੀ ਰਾਜਨੀਤਕ ਸ਼ਕਤੀ ਉਭਰ ਰਹੀ ਹੈ। ਅਕਾਲੀ ਦਲ ਬਾਰੇ ਰਾਮੂਵਾਲੀਆ ਨੇ ਕਿਹਾ ਕਿ ਇਹ ਮਾਣਯੋਗ ਪਾਰਟੀ ਹੈ, ਲੜਨ ਯੋਗ ਨਹੀਂ। ਅਕਾਲੀ ਦਲ ਦਾ ਭਾਰ ਦੇਸ਼ 'ਚ ਕਾਗਜ਼ ਦੇ ਭਾਰ ਜਿੰਨਾ ਹੈ। ਪੰਜਾਬ ਤੋਂ ਬਾਹਰ ਵੱਸਦੇ ਲੋਕ ਅਕਾਲੀ ਦਲ ਨੂੰ ਆਪਣਾ ਨਹੀਂ ਮੰਨਦੇ। ਪੰਜਾਬ ਦੀ ਹਾਲਤ ਬਾਰੇ ਉਨ੍ਹਾਂ ਕਿਹਾ ਕਿ ਵਿਦੇਸ਼ ਭੇਜਣ ਵਾਲੇ ਏਜੰਟ ਪੰਜਾਬ ਦੀ ਜਵਾਨੀ ਨੂੰ ਖਾ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਤੁਰਕੀ ਤੇ ਹੋਰ ਸ਼ਹਿਰਾਂ 'ਚ ਪੰਜਾਬ ਦੀਆਂ ਕੁੜੀਆਂ ਨੂੰ ਸਰੀਰਕ ਤੌਰ 'ਤੇ ਵੇਚਿਆ ਤੇ ਖਰੀਦਿਆ ਜਾਂਦਾ ਹੈ।

ਡੇਰਾ ਸਿਰਸਾ ਨੂੰ ਮੁਰੱਬੇ ਦੇਣ ਵਾਲਿਆਂ ਦੀ ਆਈ ਸ਼ਾਮਤ

ਬਠਿੰਡਾ: ਡੇਰਾ ਸਿਰਸਾ ਨੂੰ ਤੋਹਫੇ ਵਿਚ ਮੁਰੱਬੇ ਦੇਣ ਵਾਲੇ ਕਸੂਤੇ ਫਸ ਸਕਦੇ ਹਨ ਕਿਉਂਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਸੂਈ ਹੁਣ ਉਨ੍ਹਾਂ ਵੱਲ ਘੁੰਮ ਸਕਦੀ ਹੈ। ਈ.ਡੀ. ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਰਿਪੋਰਟ ਦੇ ਕੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਡੇਰਾ ਸਿਰਸਾ ਦੇ ਨਾਮ 'ਤੇ ਬੇਨਾਮੀ ਟ੍ਰਾਂਜ਼ੈਕਸ਼ਨ ਹੋਈ ਹੈ। ਆਮਦਨ ਕਰ ਵਿਭਾਗ ਵੱਲੋਂ ਵੀ ਡੇਰਾ ਸਿਰਸਾ ਦੀ ਆਮਦਨ ਤੇ ਪ੍ਰਾਪਰਟੀ ਛਾਣੀ ਜਾ ਰਹੀ ਹੈ। ਈ.ਡੀ. ਨੇ ਡੇਰਾ ਸਿਰਸਾ ਨੂੰ ਤੋਹਫੇ ਵਿਚ ਮਿਲੀ ਜ਼ਮੀਨ ਜਾਇਦਾਦ ਦੀ ਰਿਪੋਰਟ ਤਿਆਰ ਕਰ ਲਈ ਹੈ।

ਵੇਰਵਿਆਂ ਅਨੁਸਾਰ ਡੇਰਾ ਪ੍ਰੇਮੀਆਂ ਵੱਲੋਂ ਡੇਰਾ ਸਿਰਸਾ ਨੂੰ ਤੋਹਫੇ ਵਿਚ ਤਕਰੀਬਨ 293 ਏਕੜ ਜ਼ਮੀਨ ਦਿੱਤੀ ਗਈ ਸੀ ਜਿਸ ਦੀ ਕੀਮਤ ਕਰੀਬ 80 ਕਰੋੜ ਦੱਸੀ ਜਾ ਰਹੀ ਹੈ। ਮਾਲਵਾ ਖਿੱਤੇ 'ਚੋਂ ਬਠਿੰਡਾ, ਮਾਨਸਾ, ਸੰਗਰੂਰ, ਫਰੀਦਕੋਟ ਅਤੇ ਫ਼ਿਰੋਜਪੁਰ ਜ਼ਿਲ੍ਹੇ ਦੇ 200 ਡੇਰਾ ਪ੍ਰੇਮੀਆਂ ਨੇ ਜ਼ਮੀਨ ਤੋਹਫੇ ਵਿਚ ਡੇਰਾ ਸਿਰਸਾ ਨੂੰ ਦਿੱਤੀ ਸੀ। ਬਠਿੰਡਾ ਜ਼ਿਲ੍ਹੇ ਦੇ 67 ਡੇਰਾ ਪ੍ਰੇਮੀਆਂ ਨੇ ਡੇਰਾ ਸਿਰਸਾ ਨੂੰ ਕਰੀਬ 58 ਏਕੜ ਜ਼ਮੀਨ ਦਿੱਤੀ ਸੀ। ਰਾਤੋ ਰਾਤ ਡੇਰਾ ਪ੍ਰੇਮੀਆਂ ਨੇ 'ਸ਼ਾਹ ਸਤਨਾਮ ਜੀ ਗਰੀਨ ਐਸ ਵੈੱਲਫੇਅਰ ਫੋਰਸ' ਦੇ ਨਾਮ 'ਤੇ ਵੀ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਈਆਂ ਸਨ। ਪਿੰਡ ਜੈ ਸਿੰਘ ਵਾਲਾ, ਬਠਿੰਡਾ, ਚੁੱਘੇ ਕਲਾਂ, ਜੈ ਸਿੰਘ ਵਾਲਾ, ਭਾਗੂ, ਮਹਿਤਾ, ਬਾਂਡੀ, ਕੋਟਗੁਰੂ, ਤਰਖਾਣਵਾਲਾ, ਮੱਲਵਾਲਾ, ਚੱਕ ਹੀਰਾ ਸਿੰਘ ਵਾਲਾ ਆਦਿ ਦੇ ਡੇਰਾ ਪ੍ਰੇਮੀਆਂ ਨੇ ਜ਼ਮੀਨ ਦਾਨ ਵਜੋਂ ਦਿੱਤੀ ਸੀ। ਸਬ ਡਵੀਜ਼ਨ ਬਠਿੰਡਾ ਦੇ

27 ਡੇਰਾ ਪ੍ਰੇਮੀਆਂ ਨੇ 206 ਕਨਾਲ਼ ਜ਼ਮੀਨ ਦਾਨ ਕੀਤੀ ਸੀ ਜਿਸ ਦੀ ਕਲੈਕਟਰ ਰੇਟ ਮੁਤਾਬਕ ਕੀਮਤ 4.26 ਕਰੋੜ ਬਣਦੀ ਹੈ ਜਦੋਂ ਕਿ ਮਾਰਕਿਟ ਕੀਮਤ ਕਈ ਗੁਣਾ ਜ਼ਿਆਦਾ ਹੈ।

ਸਇਸੇ ਤਰ੍ਹਾਂ ਸਬ ਡਵੀਜ਼ਨ ਮੌੜ ਦੇ 34 ਡੇਰਾ ਪ੍ਰੇਮੀਆਂ ਨੇ 230 ਕਨਾਲ ਜ਼ਮੀਨ ਡੇਰਾ ਸਿਰਸਾ ਨੂੰ ਦਿੱਤੀ ਸੀ। ਨਸੀਬਪੁਰਾ ਦੇ ਦਰਜਨ ਡੇਰਾ ਪੈਰੋਕਾਰਾਂ ਨੇ ਜ਼ਮੀਨਾਂ ਤੇ ਘਰ ਦਾਨ ਵਜੋਂ ਦਿੱਤੇ ਸਨ। ਈ.ਡੀ. ਦੇ ਸੂਤਰਾਂ ਨੇ ਦੱਸਿਆ ਕਿ ਬੇਨਾਮੀ ਜਾਇਦਾਦ ਵਿਰੋਧੀ ਬਣੇ ਕਾਨੂੰਨ ਤਹਿਤ ਡੇਰਾ ਸਿਰਸਾ ਦੇ ਆਗੂਆਂ ਤੋਂ ਇਲਾਵਾ ਜ਼ਮੀਨਾਂ ਦਾਨ ਕਰਨ ਵਾਲੇ ਡੇਰਾ ਪ੍ਰੇਮੀਆਂ ਤੋਂ ਵੀ ਪੁੱਛਗਿੱਛ ਹੋ ਸਕਦੀ ਹੈ ਜਿਸ ਦੀ ਰਣਨੀਤੀ ਘੜੀ ਜਾ ਰਹੀ ਹੈ। ਪੰਜਾਬ ਵਿਚ ਡੇਰਾ ਸਿਰਸਾ ਦੇ ਡੇਰਿਆਂ ਅਤੇ ਨਾਮ ਚਰਚਾ ਘਰਾਂ ਦੀ ਤਕਰੀਬਨ 300 ਕਰੋੜ ਦੀ ਪ੍ਰਾਪਰਟੀ ਹੈ ਅਤੇ ਬਠਿੰਡਾ ਜ਼ਿਲ੍ਹੇ ਵਿਚ ਜੋ ਮੁੱਖ ਸਲਾਬਤਪੁਰਾ ਡੇਰਾ ਹੈ, ਉਸ ਦੀ 135 ਏਕੜ ਜ਼ਮੀਨ ਹੈ। ਕੁਲੈਕਟਰ ਰੇਟ ਦੇ ਹਿਸਾਬ ਨਾਲ ਇਸ ਜ਼ਮੀਨ ਦੀ ਕੀਮਤ ਕਰੀਬ 10 ਕਰੋੜ ਰੁਪਏ ਬਣਦੀ ਹੈ। ਬਠਿੰਡਾ ਜ਼ਿਲ੍ਹੇ ਵਿਚ ਡੇਰਾ ਸਿਰਸਾ ਦੀਆਂ ਕੁੱਲ 111 ਸੰਪਤੀਆਂ ਹਨ ਜਿਨ੍ਹਾਂ ਵਿਚ ਡੇਰਾ ਪ੍ਰੇਮੀਆਂ ਤੋਂ ਤੋਹਫੇ ਵਿਚ ਮਿਲੀਆਂ ਸੰਪਤੀਆਂ ਵੀ ਸ਼ਾਮਲ ਹਨ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਹਰ ਜ਼ਿਲ੍ਹੇ ਵਿਚ ਡੇਰਾ ਪ੍ਰੇਮੀਆਂ ਵੱਲੋਂ ਦਾਨ ਕੀਤੀ ਜ਼ਮੀਨ ਦੀ ਪਹਿਲਾਂ ਹੀ ਸੂਚੀ ਤਿਆਰ ਕੀਤੀ ਗਈ ਹੈ। ਅਧਿਕਾਰੀ ਆਖਦੇ ਹਨ ਕਿ ਜੇ ਕੋਈ ਤਫਤੀਸ਼ੀ ਸੰਸਥਾ ਵੇਰਵਿਆਂ ਦੀ ਮੰਗ ਕਰੇਗੀ ਤਾਂ ਉਹ ਸੌਂਪ ਦੇਣਗੇ।

ਐਸ. ਪੀ. ਦੇਸ ਰਾਜ ਨੂੰ ਰਿਸ਼ਵਤ ਮਾਮਲੇ 'ਚ ਕੈਦ

ਚੰਡੀਗੜ੍ਹ: ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਵਿਸ਼ੇਸ਼ ਅਦਾਲਤ ਨੇ ਚੰਡੀਗੜ੍ਹ ਪੁਲਿਸ ਦੇ ਐਸ.ਪੀ. ਤੇ ਸਾਲ 2008 ਬੈਚ ਦੇ ਆਈ.ਪੀ.ਐਸ. ਅਧਿਕਾਰੀ ਦੇਸ ਰਾਜ ਨੂੰ ਰਿਸ਼ਵਤ ਲੈਣ ਦੇ ਮਾਮਲੇ ਵਿਚ

ਹਵਾ ਪ੍ਰਦੂਸ਼ਣ ਨੇ 66 ਕਰੋੜ ਭਾਰਤੀ ਮਰੀਜ਼ ਬਣਾਏ

ਨਵੀਂ ਦਿੱਲੀ: ਦਿਨੋਂ ਦਿਨ ਵਧ ਰਹੇ ਹਵਾ ਪ੍ਰਦੂਸ਼ਣ ਨੇ 66 ਕਰੋੜ ਭਾਰਤੀ ਲੋਕਾਂ ਨੂੰ ਮਰੀਜ਼ ਬਣਾ ਦਿੱਤਾ ਹੈ। ਇਕ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ 66 ਕਰੋੜ ਭਾਰਤੀ ਉਸ ਹਵਾ ਵਿਚ ਸਾਹ ਲੈ ਰਹੇ ਹਨ ਜਿਸ ਵਿਚ ਪ੍ਰਦੂਸ਼ਕਾਂ

(ਪੀਐਮ.2.5) ਦੀ ਗਿਣਤੀ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾਉਣ ਲਈ ਕਾਫੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਦੇਸ਼ ਦੀ ਰਾਜਧਾਨੀ ਦੀ ਆਬੋ-ਹਵਾ ਦੀ ਗੁਣਵੱਤਾ ਤੈਅ ਮਾਪਦੰਡਾਂ ਮੁਤਾਬਕ ਹੋ ਜਾਵੇ ਤਾਂ ਉਥੋਂ ਦੇ ਲੋਕ ਛੇ ਸਾਲ ਹੋਰ ਜਿਉਂ ਸਕਦੇ ਹਨ। ਭਾਰਤ ਦੀ ਹਵਾ ਗੁਣਵੱਤਾ ਸੁਧਾਰਨ ਲਈ ਸ਼ਿਕਾਗੋ ਯੂਨੀਵਰਸਿਟੀ ਤੇ ਹਾਰਵਰਡ ਕੈਨੇਡੀ ਸਕੂਲ ਨੇ ਪੰਜ ਮੁੱਖ ਸੁਝਾਵਾਂ ਨੂੰ ਰਿਪੋਰਟ ਦੇ ਰੂਪ ਵਿਚ ਪੇਸ਼ ਕੀਤਾ ਹੈ।

ਭਾਰਤ ਵਿਚ ਖੋਜ ਕਰਨ ਆਏ ਯੂਨੀਵਰਸਿਟੀ ਆਫ ਸ਼ਿਕਾਗੋ ਦੇ ਊਰਜਾ ਨੀਤੀ ਇੰਸਟੀਚਿਊਟ ਨੇ ਸੁਝਾਅ ਦਿੱਤਾ ਹੈ ਕਿ ਪ੍ਰਦੂਸ਼ਣ ਨੂੰ ਤੇਜ਼ੀ ਨਾਲ ਤੇ ਅਸਲ ਸਮੇਂ ਵਿਚ ਨਾਪਣ ਲਈ ਵਧੇਰੇ ਜਾਂਚ ਕੇਂਦਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਪ੍ਰਾਪਤ ਕੀਤੇ ਡੇਟਾ ਵਿਚ ਪ੍ਰਦੂਸ਼ਣ ਫੈਲਾਉਣ ਵਾਲੇ ਲੋਕਾਂ ਜਾਂ ਇਕਾਈਆਂ ਵਿਰੁੱਧ ਸਖਤ ਜਰਮਾਨੇ ਲਾਏ ਜਾਣੇ ਚਾਹੀਦੇ ਹਨ। ਲੋਕਾਂ ਨੂੰ ਇਨ੍ਹਾਂ ਪ੍ਰਦੂਸ਼ਣ ਫੈਲਾਉਣ ਵਾਲਿਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਪ੍ਰਦੂਸ਼ਣ ਘਟਾਉਣ ਲਈ ਬਾਜ਼ਾਰਾਂ ਵਿਚ ਲੋੜੀਂਦੀਆਂ ਤਬਦੀਲੀਆਂ ਕੀਤੀ ਜਾਣੀਆਂ ਚਾਹੀਦੀਆਂ ਹਨ। ਇਹ ਰਿਪੋਰਟ ਵਿਸ਼ੇਸ਼ ਤੌਰ ਉਤੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ ਉਤੇ ਪੈ ਰਹੇ ਮਾਰੂ ਪ੍ਰਭਾਵਾਂ ਬਾਰੇ ਅਧਿਐਨ ਕਰਕੇ ਤਿਆਰ ਕੀਤੀ ਗਈ ਹੈ। ਹਵਾ ਪ੍ਰਦੂਸ਼ਣ ਲੋਕਾਂ ਦੀ ਜ਼ਿੰਦਗੀ ਨੂੰ ਛੋਟੀ ਕਰਨ ਦੇ ਨਾਲ-ਨਾਲ ਬਿਮਾਰ ਵੀ ਬਣਾ ਰਿਹਾ ਹੈ। ਪਰ ਨਵੇਂ ਤੇ ਆਧੁਨਿਕ ਕੰਪਿਊਟਰ ਆਧਾਰਤ ਤਕਨੀਕਾਂ ਨਾਲ ਹਵਾ ਦੇ ਪ੍ਰਦੂਸ਼ਣ ਨੂੰ ਨਾਪਣ ਤੇ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਪਾਣੀਆਂ ਨੂੰ ਦੂਸ਼ਿਤ ਕਰਨ ਬਾਰੇ ਸ਼ੂਗਰ ਮਿੱਲਾਂ ਕੋਲ ਨਹੀਂ ਕੋਈ ਜਵਾਬ

ਚੰਡੀਗੜ੍ਹ: ਬਿਆਸ ਦਰਿਆ ਵਿਚ ਪ੍ਰਦੂਸ਼ਣ ਤੇ ਮੱਛੀਆਂ ਦੇ ਮਰਨ ਸਬੰਧੀ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਕੋਰਟ ਵਿਚ ਸੁਣਵਾਈ ਹੋਈ ਜਿਸ ਵਿਚ ਕੋਈ ਵੀ ਸ਼ੂਗਰ ਮਿੱਲ ਜਵਾਬ ਨਹੀਂ ਦੇ ਸਕੀ। ਅਦਾਲਤ ਨੇ ਚੱਢਾ ਤੇ ਰਾਣਾ ਸ਼ੂਗਰ ਮਿੱਲ ਨੂੰ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ। ਜਵਾਬ ਨਾ ਦੇ ਸਕਣ ਕਰ ਕੇ ਹੁਣ ਫਿਰ ਅਦਾਲਤ ਨੇ ਸ਼ੂਗਰ ਮਿੱਲਾਂ ਨੂੰ ਹਫਤੇ ਦਾ ਸਮਾਂ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ ਚਾਰ ਸਤੰਬਰ ਨੂੰ ਹੋਏਗੀ।

ਅਦਾਲਤ ਦੇ ਨੋਟਿਸ ਮੁਤਾਬਕ ਸ਼ੂਗਰ ਮਿੱਲਾਂ ਨੂੰ ਹਫਤੇ ਅੰਦਰ-ਅੰਦਰ ਅਦਾਲਤ ਨੂੰ ਜਵਾਬ ਦੇਣਾ ਪਏਗਾ। ਇਸ ਦੇ ਨਾਲ ਹੀ ਨਗਰ ਨਿਗਮ ਲੁਧਿਆਣਾ ਤੇ ਜਲੰਧਰ ਨੇ ਵੀ ਅਦਾਲਤ ਨੂੰ ਕੋਈ ਜਵਾਬ ਨਹੀਂ ਦਿੱਤਾ। ਇਸ ਪੂਰੇ ਮਾਮਲੇ ਨੂੰ ਸਤਲੁਜ ਦਰਿਆ ਵਿਚ ਪ੍ਰਦੂਸ਼ਣ ਦੇ ਮਾਮਲੇ ਨਾਲ ਜੋੜ ਦਿੱਤਾ ਗਿਆ ਹੈ। ਹੁਣ ਦੋਵੇਂ ਮਾਮਲੇ ਇਕੱਠੇ ਨਾਲ-ਨਾਲ ਚੱਲਣਗੇ। ਕੇਂਦਰੀ ਪ੍ਰਦੂਸ਼ਣ ਬੋਰਡ, ਸੰਤ ਸੀਚੇਵਾਲ, ਰਾਜਸਥਾਨ ਪ੍ਰਦੂਸ਼ਣ ਬੋਰਡ ਤੇ ਪੰਜਾਬ ਪ੍ਰਦੂਸ਼ਣ ਬੋਰਡ ਦੇ ਮੈਂਬਰਾਂ ਦੀ ਬਣਾਈ ਕਮੇਟੀ ਹੁਣ ਇਸ ਪੂਰੇ ਮਾਮਲੇ ਦੀ ਨਿਗਰਾਨੀ ਕਰੇਗੀ। ਇਸ ਮਾਮਲੇ ਸਬੰਧੀ ਐਚ.ਐਚ. ਫੂਲਕਾ ਨੇ ਕਿਹਾ ਕਿ ਇਹ ਪਟੀਸ਼ਨ ਸੁਖਪਾਲ ਖਹਿਰਾ, ਰੁਪਿੰਦਰ ਰੂਬੀ ਤੇ ਨਾਜਰ ਸਿੰਘ ਵੱਲੋਂ ਦਰਜ ਕੀਤੀ ਗਈ ਸੀ। ਇਸ ਵਿਚ ਸ਼ੂਗਰ ਮਿੱਲਾਂ ਤੋਂ ਨਿਕਲੇ ਪ੍ਰਦੂਸ਼ਣ ਕਾਰਨ ਹਜ਼ਾਰਾਂ ਮੱਛੀਆਂ ਮਰਨ ਦਾ ਨੋਟਿਸ ਲਿਆ ਗਿਆ ਸੀ।

ਹੁਣ ਮੋਦੀ ਸਰਕਾਰ ਵੇਚੇਗੀ 'ਮਿਲਾਵਟੀ' ਪੈਟਰੋਲ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਐਲਾਨ ਕੀਤਾ ਹੈ ਕਿ ਪੈਟਰੋਲ ਵਿਚ ਇਥੇਨੌਲ ਮਿਲਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਮੋਦੀ ਮੁਤਾਬਕ ਪੈਟਰੋਲ ਵਿਚ ਇਥੇਨੌਲ ਮਿਲਾਉਣ ਨਾਲ ਵੱਡੀ ਮਾਤਰਾ ਵਿਚ ਦਰਾਮਦ 'ਤੇ ਫਰਕ ਪਵੇਗਾ। ਮੋਦੀ ਨੇ ਐਲਾਨ ਕੀਤਾ ਕਿ ਜੈਵਿਕ ਬਾਲਣ ਦਾ ਉਤਪਾਦਨ ਵਧਾਇਆ ਜਾ ਰਿਹਾ ਹੈ। ਆਉਣ ਵਾਲੇ ਤਿੰਨ ਸਾਲਾਂ ਵਿਚ ਇਸ ਨੂੰ 450 ਕਰੋੜ ਲੀਟਰ ਤੱਕ ਪਹੁੰਚਾ ਦਿੱਤਾ ਜਾਵੇਗਾ।

ਇਸ ਨਾਲ ਪੈਟਰੋਲ ਦੀ ਦਰਾਮਦ ਵਿਚ ਖਰਚੇ ਜਾਂਦੇ 12,000 ਕਰੋੜ ਰੁਪਏ ਬਚਣਗੇ। ਮੋਦੀ ਨੇ ਕਿਹਾ ਕਿ ਪੈਟਰੋਲ ਵਿਚ ਇਥੇਨੌਲ ਮਿਲਾਉਣ ਦਾ ਕੰਮ ਵਾਜਪਾਈ ਸਰਕਾਰ ਸਮੇਂ ਸ਼ੁਰੂ ਕੀਤਾ ਗਿਆ ਸੀ। ਪਿਛਲੀਆਂ ਸਰਕਾਰਾਂ ਨੇ ਇਸ ਕਾਰਜ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਜੈਵਿਕ ਬਾਲਣ ਦੀ ਵਰਤੋਂ ਨੂੰ ਹੁਲਾਰਾ ਦੇਣ ਲਈ 10,000 ਕਰੋੜ ਰੁਪਏ ਦੇ ਨਿਵੇਸ਼ ਨਾਲ 12 ਰਿਫਾਈਨਰੀਆਂ ਸਥਾਪਤ ਕਰਨ ਦੀ ਯੋਜਨਾ ਬਣਾ ਰਹੀ ਹੈ। ਮੋਦੀ ਨੇ ਕਿਹਾ ਕਿ ਸਾਲ 2022 ਤੱਕ ਪੈਟਰੋਲ ਵਿਚ 10 ਫੀਸਦੀ ਇਥੇਨੌਲ ਮਿਲਾਉਣ ਦਾ ਟੀਚਾ ਮਿਥਿਆ ਹੋਇਆ ਹੈ ਤੇ ਸਾਲ 2030 ਤੱਕ 20 ਫੀਸਦੀ ਕੀਤੇ ਜਾਣ ਦੀ ਯੋਜਨਾ ਹੈ।

3.1 ਕਰੋੜ ਪਰਵਾਸੀ ਭਾਰਤੀਆਂ ਨੂੰ ਮਿਲੇਗਾ ਪ੍ਰੌਕਸੀ ਵੋਟ ਦਾ ਹੱਕ

ਨਵੀਂ ਦਿੱਲੀ: ਫ਼ੌਜੀਆਂ ਦੀ ਤਰਜ਼ 'ਤੇ ਪਰਵਾਸੀ ਭਾਰਤੀਆਂ ਨੂੰ 'ਪ੍ਰੌਕਸੀ ਵੋਟ' ਦਾ ਹੱਕ ਦੇਣ ਬਾਰੇ ਇਕ ਬਿੱਲ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ ਹੈ। ਲੋਕ ਪ੍ਰਤੀਨਿਧਤਾ (ਸੋਧ) ਬਿਲ 2017 ਬਹਿਸ ਤੇ ਪਾਸ ਕਰਨ ਲਈ ਪੇਸ਼ ਕਰਦਿਆਂ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਕਿ ਇਸ ਵਿਵਸਥਾ ਨਾਲ ਪਰਵਾਸੀ ਭਾਰਤੀਆਂ (ਐਨ.ਆਰ.ਆਈਜ਼.) ਨੂੰ ਚੋਣ



ਪ੍ਰਕਿਰਿਆ ਦਾ ਹਿੱਸਾ ਬਣਨ ਵਿਚ ਮਦਦ ਮਿਲੇਗੀ। ਹੇਠਲੇ ਸਦਨ ਵਿਚ ਜਬਾਨੀ ਵੋਟ ਰਾਹੀਂ ਪਾਸ ਕੀਤੇ ਇਸ ਬਿੱਲ ਵਿਚ ਵੋਟ ਦਾ ਹੱਕ ਰੱਖਣ ਵਾਲੇ ਪਰਵਾਸੀ ਭਾਰਤੀ ਹੁਣ ਆਪਣੀ ਵੋਟ ਪਾਉਣ ਲਈ ਆਪਣੀ ਥਾਂ 'ਤੇ ਕੋਈ ਹੋਰ ਪ੍ਰੌਕਸੀ ਵੋਟਰ ਨਿਯੁਕਤ ਕਰ ਸਕਣਗੇ।

ਫਿਲਹਾਲ, ਪਰਵਾਸੀ ਭਾਰਤੀਆਂ ਨੂੰ ਉਨ੍ਹਾਂ ਹਲਕਿਆਂ ਵਿਚ ਵੋਟ ਪਾਉਣ ਦਾ ਹੱਕ ਹੈ ਜਿਥੇ ਉਨ੍ਹਾਂ ਵੋਟ ਰਜਿਸਟਰ ਕਰਵਾਈ ਹੈ। ਬਿੱਲ ਵਿਚ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟਿੰਗ ਦੀ ਆਪਸ਼ਨ ਦਿੱਤੀ ਗਈ ਹੈ ਜੋ ਹੁਣ ਤੱਕ ਸਿਰਫ ਫੌਜੀਆਂ ਨੂੰ ਉਪਲਬਧ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਅਨੁਮਾਨ ਮੁਤਾਬਕ ਲਗਭਗ 3.10 ਕਰੋੜ ਐਨ.ਆਰ.ਆਈ. ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵਸਦੇ ਹਨ। ਸ੍ਰੀ ਪ੍ਰਸ਼ਾਦ ਨੇ ਕਿਹਾ ਕਿ ਦੇਸ਼ ਨੂੰ ਐਨ.ਆਰ.ਆਈਜ਼. ਦੀਆਂ ਪ੍ਰਾਪਤੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਦੁਨੀਆਂ ਭਰ ਵਿਚ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ। ਮੰਤਰੀ ਨੇ ਕਿਹਾ ਕਿ ਨੇਮ ਤਿਆਰ ਕਰਨ ਵੇਲੇ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਕਿਸੇ ਵੱਲੋਂ ਪ੍ਰੌਕਸੀ ਵੋਟਿੰਗ ਸਿਸਟਮ ਦੀ ਦੁਰਵਰਤੋਂ ਨਾ ਕੀਤੀ ਜਾ ਸਕੇ। ਪ੍ਰੌਕਸੀ ਕੋਈ ਮਾੜਾ ਸ਼ਬਦ ਨਹੀਂ। ਇਹ ਕਾਨੂੰਨੀ ਤੇ ਪ੍ਰੀਭਾਸ਼ਤ ਸ਼ਬਦ ਹੈ।' ਕੁਝ ਮੈਂਬਰਾਂ ਨੇ ਮੰਗ ਕੀਤੀ ਕਿ ਪਰਵਾਸੀ ਭਾਰਤੀਆਂ ਨੂੰ ਪੋਸਟਲ ਬੈਲਟ ਦੀ ਸੁਵਿਧਾ ਦਿੱਤੀ ਜਾ ਸਕਦੀ ਹੈ।

ਚੋਣ ਕਮਿਸ਼ਨ ਦੀ ਇਕ ਮਾਹਿਰਾਨਾ ਕਮੇਟੀ ਨੇ 2015 ਵਿਚ ਲਾਅ ਕਮਿਸ਼ਨ ਨੂੰ ਪਰਵਾਸੀ ਭਾਰਤੀਆਂ ਨੂੰ ਪ੍ਰੌਕਸੀ ਵੋਟਿੰਗ ਦੀ ਵਰਤੋਂ ਕਰਨ ਦੀ ਆਗਿਆ ਦੇਣ ਲਈ ਚੋਣ ਕਾਨੂੰਨਾਂ ਵਿਚ ਸੋਧ ਕਰਨ ਲਈ ਕਾਨੂੰਨੀ ਚੌਖਟਾ ਤਿਆਰ ਕਰਨ ਦਾ ਸੁਝਾਅ ਭੇਜਿਆ ਸੀ। ਚੋਣ ਕਮਿਸ਼ਨ ਦੇ ਅਣਅਧਿਕਾਰਤ ਅੰਕੜਿਆਂ ਮੁਤਾਬਕ 10000 ਤੋਂ 12000 ਪਰਵਾਸੀ ਵੋਟਰਾਂ ਨੇ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਨਹੀਂ ਕੀਤਾ ਸੀ ਕਿਉਂਕਿ ਉਹ ਵੋਟ ਪਾਉਣ ਲਈ ਵਿਦੇਸ਼ੀ ਕਰੰਸੀ ਖਰਚ ਕੇ ਭਾਰਤ ਨਹੀਂ ਆਉਣਾ ਚਾਹੁੰਦੇ ਸਨ।

ਰੇਲ ਰਾਜ ਮੰਤਰੀ ਗੋਹੇਨ 'ਤੇ ਜਬਰ ਜਨਾਹ ਦਾ ਕੇਸ

ਗੁਹਾਟੀ: ਅਸਾਮ ਪੁਲਿਸ ਨੇ ਰੇਲ ਰਾਜ ਮੰਤਰੀ ਰਾਜਨ ਗੋਹੇਨ ਖਿਲਾਫ਼ ਨਗਾਓਂ ਜ਼ਿਲ੍ਹੇ 'ਚ 24 ਸਾਲਾ ਮਹਿਲਾ ਨਾਲ ਜਬਰ ਜਨਾਹ ਕਰਨ ਤੇ ਧਮਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਹ ਤੇ ਗੋਹੇਨ ਇਕ ਦੂਜੇ ਨੂੰ ਲੰਮੇ ਸਮੇਂ ਤੋਂ ਜਾਣਦੇ ਸਨ ਤੇ ਗੋਹੇਨ ਦਾ ਉਸ ਦੇ ਘਰ ਆਉਣ-ਜਾਣ ਸੀ। ਇਕ ਦਿਨ ਜਦੋਂ ਉਸ ਦਾ ਪਤੀ ਤੇ ਹੋਰ ਪਰਿਵਾਰਕ ਮੈਂਬਰ ਘਰ ਨਹੀਂ ਸਨ ਤਾਂ ਗੋਹੇਨ ਨੇ ਉਸ ਨਾਲ ਜਬਰ ਜਨਾਹ ਕੀਤਾ।

ਕੈਨੇਡਾ: ਘਰ ਵਿਚ ਧਮਾਕੇ ਕਾਰਨ ਪੰਜਾਬੀ ਦੀ ਮੌਤ

ਟੋਰਾਂਟੋ: ਨਾਭਾ ਦੇ ਰਹਿਣ ਵਾਲੇ ਜਸਮੇਲ ਸਿੰਘ ਦੀ ਕੈਨੇਡਾ ਦੇ ਐਬਟਸਫੋਰਡ ਸਥਿਤ ਘਰ ਵਿਚ ਹੋਏ ਧਮਾਕੇ ਦੌਰਾਨ ਮੌਤ ਹੋ ਗਈ। ਮ੍ਰਿਤਕ ਜਸਮੇਲ ਸਿੰਘ ਦਾ ਪਰਿਵਾਰ ਪਿਛਲੇ 30 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਸੀ। ਘਰ 'ਚ ਜਸਮੇਲ ਦੀ ਛੋਟੀ ਧੀ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕੈਨੇਡੀਅਨ ਮੀਡੀਆ ਮੁਤਾਬਕ ਪੁਲਿਸ ਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਤੇ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਵਿਆਹ ਕਾਰਨ ਘਰ ਵਿਚ ਮਠਿਆਈਆਂ ਬਣ ਰਹੀਆਂ ਸਨ ਤੇ ਸਿਲੰਡਰ ਫਟਣ ਨਾਲ ਇਹ ਹਾਦਸਾ ਵਾਪਰਿਆ। ਧਮਾਕੇ ਦੌਰਾਨ ਘਰ ਵਿਚ 8 ਹੋਰ ਮੈਂਬਰ ਮੌਜੂਦ ਸਨ ਜਿਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਮ੍ਰਿਤਕ ਜਸਮੇਲ ਦੇ ਜਵਾਈ ਬਬਲੂ ਖੋਰਾ ਨੇ ਦੱਸਿਆ ਕਿ ਘਰ ਵਿਚ ਪਾਠ ਦੀ ਸਮਾਪਤੀ ਤੋਂ ਬਾਅਦ ਜਸਮੇਲ ਸਿੰਘ ਗੈਰਾਜ 'ਚ ਗਏ ਸਨ ਜਿਥੇ ਇਹ ਧਮਾਕਾ ਹੋਇਆ। ਧਮਾਕੇ 'ਚ ਵਿਆਹ ਵਾਲੀ ਕੁੜੀ ਨੂੰ ਦਿੱਤੇ ਜਾਣ ਵਾਲੇ ਤੋਹਫੇ, ਗਹਿਣੇ ਤੇ ਹੋਰ ਸਾਮਾਨ ਤਬਾਹ ਹੋ ਗਿਆ।

ਧਾਰਾ 35ਏ ਕਿਸੇ ਖੇਤਰ ਜਾਂ ਧਰਮ ਤੱਕ ਸੀਮਤ ਨਹੀਂ: ਮਹਿਬੂਬਾ

ਸ੍ਰੀਨਗਰ: ਭਾਜਪਾ ਦੇ ਦੋ ਵਿਧਾਇਕਾਂ ਵੱਲੋਂ ਧਾਰਾ 35 ਏ ਦਾ ਸਮਰਥਨ ਕਰਨ ਦਾ ਹਵਾਲਾ ਦਿੰਦਿਆਂ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਬਚਾਅ ਕੇ ਰੱਖਣਾ ਹੁਣ ਕਿਸੇ ਇਕ ਖਾਸ ਖੇਤਰ

ਜਾਂ ਧਰਮ ਤੱਕ ਸੀਮਤ ਨਹੀਂ ਰਿਹਾ, ਕਿਉਂਕਿ ਲੋਕਾਂ ਨੂੰ ਇਸ ਦੀ ਅਹਿਮੀਅਤ ਦਾ ਅਹਿਸਾਸ ਹੋ ਗਿਆ ਹੈ।

ਉਹ ਜੰਮੂ ਖੇਤਰ ਦੇ ਦੋ ਭਾਜਪਾ ਵਿਧਾਇਕਾਂ ਦੇ ਸੰਵਿਧਾਨ ਦੀ ਧਾਰਾ 35 ਏ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀਆਂ ਰਿਪੋਰਟਾਂ ਦਾ ਹਵਾਲਾ ਦੇ ਰਹੇ ਸਨ। ਇਹ ਧਾਰਾ ਜੰਮੂ ਕਸ਼ਮੀਰ ਵਿਧਾਨ ਮੰਡਲ ਦੇ ਸਥਾਈ ਨਾਗਰਿਕਾਂ ਨੂੰ ਪਰਿਭਾਸ਼ਤ ਕਰਨ ਅਤੇ ਉਨ੍ਹਾਂ ਨੂੰ ਵਿਸ਼ੇਸ਼ ਹੱਕ ਦਿੰਦੀ ਹੈ। ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।

ਫਰਾਂਸ ਵਿਚ ਸਾਫ-ਸਫਾਈ ਦਾ ਜਿੰਮਾ ਕਾਂਵਾਂ ਨੂੰ ਸੌਂਪਿਆ

ਪੈਰਿਸ: ਪੰਜਾਬ ਦੀਆਂ 'ਬਾਤਾਂ' ਵਿਚ ਕਾਂ ਨੂੰ ਅਕਸਰ ਖਲਨਾਇਕ ਪੰਛੀ ਵਜੋਂ ਚਿਤਵਿਆ ਜਾਂਦਾ ਰਿਹਾ ਹੈ, ਪਰ ਦੁਨੀਆਂ ਦੇ ਦੂਜੇ ਕੋਨੇ ਵਿਚ ਇਹ ਖਲਨਾਇਕ ਪੰਛੀ ਬੇਹੱਦ ਸਕਾਰਾਤਮਕ ਕੰਮ ਕਰਨ ਵਿਚ ਰੁੱਝਿਆ ਹੋਇਆ ਹੈ। ਦਰਅਸਲ, ਫਰਾਂਸ ਦੇ ਇਕ ਪਾਰਕ ਦੀ ਸਫਾਈ ਦਾ ਜਿੰਮਾ 6 ਕਾਂਵਾਂ ਨੂੰ ਸੌਂਪਿਆ ਗਿਆ ਹੈ। ਕਾਂਵਾਂ ਨੂੰ ਵਿਸ਼ੇਸ਼ ਕਿਸਮ ਦੀ ਸਿਖਲਾਈ ਵੀ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਇਨ੍ਹਾਂ 6 ਕਾਂਵਾਂ ਨੂੰ ਪੈਰਿਸ ਦੇ ਇਤਿਹਾਸਕ 'ਬੀਮ ਪਾਰਕ' ਨੂੰ ਸਾਫ-ਸੁਥਰਾ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਕਾਂਵਾਂ ਦੇ ਸਰਦਾਰ ਰੂਕਸ, ਕੈਰੀਅਨ ਪ੍ਰਜਾਤੀ ਦਾ ਕਾਂ ਹੈ ਤੇ ਇਸ ਕੰਮ ਲਈ ਇਨ੍ਹਾਂ ਦੀ ਚੋਣ ਆਮ ਨਾਲੋਂ ਵੱਧ ਸਿਆਣੇ ਹੋਣ ਕਰ ਕੇ ਕੀਤੀ ਗਈ ਹੈ। ਕਾਂਵਾਂ ਦਾ ਇਹ ਪਰਿਵਾਰ ਪਾਰਕ ਵਿਚ ਪਏ ਕਚਰੇ ਦੇ ਛੋਟੇ-ਛੋਟੇ ਟੁਕੜੇ (ਜਿਵੇਂ ਸਿਗਰਟ ਦਾ ਬਚਿਆ ਹਿੱਸਾ ਜਾਂ ਛੋਟੇ ਲਿਫਾਫ਼ੇ) ਕੂੜੇਦਾਨ ਵਿਚ ਸੁੱਟ ਦਿੰਦੇ ਹਨ। ਇਸ 'ਡਿਊਟੀ' ਬਦਲੇ ਇਨ੍ਹਾਂ ਨੂੰ ਕੁਝ ਖਾਣ ਨੂੰ ਦਿੱਤਾ ਜਾਂਦਾ ਹੈ। ਇਨ੍ਹਾਂ ਕਾਂਵਾਂ ਨੂੰ ਫਰਾਂਸ ਦੇ 'ਪੀ ਡੁ ਫੂ' ਪਾਰਕ ਵਿਚ ਰੱਖਿਆ ਗਿਆ ਹੈ।

ਨਿਕੋਲਸ ਡੀ ਵਿਲੀਅਰਜ਼ ਕਹਿੰਦੇ ਹਨ ਕਿ ਉਨ੍ਹਾਂ ਦਾ ਉਦੇਸ਼ ਸਿਰਫ ਸਫਾਈ ਨਹੀਂ ਹੈ ਕਿਉਂਕਿ ਇਥੇ ਆਉਣ ਵਾਲੇ ਲੋਕ ਖੁਦ ਵੀ ਸਫਾਈ ਦਾ ਧਿਆਨ ਰੱਖਦੇ ਹਨ, ਸਗੋਂ ਇਹ ਦਰਸਾਉਣਾ ਹੈ ਕਿ ਕੁਦਰਤ ਖੁਦ ਸਾਨੂੰ ਵਾਤਾਵਰਨ ਨੂੰ ਸਾਫ ਰੱਖਣਾ ਸਿਖਾ ਰਹੀ ਹੈ। ਰੂਕਸ ਦੇ ਪਰਿਵਾਰ ਨੂੰ ਮਨੁੱਖਾਂ ਨਾਲ ਸੰਚਾਰ ਕਰਨਾ ਵਧੀਆ ਲੱਗਦਾ ਹੈ ਤੇ ਉਹ ਖੇਡ-ਖੇਡ 'ਚ ਮਨੁੱਖਾਂ ਨਾਲ ਰਿਸ਼ਤਾ ਬਣਾ ਲੈਂਦੇ ਹਨ। ਨਿਕੋਲਸ ਨੇ ਦੱਸਿਆ ਕਿ ਇਨ੍ਹਾਂ ਕਾਂਵਾਂ ਵਾਲੇ ਸੰਚਾਰ ਗੁਣ ਆਸਟਰੇਲੀਅਨ ਮੈਗਪੀਅਜ਼ ਨਾਂ ਦੇ ਪੰਛੀ ਵਿਚ ਵੀ ਪਾਏ ਜਾਂਦੇ ਹਨ।

ਵੀਜ਼ਾ ਮਿਆਦ ਮੁੱਕਣ ਪਿੱਛੋਂ ਵੀ 21 ਹਜ਼ਾਰ ਭਾਰਤੀਆਂ ਨੇ ਅਮਰੀਕਾ 'ਚ ਲਾਏ ਡੇਰੇ

ਵਾਸ਼ਿੰਗਟਨ: 2017 ਵਿਚ 21000 ਤੋਂ ਵੱਧ ਭਾਰਤੀ ਆਪਣੇ ਵੀਜ਼ੇ ਦੀ ਮਿਆਦ ਤੋਂ ਬਾਅ

ਪੰਜਾਬ ਟਾਈਮਜ਼

ਸਨਿਚਰਵਾਰ, 18 ਅਗਸਤ 2018

ਰਿਫਰੈਂਡਮ, ਸਿੱਖ ਅਤੇ ਸਰਕਾਰਾਂ

ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ 'ਰਿਫਰੈਂਡਮ-2020' ਵਾਲਾ ਸਮਾਗਮ ਆਖਰਕਾਰ ਹੋ ਗਿਆ ਹੈ। ਇਸ ਸਮਾਗਮ ਤੋਂ ਬਾਅਦ ਦੋਹਾਂ ਧਿਰਾਂ- 'ਸਿੱਖਸ ਫਾਰ ਜਸਟਿਸ' ਅਤੇ ਭਾਰਤ ਸਰਕਾਰ ਨੇ ਤਸੱਲੀ ਪ੍ਰਗਟ ਕੀਤੀ ਹੈ। ਇਹ ਸਮਾਗਮ ਰੋਕਣ ਲਈ ਭਾਰਤ ਦੀ ਮੋਦੀ ਸਰਕਾਰ ਨੇ ਬੜਾ ਉਚੇਚ ਕੀਤਾ ਸੀ ਪਰ ਕੋਈ ਪੇਸ਼ ਨਹੀਂ ਗਈ। ਇਸ ਬਾਰੇ ਇੰਗਲੈਂਡ ਦੀ ਮੌਜੂਦਾ ਸਰਕਾਰ ਦਾ ਸਾਫ ਅਤੇ ਸਪਸ਼ਟ ਸੁਨੇਹਾ ਸੀ ਕਿ ਜੇ ਕੋਈ ਧਿਰ ਸ਼ਾਂਤਮਈ ਢੰਗ ਨਾਲ ਕੋਈ ਸਰਗਰਮੀ ਕਰਦੀ ਹੈ ਤਾਂ ਕਿਸੇ ਵਿਧਾਨ ਮੁਤਾਬਕ ਉਸ ਨੂੰ ਰੋਕਿਆ ਨਹੀਂ ਜਾ ਸਕਦਾ, ਉਸ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਹੈ। ਮੋਦੀ ਸਰਕਾਰ ਦੇ ਨੁਮਾਇੰਦਿਆਂ ਨੇ ਰਿਫਰੈਂਡਮ ਵਾਲੇ ਸਮਾਗਮ ਦੇ ਐਨ ਬਰਾਬਰ ਸਮਾਗਮ ਰਚਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਇੰਗਲੈਂਡ ਸਰਕਾਰ ਨੇ ਸੁਰੱਖਿਆ ਦਾ ਪੱਖ ਵਿਚਾਰ ਕੇ ਅਜਿਹੇ ਕਿਸੇ ਸਮਾਗਮ ਜਾਂ ਸਰਗਰਮੀ ਦੀ ਆਗਿਆ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਸਿੱਟੇ ਵਜੋਂ ਇਨ੍ਹਾਂ 'ਭਾਰਤਵਾਦੀਆਂ' ਨੂੰ ਸਮਾਗਮ ਨੇ ਨੇੜੇ ਬਣਦਾ-ਸਰਦਾ ਰੋਸ ਪ੍ਰਗਟਾ ਕੇ ਬੁੱਤਾ ਸਾਰਨਾ ਪਿਆ। ਉਂਜ, ਦੋਵੇਂ ਧਿਰਾਂ ਆਪੋ-ਆਪਣੇ ਕਾਰਜਾਂ ਵਿਚ ਸਫਲ ਰਹਿਣ ਦੇ ਦਾਅਵੇ ਕਰ ਰਹੀਆਂ ਹਨ। ਭਾਰਤ, ਇੰਗਲੈਂਡ ਅਤੇ ਹੋਰ ਥਾਂਈਂ ਵੱਸਦੇ ਲੋਕਾਂ, ਜਿਨ੍ਹਾਂ ਦਾ ਪੰਜਾਬ ਅਤੇ ਸਿੱਖਾਂ ਨਾਲ ਸਿੱਧਾ-ਅਸਿੱਧਾ ਲਾਗਾ-ਦੇਗਾ ਹੈ, ਉਨ੍ਹਾਂ ਨੇ ਦੋਹਾਂ ਧਿਰਾਂ ਦੀ ਇਸ ਕਵਾਇਦ ਬਾਰੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ। 'ਸਿੱਖਸ ਫਾਰ ਜਸਟਿਸ' ਦੀ ਨੁਕਤਾਚੀਨੀ ਕਈ ਪੱਖਾਂ ਤੋਂ ਹੋਈ ਹੈ ਕਿਉਂਕਿ ਇਸ ਸਮਾਗਮ ਬਾਰੇ ਜਿਸ ਤਰ੍ਹਾਂ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਗਿਆ ਸੀ, ਉਸ ਤਰ੍ਹਾਂ ਦੀ ਕੋਈ ਸਰਗਰਮੀ ਸਾਹਮਣੇ ਨਹੀਂ ਆਈ ਹੈ। ਸਮਾਗਮ ਦੇ ਬੁਲਾਰਿਆਂ ਵਿਚੋਂ ਇਕ ਵੀ ਜਣਾ ਅਜਿਹਾ ਭਾਸ਼ਣ ਨਹੀਂ ਦੇ ਸਕਿਆ ਜਾਂ ਅਜਿਹਾ ਤੱਥ ਸਾਹਮਣੇ ਨਹੀਂ ਲਿਆ ਸਕਿਆ ਜਿਸ ਨਾਲ ਸਮੁੱਚੇ ਸੰਸਾਰ ਅੰਦਰ ਇਸ ਸਮਾਗਮ ਦੀ ਪੈਂਠ ਬੈਠ ਜਾਂਦੀ। ਹਾਲਾਂਕਿ ਸਭ ਦੀਆਂ ਨਜ਼ਰਾਂ ਜਾਰੀ ਹੋਣ ਵਾਲੇ ਐਲਾਨਨਾਮੇ ਉਤੇ ਲੱਗੀਆਂ ਹੋਈਆਂ ਸਨ ਪਰ ਅਜਿਹਾ ਕੁਝ ਨਹੀਂ ਵਾਪਰਿਆ ਅਤੇ ਇਹ ਸਮਾਗਮ ਕੁਝ ਲੀਡਰਾਂ ਦੇ ਭਾਸ਼ਣਾਂ ਅਤੇ ਲੋਕਾਂ ਦਾ ਇਕੱਠ ਬਣ ਕੇ ਰਹਿ ਗਿਆ। ਅਸਲ ਵਿਚ ਇਸ ਸਮਾਗਮ ਤੋਂ ਪਹਿਲਾਂ 'ਸਿੱਖਸ ਫਾਰ ਜਸਟਿਸ' ਦੇ ਕਰਤਾ-ਧਰਤਾ ਗੁਰਪਤਵੰਤ ਸਿੰਘ ਪੰਨੂ ਦੀ ਕਾਰਕਰਦਗੀ ਬਾਰੇ ਸਵਾਲ ਉਠਦੇ ਰਹੇ ਹਨ ਜਿਨ੍ਹਾਂ ਦਾ ਉਨ੍ਹਾਂ ਕਦੇ ਜਵਾਬ ਨਹੀਂ ਦਿੱਤਾ। ਇਸ ਸਮਾਗਮ ਬਾਰੇ ਵੀ ਉਨ੍ਹਾਂ ਤੋਂ ਪੰਜਾਬ ਦੀਆਂ ਕੁਝ ਜਥੇਬੰਦੀਆਂ ਨੇ ਸਵਾਲ ਪੁੱਛੇ ਸਨ। ਇਹ ਜਥੇਬੰਦੀਆਂ ਵੀ ਪੰਨੂ ਵਾਂਗ ਵੱਖਰੀ ਸਿੱਖ ਸਟੇਟ ਦੀ ਕਾਇਮੀ ਦੀਆਂ ਦਾਅਵੇਦਾਰ ਹਨ ਅਤੇ ਆਪੋ-ਆਪਣੇ ਵਿਤ ਮੁਤਾਬਕ ਸਰਗਰਮੀ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਸਵਾਲਾਂ ਤੋਂ ਅਗਾਂਹ ਵੱਡਾ ਸਵਾਲ ਇਹ ਬਣ ਗਿਆ ਕਿ ਹਮਖਿਆਲਾਂ ਨਾਲ ਸੰਵਾਦ ਰਚਾਏ ਬਗੈਰ ਜਾਂ ਹੋਰ ਪਾਸਿਓਂ ਹਮਾਇਤ ਜੁਟਾਏ ਬਗੈਰ ਸਿਰਫ ਆਪਣੀ ਡਫਲੀ ਵਜਾ ਕੇ ਸਿੱਖ ਸਟੇਟ ਦੀ ਕਾਇਮੀ ਕਿਸ ਤਰ੍ਹਾਂ ਸੰਭਵ ਹੈ?

ਦੂਜੇ ਬੰਨੇ ਭਾਰਤ ਸਰਕਾਰ ਅਤੇ ਭਾਰਤਵਾਦੀਆਂ ਅੱਗੇ ਵੀ ਬਹੁਤ ਸਾਰੇ ਸਵਾਲ ਖੜ੍ਹੇ ਹਨ। ਇਨ੍ਹਾਂ ਵਿਚੋਂ ਬਹੁਤੇ ਸਵਾਲ ਸਰਕਾਰ ਦੀ ਵੱਖ-ਵੱਖ ਭਾਈਚਾਰਿਆਂ ਬਾਰੇ ਵੱਖ-ਵੱਖ ਪਹੁੰਚ ਸਬੰਧੀ ਹਨ। ਇਸੇ ਹਫਤੇ ਮਹਾਰਾਸ਼ਟਰ ਦੇ ਅਤਿਵਾਦ-ਵਿਰੋਧੀ ਦਸਤੇ (ਏ. ਟੀ. ਐਸ.) ਨੇ ਕੁਝ ਹਿੰਦੂ ਜਥੇਬੰਦੀਆਂ ਨਾਲ ਸਬੰਧਤ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਇਨ੍ਹਾਂ ਕੋਲੋਂ ਵੱਡੀ ਮਾਤਰਾ ਵਿਚ ਅਸਲਾ ਵੀ ਬਰਾਮਦ ਕੀਤਾ ਗਿਆ ਹੈ। ਇਨ੍ਹਾਂ ਗ੍ਰਿਫਤਾਰੀਆਂ ਦੀਆਂ ਲੜੀਆਂ ਅਗਾਂਹ ਤਰਕਸ਼ੀਲ ਆਗੂ ਨਰੇਂਦਰ ਦਾਭੋਲਕਰ, ਗੋਬਿੰਦ ਪਾਨਸਰੇ, ਐਮ. ਐਮ. ਕੁਲਬਰਗੇ ਅਤੇ ਗੌਰੀ ਲੰਕੇਸ਼ ਵਰਗੇ ਬੁੱਧੀਜੀਵੀਆਂ ਦੇ ਕਤਲਾਂ ਨਾਲ ਜਾ ਜੁੜੀਆਂ ਹਨ। ਇਨ੍ਹਾਂ ਬੁੱਧੀਜੀਵੀਆਂ ਨੇ ਹਿੰਦੂਤਵਵਾਦੀਆਂ ਖਿਲਾਫ ਜਾਗਰੂਕਤਾ ਵਾਲਾ ਮੋਰਚਾ ਸੰਭਾਲਿਆ ਹੋਇਆ ਸੀ ਪਰ ਭਾਰਤ ਸਰਕਾਰ ਦੀ ਅਜਿਹੀਆਂ ਜਥੇਬੰਦੀਆਂ ਬਾਰੇ ਪਹੁੰਚ ਐਨ ਵੱਖਰੀ ਹੈ। ਮਹਾਂਰਾਸ਼ਟਰ ਸਰਕਾਰ ਨੇ ਸਨਾਤਨ ਸੰਸਥਾ ਉਤੇ ਪਾਬੰਦੀ ਦੀ ਬੇਨਤੀ ਕੇਂਦਰੀ ਗ੍ਰਹਿ ਮੰਤਰਾਲੇ ਕੋਲ 2015 ਵਿਚ ਕੀਤੀ ਸੀ ਪਰ ਇਸ ਬੇਨਤੀ ਉਤੇ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਸੂਹ ਮਿਲੀ ਹੈ ਕਿ ਇਸ ਸੰਸਥਾ ਦੀਆਂ ਵੱਖ-ਵੱਖ ਸੂਬਿਆਂ ਅਤੇ ਸ਼ਹਿਰਾਂ ਵਿਚ ਆਜ਼ਾਦ ਇਕਾਈਆਂ ਹਨ। ਇਸ ਤੋਂ ਪਹਿਲਾਂ ਮੋਦੀ ਸਰਕਾਰ ਦੀ ਜੋ ਪਹੁੰਚ ਅਜਿਹੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਪ੍ਰਤੀ ਰਹੀ ਹੈ, ਉਹ ਵੀ ਜੱਗ ਜਾਹਰ ਹੈ। ਇਨ੍ਹਾਂ ਸੰਸਥਾਵਾਂ ਜਾਂ ਜਥੇਬੰਦੀਆਂ ਵੱਲੋਂ ਪਹਿਲਾਂ ਜਿੰਨੀਆਂ ਵੀ ਹਿੰਸਕ ਕਾਰਵਾਈਆਂ ਕੀਤੀਆਂ ਗਈਆਂ, ਉਨ੍ਹਾਂ ਵਿਚੋਂ ਕਈ ਕੇਸ ਰਫਾ-ਦਫਾ ਕਰਵਾ ਦਿੱਤੇ ਗਏ ਹਨ ਅਤੇ ਬਹੁਤਿਆਂ ਵਿਚੋਂ ਦੋਸ਼ੀ ਬਰੀ ਹੋ ਚੁਕੇ ਹਨ। ਇਨ੍ਹਾਂ ਹਿੰਸਕ ਕਾਰਵਾਈਆਂ ਦੀ ਸੂਚੀ ਬਹੁਤ ਲੰਮੀ ਹੈ। 29 ਸਤੰਬਰ 2008 ਨੂੰ ਮਹਾਂਰਾਸ਼ਟਰ ਵਿਚ ਮਾਲੇਗਾਓਂ ਅਤੇ ਗੁਜਰਾਤ ਵਿਚ ਮੋਡਾਸਾ ਵਿਚ ਹੋਏ ਬੰਬ ਧਮਾਕਿਆਂ ਵਿਚ 7 ਬੰਦੇ ਮਾਰੇ ਗਏ ਸਨ ਤੇ 100 ਜ਼ਖਮੀ ਹੋ ਗਏ ਸਨ। ਇਸੇ ਤਰ੍ਹਾਂ 18 ਫਰਵਰੀ 2007 ਨੂੰ ਹਰਿਆਣਾ ਦੇ ਪਾਣੀਪਤ ਨੇੜੇ ਪਿੰਡ ਦਿਵਾਨਾ ਕੋਲ ਸਮਝੌਤਾ ਐਕਸਪ੍ਰੈਸ ਦੇ ਦੋ ਡੱਬਿਆਂ ਵਿਚ ਬੰਬ ਫਟੇ ਸਨ, ਜੋ ਲਾਹੌਰ ਜਾ ਰਹੀ ਸੀ। ਗੱਡੀ ਵਿਚ ਸਵਾਰ ਔਰਤਾਂ ਤੇ ਬੱਚਿਆਂ ਸਮੇਤ 68 ਮੁਸਾਫਰ ਮਾਰੇ ਗਏ ਸਨ ਅਤੇ 12 ਗੰਭੀਰ ਜ਼ਖਮੀ ਹੋਏ ਸਨ। 18 ਮਈ 2007 ਨੂੰ ਹੈਦਰਾਬਾਦ ਦੀ ਮੱਕਾ ਮਸਜਿਦ ਵਿਚ ਹੋਏ ਬੰਬ ਧਮਾਕਿਆਂ ਵਿਚ 14 ਬੰਦੇ ਮਾਰੇ ਗਏ ਸਨ। 11 ਅਕਤੂਬਰ 2007 ਨੂੰ ਅਜਮੇਰ ਦੀ ਦਰਗਾਹ ਸ਼ਰੀਫ ਵਿਚ ਬੰਬ ਧਮਾਕਿਆਂ ਵਿਚ ਤਿੰਨ ਬੰਦੇ ਮਾਰੇ ਗਏ ਸਨ। ਇਨ੍ਹਾਂ ਸਾਰੇ ਕੇਸਾਂ ਵਿਚੋਂ ਦੋਸ਼ੀਆਂ ਨੂੰ ਇਕ-ਇਕ ਕਰਕੇ ਬਰੀ ਕਰਵਾ ਦਿੱਤਾ ਗਿਆ। ਗੁਜਰਾਤ ਕਤਲੇਆਮ ਵਿਚ ਸਜ਼ਾਯਾਫਤਾ ਸਾਬਕਾ ਮੰਤਰੀ ਮਾਇਆ ਕੋਡਨਾਨੀ ਨੂੰ ਬਰੀ ਕਰਵਾਉਣ ਦੀ ਕਵਾਇਦ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਜਾਹਰ ਹੈ ਕਿ ਮੋਦੀ ਸਰਕਾਰ ਦੀ ਘੱਟਗਿਣਤੀਆਂ, ਇਹ ਭਾਵੇਂ ਮੁਸਲਮਾਨ ਹਨ, ਸਿੱਖ ਹਨ ਜਾਂ ਇਸਾਈ, ਪ੍ਰਤੀ ਪਹੁੰਚ ਦਵੈਖ ਵਾਲੀ ਹੈ। ਸਭ ਤੋਂ ਵੱਡੀ ਸਿਤਮਜ਼ਰੀਫੀ ਤਾਂ ਇਹ ਹੈ ਕਿ ਭਾਰਤ ਨੂੰ ਖੁਦ ਹਿੰਦੂ ਰਾਸ਼ਟਰ ਬਣਾਉਣ ਦੇ ਦਾਅਵੇ ਅਤੇ ਦਾਈਏ ਕਰਨ ਵਾਲੇ ਲੋਕ ਸਿੱਖ ਸਟੇਟ ਬਾਰੇ ਹੋ ਰਹੇ ਸਮਾਗਮ ਤੋਂ ਵੀ ਔਖੇ ਹਨ।

ਠਾਹ-ਸੋਟਾ

-ਚਾਚਾ ਬੇਲਿਹਾਜ਼

ਖਾਸ ਬਨਾਮ ਆਮ!

ਕਰੀ ਕੋਸ਼ਿਸ਼ ਸਤਾਰਾਂ ਦੇ ਵਿਚ ਜਿਹੜੀ, 'ਤੀਜੇ ਬਦਲ' ਨੂੰ ਮੋਹਰੇ ਲਿਆਉਣ ਵਾਲੀ।
ਹਾਲਤ ਬਣੀ ਕੀ ਓਸ ਦੀ ਦੇਖ ਲਓ ਜੀ, ਸਾਰੇ ਵਰਕਰਾਂ ਤਾਈਂ ਸ਼ਰਮਾਉਣ ਵਾਲੀ।
ਕੈਂਚੀ ਸੁੱਟ ਕੇ ਕਰੇ ਨਾ ਗੱਲ ਕੋਈ, ਨਾਲ ਸੂਈ ਦੇ ਫਟੇ ਮਿਲਾਉਣ ਵਾਲੀ।
ਲੱਗੇ ਅਗਲੀਆਂ ਪਿਛਲੀਆਂ ਫੋਲਣੇ 'ਤੇ, ਆਉਂਦੀ ਜਾਚ ਨਾ ਰੁੱਸੇ ਮਨਾਉਣ ਵਾਲੀ।
ਬੁੱਢੇ ਸਿਆਸਤੀ ਢੰਗ ਇਹ ਵਰਤ ਲੈਂਦੇ, ਦੰਡ ਭੇਦ ਜਾਂ ਸਾਮ ਤੇ ਦਾਮ ਦਾ ਜੀ।
'ਖਾਸ' ਲੋਕ ਹੀ ਸਿਆਸਤਾਂ ਖੇਡ ਸਕਦੇ, ਇਹ 'ਧੰਦਾ' ਨਹੀਂ ਬਣਿਆ 'ਆਮ' ਦਾ ਜੀ!

ਹਿੰਦੂਤਵੀ ਅਤਿਵਾਦ ਦੀਆਂ ਜੱਗ ਜਾਹਰ ਹੋ ਰਹੀਆਂ ਪਰਤਾਂ

ਬੂਟਾ ਸਿੰਘ
ਫੋਨ: 91-94634-74342

ਦਸ ਅਗਸਤ ਨੂੰ ਮਹਾਂਰਾਸ਼ਟਰ ਦੇ ਏ.ਟੀ.ਐਸ. (ਦਹਿਸ਼ਤਵਾਦ ਵਿਰੋਧੀ ਦਸਤੇ) ਵਲੋਂ ਮੁੰਬਈ ਅਤੇ ਪੁਣੇ ਤੋਂ ਤਿੰਨ ਜਣਿਆਂ ਵੈਭਵ ਰਾਵਤ, ਸ਼ਰਦ ਕਲਾਸਕਰ ਤੇ ਸੁਧਨਵਾ ਗੌਂਡਾਲੇਕਰ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਕੋਲੋਂ 8 ਤਿਆਰਸ਼ੁਦਾ ਬੰਬ ਅਤੇ ਬੰਬ ਬਣਾਉਣ ਵਿਚ ਵਰਤੀ ਜਾਣ ਵਾਲੀ ਸਮੱਗਰੀ ਦੀ ਥੋਕ ਵਿਚ ਬਰਾਮਦਗੀ ਨੇ ਸੰਘ ਬ੍ਰਿਗੇਡ ਦਾ ਦਹਿਸ਼ਤੀ ਚਿਹਰਾ ਇਕ ਵਾਰ ਫਿਰ ਬੇਨਕਾਬ ਕਰ ਦਿੱਤਾ ਹੈ। ਗ੍ਰਿਫ਼ਤਾਰ ਕੀਤੇ ਸ਼ਖਸ ਹਿੰਦੂ ਜਨਜਾਗਰਣ ਸਮਿਤੀ ਨਾਲ ਸਬੰਧਤ 'ਹਿੰਦੂ ਗੌਵੰਸ਼ ਰਕਸ਼ਾ ਸਮਿਤੀ' ਅਤੇ 'ਸ਼੍ਰੀਸ਼ਿਵ ਪਰਿਸਠਾਨ ਹਿੰਦੂਸਤਾਨ' ਦੇ ਕਾਰਕੁਨ ਹਨ। ਉਨ੍ਹਾਂ ਕੋਲੋਂ ਬੰਬ ਅਤੇ ਬੰਬ ਬਣਾਉਣ ਲਈ ਜੋ ਵਿਸਫੋਟਕ ਸਮਾਨ, ਡਾਇਆਗ੍ਰਾਮ ਅਤੇ ਲਿਟਰੇਚਰ ਵਗੈਰਾ ਬਰਾਮਦ ਹੋਇਆ ਹੈ, ਉਹ ਵਿਆਪਕ ਹਿੰਦੂਤਵੀ ਦਹਿਸ਼ਤਗਰਦ ਤਾਣੇ-ਬਾਣੇ ਦੀ ਮਹਿਜ਼ ਝਲਕ ਮਾਤਰ ਹੈ।

ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਵਿਚ ਸੰਘ ਪਰਿਵਾਰ ਦੇ ਕਾਰਕੁਨਾਂ ਦੇ ਘਰਾਂ ਵਿਚ ਬੰਬ ਫਟਣ ਅਤੇ ਹੋਰ ਥਾਵਾਂ ਉਪਰ ਹਿੰਦੂਤਵੀ ਲਸ਼ਕਰਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਦੀਆਂ ਖ਼ਬਰਾਂ ਕਈ ਵਾਰ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ। ਜੇ ਸਹੀ ਤਰੀਕੇ ਨਾਲ ਜਾਂਚ ਹੋਵੇ ਤਾਂ ਪੂਰੇ ਮੁਲਕ ਦੇ ਅੰਦਰ ਇਸ ਦਹਿਸ਼ਤੀ ਤਾਣੇ-ਬਾਣੇ ਵਲੋਂ ਜਮਾਂ ਕੀਤੇ ਘਾਤਕ ਹਥਿਆਰਾਂ ਦੇ ਜ਼ਖੀਰਿਆਂ ਅਤੇ ਸਿਖਲਾਈਯਾਫ਼ਤਾ ਦਹਿਸ਼ਤੀ ਦਸਤਿਆਂ ਦੀਆਂ ਪਰਤਾਂ ਸਾਹਮਣੇ ਆ ਸਕਦੀਆਂ ਹਨ ਜੋ ਜੰਗੀ ਪੈਮਾਨੇ 'ਤੇ ਤਿਆਰੀਆਂ ਦਾ ਹਿੱਸਾ ਹਨ। ਹਕੀਕਤ ਇਹ ਹੈ ਕਿ ਇਸ ਰਾਜ ਪ੍ਰਬੰਧ ਵਿਚ ਇਹ ਸੰਭਵ ਨਹੀਂ। ਕੋਈ ਵੀ ਹਾਕਮ ਜਮਾਤੀ ਪਾਰਟੀ ਆਰ.ਐਸ.ਐਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦਾ ਖ਼ੂਨੀ ਚਿਹਰਾ ਬੇਨਕਾਬ ਕਰਕੇ ਇਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਤਿਆਰ ਨਹੀਂ ਕਿਉਂਕਿ ਆਰ.ਐਸ.ਐਸ. ਨੇ ਦਹਾਕਿਆਂ ਦੌਰਾਨ ਫਿਰਕੂ ਉਚਜਾਤੀ ਪਾਲਾਬੰਦੀ ਰਾਹੀਂ ਉਚਜਾਤੀ ਹਿੰਦੂ ਅਵਾਮ ਨੂੰ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਹਿੰਦੂਤਵ ਦੇ ਏਜੰਡੇ ਉਪਰ ਲਾਮਬੰਦ ਕਰ ਲਿਆ ਹੈ ਅਤੇ ਕੋਈ ਵੀ ਪਾਰਟੀ ਕਾਰਵਾਈ ਕਰਕੇ ਸੰਘ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ।

ਹਿੰਦੂ ਜਨਜਾਗਰਣ ਸਮਿਤੀ ਗੋਆ ਆਧਾਰਤ ਸਨਾਤਨ ਸੰਸਥਾ ਵਲੋਂ ਖੜ੍ਹੀ ਕੀਤੀ ਫਰੰਟ ਜਥੇਬੰਦੀ ਹੈ। ਰਾਜਕੀ ਸਰਪ੍ਰਸਤੀ ਹਾਸਲ ਇਸੇ ਸਨਾਤਨ ਸੰਸਥਾ ਵਲੋਂ ਨਰਿੰਦਰ ਦਾਭੋਲਕਰ, ਡਾ. ਐਮ.ਐਮ. ਕਲਬੁਰਗੀ, ਗੋਬਿੰਦ ਪਾਨਸਰੇ ਅਤੇ ਗੌਰੀ ਲੰਕੇਸ਼ ਦੇ ਕਤਲ ਕਰਵਾਏ ਗਏ। ਗੌਰੀ ਲੰਕੇਸ਼ ਕਤਲ ਦੀ ਜਾਂਚ ਦੌਰਾਨ ਖੁਲਾਸਾ ਹੋ ਚੁੱਕਾ ਹੈ ਕਿ ਇਕੱਲੇ ਕਰਨਾਟਕਾ ਵਿਚ ਇਸੇ ਗਰੁੱਪ ਵਲੋਂ 60 ਵਿਅਕਤੀ ਭਰਤੀ ਕੀਤੇ ਗਏ ਜਿਨ੍ਹਾਂ ਵਿਚੋਂ 22 ਨੂੰ ਹਥਿਆਰ ਚਲਾਉਣ ਦੀ ਬਾਕਾਇਦਾ ਸਿਖਲਾਈ ਦਿੱਤੀ ਗਈ ਜਿਨ੍ਹਾਂ ਦੀ ਬਾਕਾਇਦਾ ਸ਼ਨਾਖ਼ਤ ਹੋ ਚੁੱਕੀ ਹੈ ਅਤੇ 12 ਜਣੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਇਨ੍ਹਾਂ ਕੋਲੋਂ 34 ਹੋਰ ਅਗਾਂਹਵਧੂ ਸ਼ਖਸੀਅਤਾਂ ਦੇ ਨਾਵਾਂ ਦੀ ਹਿੱਟ ਲਿਸਟ ਮਿਲੀ ਹੈ। ਹਾਲ ਹੀ ਵਿਚ ਜੇ.ਐਨ.ਯੂ. ਦੇ ਵਿਦਿਆਰਥੀ ਖਾਲਿਦ ਉਮਰ ਉਪਰ ਸੰਸਦ ਦੇ ਐਨ ਨੱਕ ਹੇਠ ਉਚ ਸੁਰੱਖਿਆ ਵਾਲੇ ਖੇਤਰ ਕਾਂਸਟੀਟਿਊਸ਼ਨ ਕਲੱਬ ਵਿਖੇ ਹਮਲਾ ਸਾਬਤ ਕਰਦਾ ਹੈ ਕਿ ਇਹ ਦਹਿਸ਼ਤੀ ਦਸਤੇ ਕਿੰਨੀ ਆਸਾਨੀ ਨਾਲ ਕਿਤੇ ਵੀ ਆਪਣੇ ਮਨਸੂਬਿਆਂ ਨੂੰ ਅੰਜਾਮ ਦੇ ਸਕਦੇ ਹਨ। ਸ੍ਰੀਸ਼ਿਵ ਪਰਿਸਥਾਨ ਆਰ.ਐਸ.ਐਸ. ਦੇ ਕੱਟੜ ਕਾਰਕੁਨ ਅਤੇ ਮੋਦੀ ਦੇ 'ਗੁਰੂ' ਸੰਭਾਜੀ ਭੀੜੇ ਵਲੋਂ ਖੜ੍ਹਾ ਕੀਤਾ ਉਚ ਜਾਤੀ ਹਿੰਦੂਤਵੀ ਮੁਹਾਜ਼ ਹੈ ਜਿਸ ਵਲੋਂ ਇਕ ਹੋਰ ਕੱਟੜ ਹਿੰਦੂਤਵੀ ਆਗੂ ਮਿਲਿੰਦ ਏਕਬੋਟੇ ਨਾਲ ਮਿਲ ਕੇ ਭੀਮਾ-ਕੋਰੇਗਾਓਂ ਵਿਖੇ ਦਲਿਤਾਂ ਉਪਰ ਯੋਜਨਾਬਧ ਹਿੰਸਕ ਹਮਲੇ ਕੀਤੇ ਗਏ ਸਨ। ਇਨ੍ਹਾਂ ਦੋਹਾਂ ਨੂੰ ਅੱਜ ਤਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਆਰ.ਐਸ.ਐਸ. ਆਗੂ ਹਮੇਸ਼ਾ ਇਹੀ ਦਾਅਵਾ ਕਰਦੇ ਹਨ ਕਿ ਸੰਘ ਦਾ ਇਨ੍ਹਾਂ ਜਥੇਬੰਦੀਆਂ ਨਾਲ ਕੋਈ ਸਬੰਧ ਨਹੀਂ ਅਤੇ ਇਹ ਬਾਹਰੋਂ ਹਿੰਦੂਤਵ ਦੀ ਹਮਾਇਤ ਕਰਦੀਆਂ ਹਨ। ਜਦਕਿ ਤੱਥ ਸਪਸ਼ਟ ਕਰਦੇ ਹਨ ਕਿ ਐਸਾ ਵੰਨ-ਸੁਵੰਨਾ, ਦੂਰ ਦੇ ਰਿਸ਼ਤੇ ਵਾਲਾ ਤਾਣਾ-ਬਾਣਾ ਸੰਘ ਦੀ ਬਾਕਾਇਦਾ ਯੁੱਧਨੀਤੀ ਹੈ ਅਤੇ ਇਹ ਸਾਰੇ ਮੁਹਾਜ਼ ਇਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ।

ਹਾਲੀਆ ਗ੍ਰਿਫ਼ਤਾਰੀਆਂ ਨੂੰ ਲੈ ਕੇ ਹਿੰਦੂਤਵ ਆਗੂਆਂ ਨੇ ਉਹੀ ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ ਕਿ ਏ.ਟੀ.ਐਸ. ਦੀ ਇਹ ਕਾਰਵਾਈ ਹਿੰਦੂਤਵ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਇਸ ਨੂੰ ਉਹ 'ਮਾਲੇਗਾਓਂ ਭਾਗ ਦੂਜਾ' ਦਾ ਨਾਂ ਦੇ ਰਹੇ ਹਨ। 'ਮਾਲੇਗਾਓਂ ਭਾਗ ਦੂਜਾ' ਤੋਂ ਉਨ੍ਹਾਂ ਦੀ ਮੁਰਾਦ ਕੀ ਹੈ? ਮਾਲੇਗਾਓਂ ਬੰਬ ਕਾਂਡ ਸਤੰਬਰ 2008 ਨੂੰ ਨਾਸਿਕ ਜ਼ਿਲ੍ਹੇ ਦੇ ਮਾਲੇਗਾਓਂ ਵਿਚ ਹੋਇਆ ਸੀ। ਇਹ 2007-2008 ਵਿਚ ਮੁਲਕ ਦੇ ਚੋਣਵੇਂ ਥਾਵਾਂ ਉਪਰ ਅੰਜਾਮ ਦਿੱਤੇ ਗਏ ਲੜੀਵਾਰ ਬੰਬ ਕਾਂਡਾਂ ਦਾ ਹਿੱਸਾ ਸੀ ਜਿਨ੍ਹਾਂ ਵਿਚ ਵੱਡੀ ਤਾਦਾਦ ਵਿਚ ਬੇਕਸੂਰ ਲੋਕ ਮਾਰੇ ਗਏ ਸਨ (29 ਸਤੰਬਰ 2008 ਨੂੰ ਮਹਾਂਰਾਸ਼ਟਰ ਵਿਚ ਮਾਲੇਗਾਓਂ ਅਤੇ ਗੁਜਰਾਤ ਵਿਚ ਮੋਡਾਸਾ ਵਿਚ ਹੋਏ ਬੰਬ ਧਮਾਕਿਆਂ ਵਿਚ 7 ਬੰਦੇ ਮਾਰੇ ਗਏ ਸਨ ਤੇ 100 ਜ਼ਖ਼ਮੀ ਹੋ ਗਏ ਸਨ। 18 ਫਰਵਰੀ 2007 ਨੂੰ ਹਰਿਆਣਾ ਦੇ ਪਾਣੀਪਤ ਨੇੜੇ ਦਿਵਾਨਾ ਪਿੰਡ ਕੋਲ ਸਮਝੌਤਾ ਐਕਸਪ੍ਰੈੱਸ ਦੇ ਦੋ ਡੱਬਿਆਂ ਵਿਚ ਬੰਬ ਫਟੇ ਸਨ ਜੋ ਲਾਹੌਰ ਜਾ ਰਹੀ ਸੀ।

ਇਹ ਹੈ ਮੋਦੀ ਦੀ ਐਮਰਜੈਂਸੀ...2

ਮੋਦੀ ਲਾਣੇ ਵੱਲੋਂ ਹਰ ਵਿਰੋਧੀ ਦੀ ਜ਼ੁਬਾਨਬੰਦੀ

ਏ.ਬੀ.ਪੀ. ਨਿਊਜ਼ ਤੋਂ ਵਿਦਾਇਗੀ ਦੀ ਕਹਾਣੀ, ਪੁਨਿਆ ਪ੍ਰਸੂਨ ਬਾਜਪਾਈ ਦੀ ਜ਼ੁਬਾਨੀ

ਏ.ਬੀ.ਪੀ. ਨਿਊਜ਼ ਚੈਨਲ ਵਲੋਂ ਤਿੰਨ ਸਿਰਕੱਢ ਪੱਤਰਕਾਰਾਂ ਨੂੰ ਲਾਂਭੇ ਕਰ ਦਿੱਤਾ ਗਿਆ। ਏ.ਬੀ.ਪੀ. ਨਿਊਜ਼ ਦੇ ਮੈਨੇਜਿੰਗ ਐਡੀਟਰ ਮਿਲਿੰਦ ਖਾਂਡੇਕਰ ਦੇ ਛੱਡਣ ਤੋਂ ਅਗਲੇ ਦਿਨ ਹੀ ਪ੍ਰਾਈਮ ਟਾਈਮ ਸ਼ੋਅ 'ਮਾਸਟਰ ਸਟਰੋਕ' ਦੇ ਸੰਚਾਲਕ ਪੁਨਿਆ ਪ੍ਰਸੂਨ ਬਾਜਪਾਈ ਨੇ ਵੀ ਇਸ ਸੰਸਥਾ ਨੂੰ ਅਲਵਿਦਾ ਕਹਿ ਦਿੱਤੀ। ਇਕ ਹੋਰ ਪੁਖਤਾ ਆਵਾਜ਼ ਅਭਿਸਾਰ ਸ਼ਰਮਾ ਨੂੰ 15 ਦਿਨ ਦੀ 'ਛੁੱਟੀ' ਉਤੇ ਭੇਜ ਦਿੱਤਾ। ਇਸ ਤੋਂ ਪਹਿਲਾਂ ਬਾਜਪਾਈ ਨੂੰ ਬਾਬਾ ਰਾਮਦੇਵ ਨੂੰ ਟੈਕਸ ਚੋਰੀ ਬਾਬਤ ਸਵਾਲ ਪੁੱਛਣ 'ਤੇ 'ਆਜ ਤਕ' ਚੈਨਲ ਤੋਂ ਅਸਤੀਫਾ ਦੇਣਾ ਪਿਆ ਸੀ। ਅਸਲ ਵਿਚ, 'ਮਨ ਕੀ ਬਾਤ' ਧੱਕੇ ਨਾਲ ਸੁਣਾਉਣ ਵਾਲੇ ਸੰਘ ਬ੍ਰਿਗੇਡ ਨੂੰ ਆਪਣੇ ਖਿਲਾਫ ਕੁਝ ਵੀ ਸੁਣਨਾ ਮਨਜ਼ੂਰ ਨਹੀਂ। ਹਾਲਾਤ ਦੀ ਇਸ ਨਜ਼ਾਕਤ ਨੂੰ ਪੁਨਿਆ ਪ੍ਰਸੂਨ ਬਾਜਪਾਈ ਨੇ ਵਿਸਤਾਰ ਵਿਚ ਬਿਆਨ ਕੀਤਾ ਹੈ ਕਿ ਕਿਵੇਂ ਗੋਡੇ ਟੇਕੂ ਮੀਡੀਆ ਮਾਲਕ, ਸੱਤਾਧਾਰੀਆਂ ਦੇ ਪੈਰਾਂ ਵਿਚ ਡਿਗ ਰਹੇ ਹਨ। ਪਿਛਲੀ ਵਾਰ ਪਾਠਕਾਂ ਨੇ ਇਸ ਲਿਖਤ ਦਾ ਪਹਿਲਾ ਹਿੱਸਾ ਪੜ੍ਹਿਆ। ਐਤਕੀਂ ਇਸ ਲੰਮੀ ਲਿਖਤ ਦਾ ਦੂਜਾ ਅਤੇ ਆਖਰੀ ਹਿੱਸਾ ਛਾਪਿਆ ਜਾ ਰਿਹਾ ਹੈ। ਇਸ ਲਿਖਤ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਚੇਚਾ ਕਰਕੇ ਭੇਜਿਆ ਹੈ। –ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਭਾਰਤ ਵਿਚ ਨਿਊਜ਼ ਚੈਨਲਾਂ ਦੇ ਕਾਰੋਬਾਰ ਦਾ ਸਭ ਤੋਂ ਵੱਡਾ ਆਧਾਰ ਕਿਉਂਕਿ ਇਸ਼ਤਿਹਾਰ ਹਨ, ਤੇ ਇਸ਼ਤਿਹਾਰ ਮਾਪਣ ਲਈ ਸੰਸਥਾ ਬਾਰਕ ਦੀ ਟੀ.ਆਰ.ਪੀ. ਰਿਪੋਰਟ ਹੈ। ਜੇ ਟੀ.ਆਰ.ਪੀ. ਇਹ ਦਿਖਾਉਣ ਲੱਗੇ ਕਿ ਮੋਦੀ ਸਰਕਾਰ ਦੀ ਸਫਲਤਾ ਨੂੰ ਰੱਦ ਕਰਦੀ ਰਿਪੋਰਟ ਨੂੰ ਲੋਕ ਪਸੰਦ ਕਰ ਰਹੇ ਹਨ ਤਾਂ ਫਿਰ ਉਹ ਨਿਊਜ਼ ਚੈਨਲ ਜੋ ਮੋਦੀ ਸਰਕਾਰ ਦੇ ਗੁਣਗਾਣ ਵਿਚ ਮਸਰੂਫ ਹਨ, ਉਨ੍ਹਾਂ ਦੇ ਸਾਹਮਣੇ ਵੱਕਾਰ ਅਤੇ ਵਪਾਰ, ਯਾਨੀ ਇਸ਼ਤਿਹਾਰ ਦੋਨਾਂ ਦਾ ਸੰਕਟ ਖੜ੍ਹਾ ਹੋ ਜਾਵੇਗਾ।

ਫਿਰ ਚੈਨਲ ਉਪਰ ਦਬਾਓ ਵਧਾਉਣ ਲਈ ਭਾਜਪਾ ਵਲੋਂ ਦੋ ਕਦਮ ਚੁੱਕੇ ਗਏ। ਪਹਿਲਾ, ਦੇਸ਼ ਭਰ ਵਿਚ ਏ.ਬੀ.ਪੀ. ਨਿਊਜ਼ ਦਾ ਬਾਈਕਾਟ ਹੋਇਆ। ਦੂਸਰਾ, ਏ.ਬੀ.ਪੀ. ਦਾ ਜੋ ਵੀ ਸਾਲਾਨਾ ਪ੍ਰੋਗਰਾਮ ਹੁੰਦਾ ਸੀ ਜਿਸ ਨਾਲ ਚੈਨਲ ਦਾ ਵੱਕਾਰ ਵੀ ਵਧਦਾ ਹੈ ਅਤੇ ਇਸ਼ਤਿਹਾਰਾਂ ਜ਼ਰੀਏ ਕਮਾਈ ਵੀ ਹੁੰਦੀ ਹੈ। ਮਸਲਨ ਏ.ਬੀ.ਪੀ. ਨਿਊਜ਼ ਚੈਨਲ ਦੇ ਸਿਖਰ ਸੰਮੇਲਨ ਪ੍ਰੋਗਰਾਮ ਵਿਚ ਸੱਤਾਧਾਰੀ-ਵਿਰੋਧੀ ਧਿਰ ਦੇ ਆਗੂ-ਮੰਤਰੀ ਪਹੁੰਚਦੇ ਅਤੇ ਜਨਤਾ ਦੇ ਸਵਾਲਾਂ ਦੇ ਜਵਾਬ ਦਿੰਦੇ। ਭਾਜਪਾ ਅਤੇ ਮੋਦੀ ਸਰਕਾਰ ਦੋਨਾਂ ਨੇ ਉਸ ਪ੍ਰੋਗਰਾਮ ਤੋਂ ਹੱਥ ਖਿੱਚ ਲਏ; ਯਾਨੀ ਕੋਈ ਮੰਤਰੀ ਪ੍ਰੋਗਰਾਮ ਵਿਚ ਨਹੀਂ ਜਾਵੇਗਾ।

ਜ਼ਾਹਿਰ ਹੈ, ਜਦੋਂ ਸੱਤਾ ਹੀ ਨਹੀਂ ਹੋਵੇਗੀ ਤਾਂ ਸਿਰਫ ਵਿਰੋਧੀ ਧਿਰ ਦੇ ਆਸਰੇ ਕੋਈ ਪ੍ਰੋਗਰਾਮ ਕਿਵੇਂ ਚੱਲ ਸਕਦਾ ਹੈ। ਹਰ ਨਿਊਜ਼ ਚੈਨਲ ਨੂੰ ਸਾਫ ਸੰਦੇਸ਼ ਦੇ ਦਿੱਤਾ ਗਿਆ ਕਿ ਵਿਰੋਧ ਕਰੋਗੇ ਤਾਂ ਚੈਨਲ ਦੇ ਕਾਰੋਬਾਰ ਉਪਰ ਅਸਰ ਪਵੇਗਾ। ਚਾਹੇ-ਅਣਚਾਹੇ ਮੋਦੀ ਸਰਕਾਰ ਨੇ ਸਾਫ ਸੰਕੇਤ ਦਿੱਤੇ ਕਿ ਸੱਤਾ ਆਪਣੇ ਆਪ ਵਿਚ ਕਾਰੋਬਾਰ ਹੈ ਅਤੇ ਚੈਨਲ ਵੀ ਬਿਨਾਂ ਕਾਰੋਬਾਰ ਨਹੀਂ ਚੱਲ ਸਕੇਗਾ। ਲੇਕਿਨ ਪਹਿਲੀ ਵਾਰ ਏ.ਬੀ.ਪੀ. ਨਿਊਜ਼ ਚੈਨਲ ਉਪਰ ਅਸਰ ਪਾਉਣ ਲਈ ਜਾਂ ਕਹਿ ਲਓ, ਕਿ ਕਿਤੇ ਸਾਰੇ ਚੈਨਲ ਮੋਦੀ ਸਰਕਾਰ ਦਾ ਗੁਣ-ਗਾਣ ਛੱਡ ਕੇ ਗਰਾਊਂਡ ਜ਼ੀਰੋ ਖਬਰਾਂ ਦਿਖਾਉਣ ਦੇ ਰਸਤੇ ਨਾ ਤੁਰ ਪੈਣ, ਉਸ ਨੂੰ ਰੋਕਣ ਲਈ ਸ਼ਾਇਦ ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਵਿਚ ਜਮਹੂਰੀਅਤ ਦਾ ਮਿੱਤਰ ਬਣ ਕੇ ਜਮਹੂਰੀਅਤ ਦਾ ਹੀ ਗਲਾ ਘੁੱਟਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

ਜਦੋਂ ਐਮਰਜੈਂਸੀ ਸੀ ਤਾਂ ਮੀਡੀਆ ਨੂੰ ਅਹਿਸਾਸ ਸੀ ਕਿ ਸੰਵਿਧਾਨਕ ਹੱਕ ਖਤਮ ਹਨ; ਲੇਕਿਨ ਇਥੇ ਤਾਂ ਜਮਹੂਰੀਅਤ ਦਾ ਰਾਗ ਹੈ ਅਤੇ 20 ਜੂਨ ਨੂੰ ਪ੍ਰਧਾਨ ਮੰਤਰੀ ਮੋਦੀ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਕਿਸਾਨ ਲਾਭਪਾਤਰਾਂ ਨਾਲ ਗੱਲਬਾਤ ਕਰਦੇ ਹਨ। ਉਸ ਗੱਲਬਾਤ ਵਿਚ ਸਭ ਤੋਂ ਅੱਗੇ ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਦੇ ਕਨਹਾਰਪੁਰੀ ਪਿੰਡ ਦੀ ਵਸਨੀਕ ਚੰਦਰਮਣੀ ਕੌਸ਼ਿਕ ਸੀ। ਉਸ ਨੂੰ ਜਦੋਂ ਪ੍ਰਧਾਨ ਮੰਤਰੀ ਨੇ ਕਮਾਈ ਬਾਰੇ ਪੁੱਛਿਆ ਤਾਂ ਬਹੁਤ ਹੀ ਸਾਦਾ ਤਰੀਕੇ ਨਾਲ ਚੰਦਰਮਣੀ ਨੇ ਦੱਸਿਆ ਕਿ ਕਿਵੇਂ ਉਸ ਦੀ ਆਮਦਨੀ ਦੁੱਗਣੀ ਹੋ ਗਈ। ਇਹ ਸੁਣ ਕੇ ਪ੍ਰਧਾਨ ਮੰਤਰੀ ਬਾਗ਼ੋਬਾਗ਼ ਹੋ ਗਏ, ਕਿਉਂਕਿ ਕਿਸਾਨਾਂ ਦੀ ਆਮਦਨੀ ਦੁੱਗਣੀ ਹੋਣ ਦਾ ਟੀਚਾ ਉਨ੍ਹਾਂ ਨੇ ਸਾਲ 2022 ਦਾ ਰੱਖਿਆ ਹੋਇਆ ਹੈ।

ਲਾਈਵ ਟੈਲੀਕਾਸਟ ਵਿਚ ਕੋਈ ਕਿਸਾਨ ਕਹੇ ਕਿ ਉਸ ਦੀ ਆਮਦਨੀ ਦੁੱਗਣੀ ਹੋ ਗਈ ਤਾਂ ਪ੍ਰਧਾਨ ਮੰਤਰੀ ਦਾ ਖੁਸ਼ ਹੋਣਾ ਤਾਂ ਬਣਦਾ ਹੀ ਹੈ ਪਰ ਰਿਪੋਰਟਰ-ਸੰਪਾਦਕ ਦੇ ਨਜ਼ਰੀਏ ਤੋਂ ਸਾਨੂੰ ਇਹ ਹਜ਼ਮ ਨਹੀਂ ਹੋਇਆ, ਕਿਉਂਕਿ ਛੱਤੀਸਗੜ੍ਹ ਉਂਜ ਵੀ ਦੇਸ਼ ਦੇ ਸਭ ਤੋਂ ਪਿਛੜੇ ਇਲਾਕਿਆਂ ਵਿਚੋਂ ਹੈ। ਫਿਰ ਕਾਂਕੇਰ ਜ਼ਿਲ੍ਹਾ, ਜਿਸ ਬਾਰੇ ਸਰਕਾਰੀ ਰਿਪੋਰਟ ਹੀ ਕਹਿੰਦੀ ਹੈ ਜੋ ਹੁਣ ਵੀ ਸਰਕਾਰੀ ਵੈੱਬਸਾਈਟ ਉਪਰ ਹੈ, ਕਿ ਇਹ ਦੁਨੀਆ ਦੇ ਸਭ ਤੋਂ ਪਿਛੜੇ ਇਲਾਕਿਆਂ, ਯਾਨੀ ਅਫਰੀਕਾ ਜਾਂ ਅਫਗਾਨਿਸਤਾਨ ਵਰਗਾ ਹੈ।

ਅਜਿਹੇ ਹਾਲਾਤ ਵਿਚ ਜਦੋਂ ਕੋਈ ਔਰਤ ਕਿਸਾਨ ਆਮਦਨੀ ਦੁੱਗਣੀ ਹੋਣ ਦੀ ਗੱਲ ਕਹਿ ਰਹੀ ਹੈ ਤਾਂ ਰਿਪੋਰਟਰ ਨੂੰ ਉਥੇ ਭੇਜਿਆ ਗਿਆ। 14 ਦਿਨ ਬਾਅਦ 6 ਜੁਲਾਈ ਨੂੰ ਇਹ ਰਿਪੋਰਟ ਨਸ਼ਰ ਕੀਤੀ ਗਈ ਕਿ ਕਿਵੇਂ ਔਰਤ ਨੂੰ ਦਿੱਲੀ ਤੋਂ ਗਏ ਅਧਿਕਾਰੀਆਂ ਨੇ ਸਿਖਾਇਆ ਸੀ ਕਿ ਉਸ ਨੇ ਪ੍ਰਧਾਨ ਮੰਤਰੀ ਦੇ ਸਾਹਮਣੇ ਕੀ ਬੋਲਣਾ ਹੈ, ਕਿਵੇਂ ਬੋਲਣਾ ਹੈ ਅਤੇ ਕਿਵੇਂ ਆਮਦਨੀ ਦੁੱਗਣੀ ਹੋਣ ਦੀ ਗੱਲ ਕਹਿਣੀ ਹੈ।

ਇਹ ਰਿਪੋਰਟ ਦਿਖਾਉਣ 'ਤੇ ਛੱਤੀਸਗੜ੍ਹ ਵਿਚ ਹੀ ਸਵਾਲ ਹੋਣ ਲੱਗੇ ਕਿ ਕਿਵੇਂ ਚੋਣਾਂ ਜਿੱਤਣ ਲਈ ਉਥੋਂ ਦੀ ਔਰਤ ਨੂੰ ਸਿਖਲਾਈ ਦਿੱਤੀ ਗਈ (ਜਿਥੇ ਪੰਜ ਮਹੀਨਿਆਂ ਤਕ ਚੋਣਾਂ ਹੋਣ ਵਾਲੀਆਂ ਹਨ)। ਇਸ ਰਿਪੋਰਟ ਨਾਲ ਤਿੰਨ ਸਵਾਲ ਪੈਦਾ ਹੋ ਗਏ। ਪਹਿਲਾ, ਕੀ ਅਧਿਕਾਰੀ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਲਈ ਇਹ ਸਭ ਕਰਦੇ ਹਨ। ਦੂਸਰਾ, ਕੀ ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਉਸ ਦੀ ਵਾਹ-ਵਾਹ ਹੋਵੇ, ਇਸ ਲਈ ਝੂਠ ਬੋਲਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਤੀਸਰਾ, ਕੀ ਪ੍ਰਚਾਰ-ਪ੍ਰਸਾਰ ਦਾ ਇਹੀ ਤੰਤਰ ਹੈ ਜੋ ਚੋਣਾਂ ਜਿੱਤ ਸਕਦਾ ਹੈ।

ਜੋ ਵੀ ਹੋਵੇ, ਇਸ ਰਿਪੋਰਟ ਤੋਂ ਦੁਖੀ ਮੋਦੀ ਸਰਕਾਰ ਨੇ ਏ.ਬੀ.ਪੀ. ਨਿਊਜ਼ ਚੈਨਲ ਉਪਰ ਇਹ ਕਹਿ ਕੇ ਸਿੱਧਾ ਹਮਲਾ ਵਿੱਢ ਦਿੱਤਾ ਕਿ ਜਾਣ-ਬੁੱਝ ਕੇ ਗ਼ਲਤ ਅਤੇ ਝੂਠੀ ਰਿਪੋਰਟ ਦਿਖਾਈ ਗਈ ਹੈ। ਸੂਚਨਾ ਤੇ ਪ੍ਰਸਾਰਨ ਮੰਤਰੀ ਸਮੇਤ ਤਿੰਨ ਕੇਂਦਰੀ ਮੰਤਰੀਆਂ ਨੇ ਇਕੋ ਜਿਹੇ ਟਵੀਟ ਕੀਤੇ ਅਤੇ ਚੈਨਲ ਦੇ ਵੱਕਾਰ ਉਪਰ ਹੀ ਸਵਾਲ ਉਠਾ ਦਿੱਤੇ। ਜ਼ਾਹਿਰ ਹੈ, ਇਹ ਦਬਾਓ ਸੀ। ਸਾਰੇ ਸਮਝ ਰਹੇ ਸਨ। ਇਸ ਦੇ ਮੱਦੇਨਜ਼ਰ ਤੱਥਾਂ ਸਹਿਤ ਦੁਬਾਰਾ ਰਿਪੋਰਟ ਫਾਈਲ ਕਰਨ ਲਈ ਜਦੋਂ ਰਿਪੋਰਟਰ ਗਿਆਨੇਂਦਰ ਤਿਵਾੜੀ ਨੂੰ ਭੇਜਿਆ ਗਿਆ ਤਾਂ ਪਿੰਡ ਦਾ ਮੰਜ਼ਰ ਹੀ ਵੱਖਰਾ ਸੀ। ਪਿੰਡ ਵਿਚ ਪੁਲਿਸ ਮੌਜੂਦ ਸੀ। ਸੂਬਾ ਸਰਕਾਰ ਦੇ ਵੱਡੇ ਵੱਡੇ ਅਧਿਕਾਰੀ ਇਸ ਭਰੋਸੇ ਨਾਲ ਭੇਜੇ ਗਏ ਸਨ ਕਿ ਰਿਪੋਰਟਰ ਦੁਬਾਰਾ ਉਸ ਔਰਤ ਤਕ ਨਾ ਪਹੁੰਚ ਸਕੇ ਪਰ ਰਿਪੋਰਟਰ ਦੇ ਮੁਕਾਬਲੇ ਭ੍ਰਿਸ਼ਟਾਚਾਰ ਉਪਰ ਪਰਦਾ ਪਾਉਣ ਗਏ ਅਧਿਕਾਰੀ ਜਾਂ ਪੁਲਿਸ ਵਾਲਿਆਂ ਵਿਚ ਐਨੀ ਨੈਤਿਕ ਤਾਕਤ ਨਹੀਂ ਸੀ। ਉਹ ਅਨੁਸ਼ਾਸਨ ਦੇ ਪਾਬੰਦ ਨਹੀਂ ਸਨ ਕਿ ਰਾਤ ਤਕ ਉਥੇ ਡਟੇ ਰਹਿੰਦੇ। ਉਹ ਦਿਨ ਦੇ ਚਾਨਣ ਵਿਚ ਖਾਨਾਪੂਰਤੀ ਕਰਕੇ ਚਲੇ ਗਏ। ਤ੍ਰਿਕਾਲਾਂ ਪੈਣ ਤੋਂ ਪਹਿਲਾਂ ਹੀ ਪਿੰਡ ਦੇ ਲੋਕਾਂ ਅਤੇ ਉਸ ਔਰਤ ਸਮੇਤ ਉਸ ਦੇ ਨਾਲ ਕੰਮ ਕਰਦੀਆਂ 12 ਔਰਤਾਂ ਦੇ ਸਮੂਹ ਨੇ ਚੁੱਪ ਤੋੜ ਕੇ ਸੱਚ ਬਿਆਨ ਕਰ ਦਿੱਤਾ ਕਿ ਹਾਲਤ ਤਾਂ ਹੋਰ ਖਸਤਾ ਹੋ ਗਈ ਹੈ।

9 ਜੁਲਾਈ ਨੂੰ 'ਸੱਚ' ਸੁਰਖੀ ਵਾਲੀ ਇਸ ਰਿਪੋਰਟ ਦੇ ਪ੍ਰਸਾਰਨ ਤੋਂ ਬਾਅਦ ਰਾਜ ਸਰਕਾਰ ਦੀ ਖਾਮੋਸ਼ੀ ਨੇ ਸੰਕੇਤ ਦੇ ਦਿੱਤਾ ਕਿ ਉਹ ਕੁਝ ਕਰਨਗੇ ਅਤੇ ਉਸੇ ਰਾਤ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਮਤਹਿਤ ਕੰਮ ਕਰਨ ਵਾਲੀ ਨਿਊਜ਼ ਚੈਨਲ ਮਾਨਿਟਰਿੰਗ ਟੀਮ ਵਿਚੋਂ ਇਕ ਸ਼ਖਸ ਨੇ ਫੋਨ ਕਰਕੇ ਦੱਸ ਦਿੱਤਾ ਕਿ ਤੁਹਾਡਾ 'ਮਾਸਟਰ ਸਟਰੋਕ' ਚੱਲਣ ਤੋਂ ਬਾਅਦ ਸਰਕਾਰ ਵਿਚ ਹਾਹਾਕਾਰ ਮੱਚੀ ਹੋਈ ਹੈ। ਸੂਚਨਾ ਤੇ ਪ੍ਰਸਾਰਨ ਮੰਤਰੀ ਨੇ ਬਾਕਾਇਦਾ ਏ.ਡੀ.ਜੀ. ਦੀ ਖਿਚਾਈ ਕੀਤੀ ਹੈ ਕਿ ਤੁਹਾਨੂੰ ਅੰਦੇਸ਼ਾ ਨਹੀਂ ਸੀ ਕਿ ਏ.ਬੀ.ਪੀ. ਨੇ ਸਾਡੇ ਟਵੀਟ ਤੋਂ ਬਾਅਦ ਵੀ ਰਿਪੋਰਟ ਫਾਈਲ ਕਰ ਦੇਣੀ ਹੈ। ਜੇ ਐਸਾ ਹੋ ਸਕਦਾ ਹੈ ਤਾਂ ਅਸੀਂ ਪਹਿਲਾਂ ਹੀ ਨੋਟਿਸ ਭੇਜ ਦਿੰਦੇ ਜਿਸ ਨਾਲ ਉਨ੍ਹਾਂ ਨੂੰ ਰਿਪੋਰਟ, ਪ੍ਰਸਾਰਨ ਤੋਂ ਪਹਿਲਾਂ ਸਾਨੂੰ ਦਿਖਾਉਣੀ ਪੈਂਦੀ।

ਜ਼ਾਹਿਰ ਹੈ, ਜਦੋਂ ਇਹ ਸਾਰੀ ਜਾਣਕਾਰੀ ਨੌਂ ਜੁਲਾਈ ਨੂੰ ਸਰਕਾਰੀ ਮਾਨਿਟਰਿੰਗ ਵਿਚ ਸੀਨੀਅਰ ਅਹੁਦੇ ਉਪਰ ਬੈਠੇ ਸ਼ਖਸ ਨੇ ਦਿੱਤੀ ਤਾਂ ਮੈਨੂੰ ਪੁੱਛਣਾ ਪਿਆ ਕਿ ਤੁਹਾਨੂੰ ਨੌਕਰੀ ਦਾ ਖਤਰਾ ਨਹੀਂ ਹੈ ਜੋ ਤੁਸੀਂ ਸਾਨੂੰ ਸਾਰੀ ਜਾਣਕਾਰੀ ਦੇ ਰਹੇ ਹੋ? ਉਸ ਸ਼ਖਸ ਨੇ ਸਾਫ ਕਿਹਾ ਕਿ 200 ਲੋਕਾਂ ਦੀ ਟੀਮ ਹੈ ਜਿਸ ਦੀ ਭਰਤੀ ਬ੍ਰਾਡਕਾਸਟਿੰਗ ਇੰਜਨੀਅਰਿੰਗ ਕਾਰਪੋਰੇਸ਼ਨ ਇੰਡੀਆ ਲਿਮਟਿਡ ਕਰਦੀ ਹੈ। ਛੇ ਮਹੀਨੇ ਦੇ ਠੇਕੇ ਉਪਰ ਰੱਖਦੀ ਹੈ, ਚਾਹੇ ਤੁਹਾਨੂੰ ਕੰਮ ਕਰਦਿਆਂ ਕਿੰਨੇ ਸਾਲ ਹੋ ਚੁੱਕੇ ਹੋਣ। ਛੁੱਟੀ ਦੀ ਕੋਈ ਸਹੂਲਤ ਨਹੀਂ। ਮਾਨਿਟਰਿੰਗ ਕਰਨ ਵਾਲਿਆਂ ਨੂੰ 28635 ਰੁਪਏ, ਸੀਨੀਅਰ



ਪੁਨਿਆ ਪ੍ਰਸੂਨ ਬਾਜਪਾਈ

ਮਾਨਿਟਰਿੰਗ ਕਰਨ ਵਾਲਿਆਂ ਨੂੰ 37350 ਰੁਪਏ ਅਤੇ ਸਮੱਗਰੀ ਉਪਰ ਨਜ਼ਰ ਰੱਖਣ ਵਾਲਿਆਂ ਨੂੰ 49500 ਰੁਪਏ ਮਿਲਦੇ ਹਨ। ਇੰਨੀ ਕੁ ਤਨਖਾਹ ਵਾਲੀ ਨੌਕਰੀ ਚਲੀ ਜਾਵੇ ਜਾਂ ਚੱਲਦੀ ਰਹੇ, ਕੀ ਫਰਕ ਪੈਂਦਾ ਹੈ।

ਲੇਕਿਨ ਸੱਚ ਤਾਂ ਇਹੀ ਹੈ ਕਿ ਪ੍ਰਾਈਮ ਟਾਈਮ ਦੇ ਬੁਲੇਟਿਨ ਉਪਰ ਨਜ਼ਰ ਰੱਖਣ ਵਾਲਿਆਂ ਨੇ ਇਹੀ ਰਿਪੋਰਟ ਕਰਨੀ ਹੁੰਦੀ ਹੈ ਕਿ ਚੈਨਲਾਂ ਵਲੋਂ ਪ੍ਰਧਾਨ ਮੰਤਰੀ ਨੂੰ ਕਿੰਨਾ ਵਕਤ ਦਿਖਾਇਆ ਗਿਆ। ਜੋ ਸਭ ਤੋਂ ਜ਼ਿਆਦਾ ਦਿਖਾਉਂਦਾ ਹੈ, ਉਸ ਨੂੰ ਸਭ ਤੋਂ ਵੱਧ ਚੰਗਾ ਮੰਨਿਆ ਜਾਂਦਾ ਹੈ।

ਅਸੀਂ ਤਾਂ 'ਮਾਸਟਰ ਸਟਰੋਕ' ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਖੂਬ ਦਿਖਾਉਂਦੇ ਹਾਂ। ਇਸ ਉਪਰ ਹੱਸਦੇ ਹੋਏ ਉਸ ਸ਼ਖਸ ਨੇ ਕਿਹਾ ਕਿ ਤੁਹਾਡੀ ਸਮੱਗਰੀ ਉਪਰ ਵੱਖਰੀ ਰਿਪੋਰਟ ਤਿਆਰ ਹੁੰਦੀ ਹੈ ਅਤੇ ਅੱਜ ਜੋ ਤੁਸੀਂ ਦਿਖਾਇਆ ਹੈ, ਉਸ ਤੋਂ ਬਾਅਦ ਤਾਂ ਕੁਝ ਵੀ ਹੋ ਸਕਦਾ ਹੈ। ਬਸ ਚੁਕੰਨੇ ਰਹੋ।

ਇਹ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ ਤੇ ਮੈਂ ਵੀ ਇਸ ਬਾਰੇ ਸੋਚਾਂ ਵਿਚ ਡੁੱਬ ਗਿਆ। ਇਸ ਦੀ ਚਰਚਾ ਚੈਨਲ ਦੇ ਅੰਦਰ ਵੀ ਹੋਈ ਲੇਕਿਨ ਇਹ ਕਿਸੇ ਨੇ ਨਹੀਂ ਸੀ ਸੋਚਿਆ ਕਿ ਹਮਲਾ ਤਿੰਨ ਪੱਧਰ ਉਪਰ ਹੋਵੇਗਾ ਅਤੇ ਹਮਲਾ ਐਸਾ ਹੋਵੇਗਾ ਕਿ ਜਮਹੂਰੀਅਤ ਮੂੰਹ ਅੱਡੀ ਦੇਖਦੀ ਰਹਿ ਜਾਵੇਗੀ ਕਿਉਂਕਿ ਜਮਹੂਰੀਅਤ ਦੇ ਨਾਂ ਉਪਰ ਹੀ ਜਮਹੂਰੀਅਤ ਦੀ ਸੰਘੀ ਨੱਪੀ ਜਾਵੇਗੀ।

ਅਗਲੇ ਹੀ ਦਿਨ ਰਾਤ ਦੇ ਨੌਂ ਵਜੇ ਏ.ਬੀ.ਪੀ. ਨਿਊਜ਼ ਚੈਨਲ ਦਾ ਸੈਟੇਲਾਈਟ ਲਿੰਕ ਟੁੱਟਣਾ ਸ਼ੁਰੂ ਹੋ ਗਿਆ। ਨੌਂ ਤੋਂ ਲੈ ਕੇ ਰਾਤ ਦੇ ਦਸ ਵਜੇ ਤਕ ਸੈਟੇਲਾਈਟ ਦੀ ਖਰਾਬੀ ਇਸ ਤਰ੍ਹਾਂ ਬਣੀ ਰਹੀ ਕਿ ਕੋਈ ਵੀ 'ਮਾਸਟਰ ਸਟਰੋਕ' ਨਾ ਦੇਖ ਸਕੇ ਜਾਂ ਦੇਖਣ ਵਾਲਾ ਚੈਨਲ ਹੀ ਬਦਲ ਦੇਵੇ। ਦਸ ਵੱਜਦੇ ਹੀ ਚੈਨਲ ਫਿਰ ਠੀਕ ਹੋ ਗਿਆ।

ਚੈਨਲ ਚਲਾਉਣ ਵਾਲਿਆਂ ਲਈ ਇਹ ਕਿਸੇ ਸਦਮੇ ਤੋਂ ਘੱਟ ਨਹੀਂ ਸੀ। ਇਸ ਹਾਲਤ ਵਿਚ ਚੈਨਲ ਦੇ ਮਾਲਕ ਅਤੇ ਐਡੀਟਰ-ਇਨ-ਚੀਫ ਨੇ ਤਮਾਮ ਟੈਕਨੀਸ਼ੀਅਨ ਨੂੰ ਲਗਾਇਆ ਕਿ ਇਹ ਕਿਉਂ ਹੋ ਰਿਹਾ ਹੈ; ਲੇਕਿਨ ਸਕਿੰਟ ਕੁ ਲਈ ਕਿਸੇ ਟੈਲੀਪੋਰਟ ਤੋਂ ਏ.ਬੀ.ਪੀ. ਸੈਟੇਲਾਈਟ ਲਿੰਕ ਉਪਰ ਫਾਇਰ ਹੁੰਦਾ ਅਤੇ ਜਦ ਤਕ ਟੈਕਨੀਸ਼ੀਅਨ ਚੈਨਲ ਦਾ ਟੈਲੀਪੋਰਟ ਬੰਦ ਕਰਦੇ, ਉਦੋਂ ਇਹ ਪਤਾ ਨਾ ਲੱਗਦਾ ਕਿ ਫਾਇਰ ਕਿਥੋਂ ਹੋ ਰਿਹਾ ਹੈ। ਉਸ ਟੈਲੀਪੋਰਟ ਉਪਰ ਹਰਕਤ ਹੁੰਦੀ ਅਤੇ ਫਿਰ ਚੰਦ ਮਿੰਟਾਂ ਵਿਚ ਹੀ ਸਕਿੰਟ ਕੁ ਲਈ ਦੁਬਾਰਾ ਟੈਲੀਪੋਰਟ ਤੋਂ ਹਮਲਾ ਹੋ ਜਾਂਦਾ; ਯਾਨੀ ਏ.ਬੀ.ਪੀ. ਦੇ ਸੈਟੇਲਾਈਟ ਲਿੰਕ ਉਪਰ ਹੀ ਔਸਤਨ 30 ਤੋਂ 40 ਵਾਰ ਫਾਇਰ ਕਰਕੇ ਗੜਬੜ ਕੀਤੀ ਜਾਂਦੀ ਅਤੇ ਤੀਸਰੇ ਦਿਨ ਸਹਿਮਤੀ ਇਹ ਬਣੀ ਕਿ ਦਰਸ਼ਕਾਂ ਨੂੰ ਜਾਣਕਾਰੀ ਦੇ ਦਿੱਤੀ ਜਾਵੇ।

19 ਜੁਲਾਈ ਨੂੰ ਸਵੇਰ ਤੋਂ ਹੀ ਚੈਨਲ ਉਪਰ ਇਹ ਜ਼ਰੂਰੀ ਸੂਚਨਾ ਪ੍ਰਸਾਰਤ ਕਰਨੀ ਸ਼ੁਰੂ ਕਰ ਦਿੱਤੀ ਗਈ, 'ਪਿਛਲੇ ਕੁਝ ਦਿਨਾਂ ਤੋਂ ਤੁਸੀਂ ਸਾਡੇ ਪ੍ਰਾਈਮ ਟਾਈਮ ਪ੍ਰਸਾਰਨ ਦੌਰਾਨ ਸਿਗਨਲ ਦੀਆਂ ਕੁਝ ਰੁਕਾਵਟਾਂ ਦੇਖੀਆਂ ਹੋਣਗੀ

ਪੰਜਾਬ ਨਸ਼ਾਖੋਰੀ ਦੀ ਗ੍ਰਿਫਤ ਵਿਚ

ਭਖਦੇ ਮਸਲੇ

'ਤੁਮਹੀ ਨੇ ਦਰਦ ਦੀਆ ਹੈ, ਤੁਮਹੀ ਦਵਾ ਦੋਗੇ'

ਪੰਜਾਬ ਇਸ ਵਕਤ ਨਸ਼ੇ ਦੀ ਗ੍ਰਿਫਤ ਵਿਚ ਹੈ। ਜੂਨ 2018 ਵਿਚ ਹੀ 30 ਦੇ ਕਰੀਬ ਨੌਜਵਾਨ ਨਸ਼ੇ ਦੀ ਲਤ ਕਾਰਨ ਜੀਵਨ ਗਵਾ ਗਏ। ਨਸ਼ੇ ਦੀ ਓਵਰਡੋਜ਼ ਲੈਣ ਨਾਲ ਟੀਕਾ ਉਸ ਦੇ ਹੱਥ ਵਿਚ ਹੀ ਹੁੰਦਾ ਹੈ ਕਿ ਖੁਦ ਨੂੰ ਟੀਕਾ ਲਾਉਣ (ਜਾਂ ਲਵਾਉਣ) ਵਾਲਾ ਮੌਕੇ 'ਤੇ ਹੀ ਫੁੜਕ ਜਾਂਦਾ ਹੈ। ਨਸ਼ੇ ਨੇ ਹਜ਼ਾਰਾਂ ਪੰਜਾਬੀਆਂ ਨੂੰ ਆਪਣੀ ਗਹਿਰੀ ਖੱਡ ਵਿਚ ਸੁੱਟ ਦਿੱਤਾ ਹੈ। ਇਹ ਵਰਤਾਰਾ ਪਿਛਲੇ 10 ਕੁ ਸਾਲ ਤੋਂ ਵਧੇਰੇ ਜ਼ੋਰ ਫੜ੍ਹ ਗਿਆ ਹੈ।

ਬਾਦਲਾਂ ਦੀ ਸਰਕਾਰ ਸਮੇਂ ਇਹ ਆਪਣੀ ਸਿਖਰ 'ਤੇ ਸੀ। ਕਾਂਗਰਸ ਦੀ ਸਰਕਾਰ ਬਣਨ ਨਾਲ ਲੋਕਾਂ ਨੂੰ ਆਸ ਸੀ ਕਿ ਇਸ ਨੂੰ ਹੁਣ ਠੱਲ ਪੈ ਜਾਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੈਨੀਫੈਸਟੋ ਜਾਰੀ ਕਰਨ ਸਮੇਂ ਗੁਟਕੇ ਉਤੇ ਹੱਥ ਰੱਖ ਕੇ ਇਸ ਨੂੰ ਤਿੰਨ ਮਹੀਨੇ ਵਿਚ ਖਤਮ ਕਰ ਦੇਣ ਦੀ ਸਹੁੰ ਖਾਧੀ ਸੀ। ਪਿਛਲੇ 10 ਸਾਲ ਤੋਂ ਨਸ਼ਿਆਂ ਹੱਥੋਂ ਸਤਾਏ ਪੁੱਤ ਗਵਾ ਚੁੱਕੇ ਤੇ ਗਵਾ ਰਹੇ ਲੋਕਾਂ ਨੇ ਕੈਪਟਨ ਦੀ ਸਹੁੰ 'ਤੇ ਇਤਬਾਰ ਵੀ ਕੀਤਾ।

ਮੱਖਣ ਕੁਹਾੜ

ਉਸ ਨੂੰ ਤੇ ਉਸ ਦੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਵੀ ਕਿ ਚਲੋ ਨਸ਼ਿਆਂ ਦਾ ਕੋਹੜ ਤਾਂ ਗਲੋਂ ਲੱਥੇ। ਪਰ ਸਾਲ ਤੋਂ ਵੱਧ ਹੋ ਗਿਆ ਸਰਕਾਰ ਬਣੀ ਨੂੰ, ਹੁਣ ਨਸ਼ਿਆਂ ਦਾ ਇਹ ਦਿਓ ਹੋਰ ਵੀ ਸ਼ਕਤੀਸ਼ਾਲੀ ਹੋ ਕੇ ਲੋਕਾਂ ਸਾਹਮਣੇ ਪੇਸ਼ ਹੋਇਆ ਹੈ।

'ਤੁਮਹੀ ਨੇ ਦਰਦ ਦੀਆ ਹੈ, ਤੁਮਹੀ ਦਵਾ ਦੋਗੇ' ਇਹ ਬਿਲਕੁਲ ਸੱਚ ਹੈ। ਚਿੱਟੇ ਦਿਨ ਵਾਂਗ ਸੱਚ ਕਿ ਪੁਲਿਸ ਦੇ ਹੁਕਮ ਬਿਨਾ ਸਾਰੇ ਪੰਜਾਬ 'ਚ ਪੱਤਾ ਨਹੀਂ ਹਿੱਲਦਾ। ਪੁਲਿਸ ਤਤਕਾਲੀ ਸਰਕਾਰ ਦੇ ਹੁਕਮ ਬਿਨਾ ਕਿਸੇ ਵੀ ਪੱਤੇ ਨੂੰ ਹਿੱਲਣ ਦੀ ਆਗਿਆ ਨਹੀਂ ਦਿੰਦੀ। ਜਦ ਹਵਾ ਵਗਦੀ ਹੈ ਤਾਂ ਪੱਤੇ ਵੀ ਹਵਾ ਦੀ ਗਤੀ ਨਾਲ ਹੀ ਹਿਲਦੇ ਦਿਸਦੇ ਹਨ। ਲੋਕ ਪੱਤੇ ਹਿਲਣ ਦਾ ਕਾਰਨ ਹਵਾ ਨੂੰ ਹੀ ਸਮਝ ਲੈਂਦੇ ਹਨ ਜਦਕਿ ਹਵਾ ਵੀ ਪੁਲਿਸ ਅਤੇ ਹਾਕਮਾਂ ਦੇ ਹੁਕਮ 'ਤੇ ਹੀ ਚੱਲ ਰਹੀ ਹੁੰਦੀ ਹੈ। ਇਸ ਤਰ੍ਹਾਂ ਹਾਕਮੀ ਸਹਿਮਤੀ ਨਾਲ ਹੀ ਪੰਜਾਬ ਵਿਚ ਨਸ਼ਿਆਂ ਦੀ ਵਬਾ ਫੈਲੀ ਹੈ।

ਨਸ਼ਿਆਂ ਦੇ ਕਾਰੋਬਾਰ ਦਾ ਮਕਸਦ ਪੈਸਾ ਕਮਾਉਣਾ ਹੁੰਦਾ ਹੈ। ਨਸ਼ਿਆਂ ਰਾਹੀਂ ਸੱਭ ਤੋਂ ਵੱਧ ਪੈਸਾ ਕਮਾਇਆ ਜਾਂਦਾ ਹੈ। ਇਕ ਕਿੱਲੋ ਤਕ ਲਿਆਂਦੀ ਚਰਸ ਜਾਂ ਚਿੱਟਾ ਕਰੋੜਾਂ ਦਾ ਵਿਕਦਾ ਹੈ। ਇਸ 'ਚ ਅਜੇ ਹੋਰ ਵੀ ਕਈ ਖੇਹ ਸਵਾਹ ਰਲਾਈ ਜਾਂਦੀ ਹੈ। ਫੇਰ ਗਾਹਕ ਬਣਾਉਣਾ, ਉਸ ਨੂੰ ਲਤ ਲਾਉਣਾ। ਇਕ ਵਾਰ ਜਿਸ ਨੇ ਇਸ ਪੀਂਘ ਦਾ ਝੂਟਾ ਲੈ ਲਿਆ, ਉਹ ਮੁੜ ਹੇਠਾਂ ਨਹੀਂ ਉਤਰਦਾ ਤੇ ਫਿਰ ਨਵੀਆਂ ਤੋਂ ਨਵੀਆਂ ਪੀਂਘਾਂ। ਚਲ ਸੋ ਚਲ...। ਨਸ਼ਾ ਤਸਕਰ ਬੜੇ 'ਇਮਾਨਦਾਰ' ਹੁੰਦੇ ਹਨ। ਆਪਣੇ ਕਾਰੋਬਾਰ ਵਿਚ ਕੋਈ ਹੇਰਾਫੇਰੀ ਨਹੀਂ ਕਰਦੇ। ਮੁਨਾਫੇ ਦਾ ਬਕਾਇਆ ਬਣਦਾ ਹਿੱਸਾ ਹਰ ਭਾਈਵਾਲ ਨੂੰ ਪਹੁੰਚਾਇਆ ਜਾਂਦਾ ਹੈ। ਐਨ ਵਾਅਦੇ ਮੁਤਾਬਕ ਪੂਰਾ-ਪੂਰਾ। ਬਾਰਡਰ ਤੋਂ ਪਾਰ ਕਰਨ ਸਮੇਂ ਬਾਰਡਰ 'ਤੇ ਤਾਇਨਾਤ ਤਤਕਾਲੀ ਪਹਿਰੇਦਾਰ ਨਾਲ ਸੱਭ ਤੋਂ ਪਹਿਲਾਂ ਗੰਢ-ਸੰਢ ਹੁੰਦੀ ਹੈ। ਫਿਰ ਅੱਗੋਂ ਜਿਸ ਨੂੰ ਸਪਲਾਈ ਕਰਨਾ ਹੈ। ਪਹਿਲਾਂ ਥੋਕ ਵਿਚ, ਫਿਰ ਪਰਚੂਨ ਵਿਚ। ਉਗਰਾਹੀ ਵੀ ਉਸੇ ਤਰ੍ਹਾਂ। ਪੁਲਿਸ ਅਫਸਰਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਪੁੱਜਦਾ ਰਹਿੰਦਾ ਹੈ ਤੇ ਪੁਲਿਸ ਅਧਿਕਾਰੀ ਅਗਾਂਹ ਰਾਜ ਕਰ ਰਹੇ ਚੌਧਰੀਆਂ ਨੂੰ ਬਾਕਾਇਦਾ ਪਹੁੰਚਾਉਂਦੇ ਰਹਿੰਦੇ ਹਨ।

ਇਹ ਜਾਲ ਐਨਾ ਮਜ਼ਬੂਤ ਤੰਦਾਂ ਨਾਲ ਬਣਾਇਆ ਜਾਂਦਾ ਹੈ ਕਿ ਸਹਿਜੇ ਕੀਤੇ ਨਹੀਂ ਟੁੱਟਦਾ। ਜੇ ਕਦੇ ਥੋੜੀ-ਬਹੁਤੀ ਆਂਚ ਵੀ ਆ ਜਾਵੇ ਤਾਂ ਸਬੰਧਤ 'ਮੱਕੜੀ' ਝੱਟ ਉਸ ਤੰਦ ਦੀ ਥਾਂ ਨਵਾਂ 'ਤੋਪਾ ਭਰ' ਦਿੰਦੀ ਹੈ। ਇਸ ਵਕਤ ਡੀ. ਜੀ. ਪੀ. ਤੋਂ ਸਿਪਾਹੀ ਤਕ ਕਿੰਨੇ ਹੀ ਪੁਲਿਸ ਅਫਸਰ ਇਸ ਦੀ ਪੁਸ਼ਤ-ਪਨਾਹੀ ਕਰਦੇ ਚਰਚਾ ਵਿਚ ਹਨ। ਕਿੰਨੇ ਹੀ ਸਸਪੈਂਡ ਹੋ ਗਏ ਹਨ। ਕਿੰਨੇ ਹੀ ਪੁਲਿਸ ਵਾਲੇ ਨਸ਼ਾ ਕਰਕੇ ਲੇਟਦੇ ਦੇਖੇ ਜਾ ਸਕਦੇ ਹਨ। ਇਸ ਤਰ੍ਹਾਂ ਨਸ਼ਿਆਂ ਦਾ ਇਹ ਤੰਦੂਆ ਜਾਲ ਹਾਕਮਾਂ ਦੀ ਪੁਸ਼ਤ-ਪਨਾਹੀ ਨਾਲ ਹੋਰ ਫੈਲਦਾ ਜਾਂਦਾ ਹੈ। ਸਾਬਕਾ ਡੀ. ਜੀ. ਪੀ. ਸ਼ਸ਼ੀਕਾਂਤ ਵਲੋਂ 2007 ਵਿਚ ਤਤਕਾਲੀ ਬਾਦਲ ਸਰਕਾਰ ਨੂੰ ਪੇਸ਼ ਕੀਤੀ ਪੁਲਿਸ ਅਫਸਰਾਂ ਦੀ ਸੂਚੀ ਇਸ ਦੀ ਗਵਾਹ ਹੈ।

ਇਸ ਵਕਤ ਪੰਜਾਬ ਦੀ ਜਿੰਨੀ ਮੰਦੀ ਹਾਲਤ ਹੈ, ਇਸ ਨੇ ਪਿਛਲੀ ਬਾਦਲ ਸਰਕਾਰ ਸਮੇਂ ਨਸ਼ਿਆਂ ਨਾਲ ਮਿਲੇ ਤਸੀਹਿਆਂ ਦਾ ਦਰਦ ਫਿਰ ਉਜਾਗਰ ਕਰ ਦਿੱਤਾ ਹੈ। ਹਰ ਗਲੀ-ਕੂਚੇ ਜਿੱਥੇ ਚਾਹੋ, ਜਦੋਂ ਚਾਹੋ ਤੁਸੀਂ ਨਸ਼ਾ ਲੈ ਸਕਦੇ ਹੋ। 'ਜਹਾਜ਼' ਉਤਰੇਗਾ, ਸਵਾਰੀਆਂ ਚੜ੍ਹਨ ਲਈ ਦੌੜਨਗੀਆਂ ਤੇ ਫਿਰ 'ਉਡਾਣਾਂ' ਸ਼ੁਰੂ। ਇਕ ਸਰਵੇਖਣ ਮੁਤਾਬਕ ਪੰਜਾਬ ਦੇ 67% ਨੌਜਵਾਨ ਨਸ਼ੇ ਦੀ ਲਪੇਟ ਵਿਚ ਹਨ। ਇਨ੍ਹਾਂ 'ਚੋਂ 23% ਲੜਕੀਆਂ ਵੀ ਦੱਸੀਆਂ ਗਈਆਂ ਹਨ। ਜੋ ਵੀ ਇਸ ਨਸ਼ੇ ਦੀ ਲਪੇਟ 'ਚ ਆਉਂਦਾ ਹੈ, ਮੁੜ ਪਿਛਾਂਹ ਨਹੀਂ ਵੇਖਦਾ ਤੇ ਉਸ ਦਾ ਆਖਰੀ ਬਿਸਤਰ ਸ਼ਮਸ਼ਾਨ ਘਾਟ ਹੀ ਬਣਦਾ ਹੈ। ਪਹਿਲਾਂ ਜਿੱਥੇ ਕਾਲਜਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਝਾੜੀਆਂ ਤੇ ਸੰਭਾਵੀ ਉਹਲਿਆਂ ਵਿਚ ਕਈ ਤਰ੍ਹਾਂ ਦੀਆਂ ਦਵਾਈਆਂ ਦੀਆਂ ਖਾਲੀ ਸ਼ੀਸ਼ੀਆਂ ਪਈਆਂ ਮਿਲਦੀਆਂ ਸਨ; ਹੁਣ ਉਥੇ ਖਾਲੀ ਸਰਿੰਜਾਂ ਤੇ ਸਿਗਰਟਾਂ ਦੇ ਟੋਟੇ ਜਿਹੇ ਮਿਲਦੇ ਹਨ। ਕੋਈ ਵੀ ਲੁਕਵੀਂ ਜਗ੍ਹਾ ਬਚੀ ਨਹੀਂ ਹੈ ਜਿਵੇਂ ਹੁਣ।

ਕਿੰਨੀ ਹੈਰਾਨੀ ਤੇ ਦੁੱਖ ਹੁੰਦਾ ਹੈ ਕਿ ਜਦ ਨਸ਼ੇੜੀ (ਤਸਕਰ ਤਾਂ ਫੜ੍ਹੇ ਹੀ ਨਹੀਂ ਜਾਂਦੇ) ਨੂੰ ਫੜ੍ਹ ਕੇ ਜੇਲ ਵਿਚ ਸੁੱਟਿਆ ਜਾਂਦਾ ਹੈ ਤਾਂ ਉਸ ਨੂੰ ਉਥੇ ਵੀ ਨਸ਼ਾ ਮਿਲਦਾ ਰਹਿੰਦਾ ਹੈ। ਜੇ ਨਸ਼ਾ ਛੁਡਾਊ ਕੇਂਦਰ ਵਿਚ ਵਾੜਿਆ ਜਾਂਦਾ ਹੈ ਤਾਂ ਉਸ 'ਤਬੇਲੇ' ਵਿਚ ਵੀ ਇਸ ਦਾ ਕੋਈ ਫਰਕ ਨਹੀਂ ਪੈਂਦਾ। ਤੁਸੀਂ ਕਿਸੇ ਨੂੰ ਕਿਥੇ ਛੁਪਾ ਲਉਗੇ? ਆਖਰ ਜੇਲ੍ਹਾਂ ਤਾਂ ਸਰਕਾਰ ਅਤੇ ਪੁਲਿਸ ਦੇ ਅਧਿਕਾਰ ਖੇਤਰ ਤੋਂ ਬਾਹਰ ਨਹੀਂ। ਇਹ ਨਹੀਂ ਕਿ ਨਸ਼ੇ ਪੰਜਾਬ ਜਾਂ ਭਾਰਤ ਵਿਚ ਹੀ ਹਨ। ਨਸ਼ਿਆਂ ਨਾਲ ਅਮਰੀਕਾ, ਕੈਨੇਡਾ ਸਮੇਤ ਕਈ ਯੂਰਪੀ ਅਤੇ ਹੋਰ ਵਿਕਸਿਤ ਤੇ ਵਿਕਾਸਸ਼ੀਲ ਦੇਸ਼ ਜੂਝ ਰਹੇ ਹਨ। ਉਥੇ ਕਿਉਂਕਿ ਵੱਡੀਆਂ ਕੰਪਨੀਆਂ ਦਾ ਰਾਜ ਹੈ। ਇੰਜ ਉਥੇ ਗਰੋਹ (ਗੈਂਗ) ਵੀ ਵੱਡੇ ਹਨ। ਉਂਜ ਵੀ ਉਥੇ ਪੁਲਿਸ ਹਾਕਮਾਂ ਦੇ ਅਧੀਨ ਰਹਿ ਕੇ ਕੰਮ ਨਹੀਂ ਕਰਦੀ ਅਤੇ ਉਥੇ ਤਸਕਰੀ ਹੋਰ ਅਤਿਵਾਦੀ ਢੰਗਾਂ ਨਾਲ ਹੁੰਦੀ ਹੈ। ਉਹ ਬਹੁਤ ਸੀਮਤ ਹੁੰਦੀ ਹੈ ਤੇ ਜਲਦ ਹੀ ਦੋਸ਼ੀ ਕਾਬੂ ਵੀ ਕਰ ਲਏ ਜਾਂਦੇ ਹਨ।

ਪੰਜਾਬ ਦੇ ਹਾਲਾਤ ਹੋਰ ਹਨ। ਇਥੇ ਦੇ ਤੇ ਅਮਰੀਕਾ-ਕੈਨੇਡਾ ਵਰਗੇ ਮੁਲਕਾਂ, ਜੋ ਮਾਨਵੀ ਅਧਿਕਾਰਾਂ ਦੀ 'ਖੁੱਲ੍ਹ' ਦੇ ਨਾਂ 'ਤੇ ਖੁੱਲ੍ਹ ਖੇਡੀ ਜਾਂਦੀ ਹੈ, ਉਸ ਦੀ ਗੱਲ ਹੋਰ ਹੈ। ਉਥੋਂ ਦੀਆਂ ਖੁਫੀਆ ਏਜੰਸੀਆਂ ਪੰਜਾਬ ਵਾਂਗ ਕੰਮ ਨਹੀਂ ਕਰਦੀਆਂ। ਉਥੋਂ ਦੀਆਂ ਨਸ਼ਾ ਘਟਨਾਵਾਂ/ਮੌਤਾਂ ਨੂੰ ਪੰਜਾਬ ਨਾਲ ਨਹੀਂ ਮੇਲਿਆ ਜਾ ਸਕਦਾ ਤੇ ਪੰਜਾਬ/ਭਾਰਤ ਨੂੰ ਸਿਰਫ ਇਸ ਕਰਕੇ ਬਰੀ ਨਹੀਂ ਕੀਤਾ ਜਾ ਸਕਦਾ ਕਿ ਨਸ਼ਿਆਂ ਨਾਲ ਤਾਂ ਅਮਰੀਕਾ-ਕੈਨੇਡਾ ਵਰਗੇ ਦੇਸ਼ਾਂ 'ਚ ਵੀ ਮੌਤਾਂ ਹੁੰਦੀਆਂ ਹਨ।

ਇਹ ਤਾਂ ਪ੍ਰਤੱਖ ਹੈ ਕਿ ਇਸ ਦੇ ਕਾਰਨ ਸਮਾਜਕ ਤੇ ਸਿਆਸੀ-ਦੋਵੇਂ ਹਨ। ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਪ੍ਰਸਾਰ ਮਾਧਿਅਮਾਂ ਵਿਚ ਆਈ ਗਿਰਾਵਟ, ਘਟੀਆ ਗੀਤਾਂ ਰਾਹੀਂ ਮਿਲਦਾ ਉਤਸ਼ਾਹ, ਵਿਹਲਾਪਨ, ਪਰਿਵਾਰਾਂ ਦੀ ਤੇਜ਼ੀ ਨਾਲ ਹੋ ਰਹੀ ਟੁੱਟ-ਭੱਜ, ਚੁਫੇਰੇ ਦਾ ਮਾਹੌਲ, ਸਿਆਸਤਦਾਨਾਂ ਵਲੋਂ ਮਿਲਦਾ ਉਤਸ਼ਾਹ ਤੇ ਸੁਰੱਖਿਆ ਅਤੇ ਰਾਜਨੀਤੀ ਵਿਚ ਆਈ ਗਿਰਾਵਟ ਆਦਿ ਇਸ ਦੇ ਮੁੱਖ ਕਾਰਨ ਹਨ। ਹੋਰ ਅਮੀਰ ਹੋਣ ਦੀ ਲਾਲਸਾ ਇਸ ਦਾ ਮੁੱਖ ਕਾਰਨ ਹੈ। 'ਜੇਹਾ ਰਾਜਾ ਤੇਹੀ ਪਰਜਾ' ਅਨੁਸਾਰ ਹਾਕਮਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦਾ ਅਸਰ ਹੇਠਾਂ ਤੀਕ ਪੈਂਦਾ ਹੈ। ਪੌੜੀਆਂ ਜਿਵੇਂ ਉਪਰ ਤੋਂ ਹੇਠਾਂ ਨੂੰ ਹੀ ਸਾਫ ਹੋ ਸਕਦੀਆਂ ਹਨ, ਇਵੇਂ ਹੀ ਇਹ ਬਿਮਾਰੀ ਉਪਰ ਤੋਂ ਹੀ ਠੀਕ ਹੋ ਸਕਦੀ ਹੈ। ਕਿਸੇ ਨਾ ਕਿਸੇ ਰੂਪ ਵਿਚ ਹਰ ਹਾਲਤ ਇਸ ਪਿੱਛੇ ਕਿਸੇ ਨਾ ਕਿਸੇ 'ਉਚਤਮ ਸ਼ਕਤੀ' ਦਾ 'ਮਿਹਰ ਭਰਿਆ' ਹੱਥ ਹੁੰਦਾ ਹੈ। ਇੰਜ ਜੇ ਪੂਰੀ ਗੰਭੀਰਤਾ ਨਾਲ ਨਸ਼ਿਆਂ ਦੇ ਮੁੱਦੇ ਨੂੰ ਨਾ ਲਿਆ ਗਿਆ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਜੇ ਚੀਨ ਵਰਗੇ ਮੁਲਕ ਨੇ ਆਪਣਾ ਪ੍ਰਬੰਧ ਤਬਦੀਲ ਕਰਕੇ ਦੇਸ਼ ਨੂੰ ਅਫੀਮ-ਚਰਸ ਦੀ ਜਕੜ 'ਚੋਂ ਆਜ਼ਾਦ ਕਰਵਾ ਲਿਆ ਸੀ ਤਾਂ ਭਾਰਤ ਐਸਾ ਕਿਉਂ ਨਹੀਂ ਕਰ ਸਕਦਾ?

ਚਾਹੇ ਕਿੰਨੇ ਵੀ ਉਪਾਅ ਕਰ ਲਏ ਜਾਣ, ਬੇਰੁਜ਼ਗਾਰੀ ਦੂਰ ਕੀਤੇ ਬਿਨਾ ਕਿਸੇ ਵੀ ਸਮਾਜ ਵਿਰੋਧੀ ਅਲਾਮਤ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਉਂਜ ਇਥੇ ਵੀ ਕਿਹਾ ਜਾ ਸਕਦਾ ਹੈ ਕਿ ਦੇਸ਼ ਦੇ ਬਾਕੀ ਸੂਬਿਆਂ ਵਿਚ ਵੀ ਤਾਂ ਇਸੇ ਹੀ ਤਰ੍ਹਾਂ ਦੀ ਬੇਰੁਜ਼ਗਾਰੀ ਹੈ, ਫਿਰ ਐਸਾ ਉਥੇ ਕਿਉਂ ਨਹੀਂ! ਕਾਰਨ ਸਪਸ਼ਟ ਹੈ ਕਿ ਪੰਜਾਬ ਵਰਗੀ ਭ੍ਰਿਸ਼ਟ ਰਾਜਨੀਤੀ ਦਾ ਬੋਲਬਾਲਾ ਬਾਕੀ ਰਾਜਾਂ 'ਚ ਅਜੇ ਕੁੱਝ ਘੱਟ ਹੈ ਅਤੇ ਦੂਜਾ ਇਹ ਸਰਹੱਦੀ ਸੂਬਾ ਹੈ। ਨੌਜਵਾਨ ਜੇ ਵਿਹਲਾ ਰਹੇਗਾ ਤਾਂ ਐਬਾਂ/ਵਿਗਾੜਾਂ ਦਾ ਆਉਣਾ ਲਾਜ਼ਮੀ ਹੈ। 'ਵਿਹਲਾ ਮਨ ਸ਼ੈਤਾਨ ਦਾ ਘਰ।' ਬੇਰੁਜ਼ਗਾਰ ਨੇ ਉਂਜ ਵੀ ਰੋਟੀ ਤਾਂ ਕਿਧਰੋਂ ਖਾਣੀ ਹੀ ਹੈ। ਫਿਰ ਉਹ ਰਾਹ ਜਾਂਦੀਆਂ ਔਰਤਾਂ ਦੀਆਂ ਚੇਨੀਆਂ/ਵਾਲੀਆਂ ਲਾਹੇਗਾ, ਚੋਰੀਆਂ-ਡਾਕੇ ਮਾਰੇਗਾ, ਲੁੱਟਾਂ-ਖੋਹਾਂ ਕਰੇਗਾ, ਹਾਕਮਾਂ ਤੇ ਅਮੀਰਾਂ ਦੇ ਨਿੱਜੀ ਬ੍ਰਿਗੇਡਾਂ ਵਿਚ ਸ਼ਾਮਲ ਹੋ ਕੇ ਕਿਸੇ ਨਾ ਕਿਸੇ ਮਾਫੀਏ ਦਾ ਹਿੱਸਾ ਬਣੇਗਾ। ਇਹ ਬੇਰੁਜ਼ਗਾਰੀ ਨਾ ਦੂਰ ਕਰਨ ਵਿਚ ਪੰਜਾਬ ਤਾਂ ਦੋਸ਼ੀ ਹੈ ਹੀ, ਕੇਂਦਰ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਮੁੱਖ ਮਸਲਾ ਕੇਂਦਰ ਦੀਆਂ ਗਲਤ ਨੀਤੀਆਂ ਹਨ। ਇੰਜ ਬੇਰੁਜ਼ਗਾਰੀ ਦੂਰ ਕੀਤੇ ਬਿਨਾ ਨਸ਼ਿਆਂ, ਅਤਿਵਾਦ, ਲੁੱਟਾਂ-ਖੋਹਾਂ, ਗੈਂਗ ਵਾਰਾਂ ਤੇ ਮਾਫੀਆ ਗਰੋਹਾਂ ਦੇ ਹੋਰ ਮਜ਼ਬੂਤ ਹੋਣ ਦਾ ਮਸਲਾ ਹੱਲ ਨਹੀਂ ਹੋ ਸਕੇਗਾ। ਜਿਸ ਨੂੰ ਨਸ਼ੇ ਦੀ ਲਤ ਲੱਗ ਜਾਂਦੀ ਹੈ, ਉਹ ਨਸ਼ਾ-ਪੂਰਤੀ ਲਈ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਇਸ ਵਕਤ ਇਸੇ ਦਾ ਹੀ ਲਾਭ ਉਠਾ ਕੇ ਨਸ਼ਾ ਤਸਕਰੀ ਭਾਰੂ ਹੋਈ ਜਾ ਰਹੀ ਹੈ।

ਕਿਸਾਨੀ ਦੀ ਘੱਟ ਰਹੀ ਆਮਦਨ ਤੇ ਮਸ਼ੀਨੀਕਰਨ ਜਿਥੇ ਕਿਸਾਨਾਂ ਦੇ ਪੁੱਤਰਾਂ ਨੂੰ ਖੁਦਕੁਸ਼ੀ ਵੱਲ ਪ੍ਰੇਰਦਾ ਹੈ, ਉਥੇ ਨਸ਼ਿਆਂ ਵਲ ਵੀ ਲੈਜਾਂਦਾ ਹੈ। ਕਈ ਤਾਂ ਉਚ ਵਿਦਿਆ ਹਾਸਲ ਕਰਕੇ ਜ਼ਮੀਨਾਂ ਵੇਚ ਕੇ ਬਾਹਰ ਦਾ ਰੁੱਖ ਕਰ ਲੈਂਦੇ ਹਨ, ਪਰ ਵਧੇਰੇ ਗਰੀਬੀ ਦੀ ਦਲਦਲ ਵਿਚ ਫਸ ਕੇ ਨਸ਼ਿਆਂ ਦਾ ਸਹਾਰਾ ਲੈਣ ਲਗਦੇ ਹਨ। ਜੋ ਸਾਧਨਹੀਣ ਹਨ, ਉਨ੍ਹਾਂ ਦੀ ਹਾਲਤ ਹੋਰ ਵੀ ਮੰਦੀ ਹੈ ਤੇ ਨਸ਼ਾ ਗਰੀਬੀ, ਅਮੀਰੀ ਨਹੀਂ ਵੇਖਦਾ। ਗਰੀਬਾਂ ਨੂੰ ਛੇਤੀ ਲਪੇਟ 'ਚ ਲੈਂਦਾ ਹੈ ਤੇ ਲਾਲਚਵਸ ਉਹ ਮਾਲ ਇਧਰੋਂ ਉਧਰ ਪਹੁੰਚਾਉਂਦੇ ਸਮੇਂ ਹੀ ਇਸ ਦਾ ਸ਼ਿਕਾਰ ਹੋ ਜਾਂਦੇ ਹਨ।

ਉਂਜ ਸਰਕਾਰ ਚਾਹੇ ਤਾਂ ਸਭ ਕੁੱਝ ਹੋ ਸਕਦਾ ਹੈ। ਇਹ ਗੱਲ ਸਰਕਾਰ ਤੇ ਪੰਜਾਬ ਦੀ ਸਮੁੱਚੀ ਹਾਕਮ ਸ਼੍ਰੇਣੀ ਤੋਂ ਹੀ ਪੁੱਛੀ ਜਾਣੀ ਚਾਹੀਦੀ ਹੈ ਕਿ ਨਸ਼ੇ ਸਿਰਫ ਪੰਜਾਬ ਵਿਚ ਹੀ ਸਭ ਤੋਂ ਵੱਧ ਕਿਉਂ ਹਨ? ਕੀ ਇਕ-ਇਕ ਨਸ਼ੇੜੀ ਤੋਂ ਪੁੱਛ ਕੇ ਉਸ ਦੀ ਪੈੜ ਨੱਪ ਕੇ ਵੱਡੇ ਤਸਕਰੀ ਧਨੰਤਰਾਂ ਕੋਲ ਨਹੀਂ ਪੁੱਜਿਆ ਜਾ ਸਕਦਾ? ਜਦ ਡੀ. ਜੀ. ਪੀ. ਜੇਲ੍ਹ ਸ਼ਸ਼ੀਕਾਂਤ ਨੇ ਉਚ ਪੁਲਿਸ ਅਫਸਰਾਂ ਦੀ ਸੂਚੀ ਬਾਦਲ ਸਰਕਾਰ ਨੂੰ ਦਿਤੀ ਸੀ, ਉਸ ਵਿਰੁੱਧ ਜੇ ਬਾਦਲ ਸਰਕਾਰ ਨੇ ਕਾਰਵਾਈ ਨਹੀਂ ਕੀਤੀ ਤਾਂ ਹੁਣ ਕੈਪਟਨ ਸਰਕਾਰ ਕਿਉਂ ਨਹੀਂ ਕਰ ਰਹੀ। ਇਸ ਸਬੰਧੀ ਬਣੀ ਐਸ. ਟੀ. ਐਫ. ਦਾ ਕੀ ਬਣਿਆ? ਸਾਬਕਾ ਡੀ. ਐਸ. ਪੀ. ਜਗਦੀਸ਼ ਭੋਲਾ, ਰਾਜਾ ਕੰਧੋਲਾ, ਬਿੱਟੂ ਔਲਖ ਆਦਿ ਦੀ ਗ੍ਰਿਫਤਾਰੀ ਸਮੇਂ ਜਿਨ੍ਹਾਂ ਸਿਆਸੀ ਆਗੂਆਂ ਵੱਲ ਉਂਗਲ ਉਠੀ ਸੀ, ਉਸ ਦਾ ਕੀ ਬਣਿਆ? ਹੁਣ ਉਸ ਨੂੰ ਦੁਬਾਰਾ ਤੋਂ ਕਿਉਂ ਨਹੀਂ ਘੋਖਿਆ ਜਾ ਰਿਹਾ? ਬਾਦਲ ਹਕੂਮਤ ਵੇਲੇ ਜਿਨ੍ਹਾਂ ਰਾਜਸੀ ਨੇਤਾਵਾਂ ਦੇ ਨਾਂ ਨਸ਼ਾ ਸਰਪ੍ਰਸਤੀ 'ਚ ਚਰਚਾ ਵਿਚ ਸਨ ਅਤੇ ਉਦੋਂ ਕਾਂਗਰਸੀ ਇਨ੍ਹਾਂ ਨੂੰ ਫੜ੍ਹਨ ਦਾ ਦਾਅਵਾ ਕਰਦੇ ਨਹੀਂ ਸਨ ਥਕਦੇ, ਉਹ ਵਾਅਦੇ ਹੁਣ ਬਾਦਲ ਅਕਾਲੀਆਂ ਨਾਲ 'ਤੂੰ ਤੇ ਮੈਂ-ਯਾਰ ਯਾਰ' ਵਿਚ ਕਿਵੇਂ ਬਦਲ ਗਏ। ਅੱਜ ਵੀ ਵਕਤ ਹੈ ਕਿ ਪਿਛਲੇ ਤੇ ਹੁਣ ਵਾਲੇ ਤਸਕਰੀ ਮਗਰਮੱਛਾਂ ਤੀਕ ਨਸ਼ੇੜੀਆਂ ਰਾਹੀਂ ਪੁੱਜਿਆ ਜਾਵੇ ਤੇ ਉਨ੍ਹਾਂ ਨੂੰ ਫੜ੍ਹ ਕੇ 'ਕਾਲੇ ਪਾਣੀ' ਦੀ ਜੇਲ੍ਹ 'ਚ ਭੇਜਿਆ ਜਾਵੇ, ਜੋ ਮਾਪਿਆਂ ਤੇ ਪੁੱਤਰਾਂ ਨੂੰ ਤਿਲ-ਤਿਲ ਕਰਕੇ ਮਰਨ ਲਈ ਮਜਬੂਰ ਕਰ ਰਹੇ ਹਨ; ਜੋ ਮਾਪਿਆਂ ਦੀਆਂ ਲਾਡਲੀਆਂ ਧੀਆਂ ਨੂੰ ਨਸ਼ਾ ਪੂਰਤੀ ਲਈ ਟਰੱਕਾਂ 'ਤੇ ਚੜ੍ਹਨ ਅਤੇ

ਭਾਰਤੀ ਲੋਕਤੰਤਰ ਅਪਰਾਧੀ ਆਗੂਆਂ ਦੇ ਦਾਬੇ ਹੇਠ

ਸਿਆਸਤ ਦਾ ਪਿੜ

ਜਤਿੰਦਰ ਪਨੂੰ
ਫੋਨ: 91-98140-68455

ਐਨ ਉਦੋਂ, ਜਦੋਂ ਸਾਡੇ ਦੇਸ਼ ਵਿਚ ਪਾਰਲੀਮੈਂਟ ਚੋਣਾਂ ਲਈ ਮੈਦਾਨ ਤਿਆਰ ਹੋ ਰਿਹਾ ਹੈ, ਸਾਡੇ ਸਾਹਮਣੇ ਉਚੇਚਾ ਮਹੱਤਵ ਰੱਖਦੀਆਂ ਤਿੰਨ ਕਤਰਨਾਂ ਪਈਆਂ ਹਨ। ਇੱਕ ਕਤਰਨ ਦੋ ਦਿਨ ਪਹਿਲਾਂ ਸੁਪਰੀਮ ਕੋਰਟ ਦੀ ਕਾਰਵਾਈ ਬਾਰੇ ਹੈ, ਜੋ ਆਖਦੀ ਹੈ ਕਿ ਦਾਗੀ ਸਿਆਸੀ ਆਗੂਆਂ ਨੂੰ ਸਜ਼ਾ ਹੋਣ ਤੱਕ ਚੋਣਾਂ ਲੜਨੋਂ ਤਾਂ ਰੋਕਿਆ ਨਹੀਂ ਜਾ ਸਕਦਾ, ਪਰ ਉਨ੍ਹਾਂ ਦੇ ਕੇਸਾਂ ਨੂੰ ਛੇਤੀ ਨਿਪਟਾਉਣ ਲਈ ਵਿਸ਼ੇਸ਼ ਅਦਾਲਤਾਂ ਬਣਾਈਆਂ ਜਾ ਸਕਦੀਆਂ ਹਨ। ਸਿਰਫ ਵਿਸ਼ੇਸ਼ ਅਦਾਲਤਾਂ ਨਹੀਂ, ਉਨ੍ਹਾਂ ਵਿਚੋਂ ਜਿਨ੍ਹਾਂ ਲੋਕਾਂ ਨੂੰ ਸਜ਼ਾ ਹੋ ਜਾਵੇਗੀ, ਉਨ੍ਹਾਂ ਲਈ ਜੇਲ੍ਹਾਂ ਵਿਚ ਵਿਸ਼ੇਸ਼ ਸਹੂਲਤਾਂ ਵਾਲੀਆਂ ਕੋਠੜੀਆਂ ਵੀ ਬਣਾਈਆਂ ਜਾ ਸਕਦੀਆਂ ਹਨ। ਓਮ ਪ੍ਰਕਾਸ਼ ਚੌਟਾਲੇ ਵਰਗੇ ਲੀਡਰ ਬੀਮਾਰੀ ਦਾ ਬਹਾਨਾ ਬਣਾ ਕੇ ਦੋ ਮਹੀਨੇ ਬਾਹਰ ਚੋਣ ਪ੍ਰਚਾਰ ਕਰਨ ਪਿੱਛੋਂ ਜੇਲ੍ਹ ਵਿਚ ਪੇਸ਼ ਹੋ ਕੇ ਕਹਿ ਸਕਦੇ ਹਨ, 'ਮੈਂ ਕਾਨੂੰਨ ਦਾ ਪਾਲਣ ਕਰਨ ਵਾਲਾ ਬੰਦਾ ਹਾਂ।'

ਦੂਸਰੀ ਕਤਰਨ 'ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼' ਨਾਂ ਦੀ ਜਥੇਬੰਦੀ ਵੱਲੋਂ ਪੇਸ਼ ਕੀਤੀ ਇੱਕ ਰਿਪੋਰਟ ਦੀ ਹੈ, ਜਿਸ ਵਿਚ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਉਨ੍ਹਾਂ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੀ ਗਿਣਤੀ ਦੱਸੀ ਗਈ ਹੈ, ਜਿਨ੍ਹਾਂ ਖਿਲਾਫ ਗੰਭੀਰ ਅਪਰਾਧਾਂ ਦੇ ਕੇਸ ਚੱਲਦੇ ਹਨ। ਇਸ ਨੂੰ ਪੜ੍ਹਨ ਦਾ ਕੰਮ ਕੁਝ ਪਲ ਪਿੱਛੋਂ ਕਰਨ ਲਈ ਸੋਚ ਕੇ ਅੱਜ ਦੇ ਅਖਬਾਰ ਫੜ੍ਹੋ ਤਾਂ ਪਹਿਲੀ ਖਬਰ ਇਹ ਪੜ੍ਹਨ ਨੂੰ ਮਿਲ ਗਈ ਕਿ ਕੇਂਦਰ ਸਰਕਾਰ ਦੇ ਰੇਲਵੇ ਰਾਜ ਮੰਤਰੀ ਉਤੇ ਦੇਸ਼ ਨੂੰ ਚਲਾ ਰਹੀ ਪਾਰਟੀ ਦੀ ਆਪਣੀ ਸਰਕਾਰ ਵਾਲੇ ਰਾਜ ਆਸਾਮ ਵਿਚ ਪੁਲਿਸ ਨੇ ਬਲਾਤਕਾਰ ਦਾ ਕੇਸ ਦਰਜ ਕੀਤਾ ਹੈ। ਇਹ ਖਬਰ ਚੌਥੀ ਕਤਰਨ ਮੰਨੀ ਜਾ ਸਕਦੀ ਸੀ, ਪਰ ਇਸ ਨੂੰ ਦੂਸਰੀ ਕਤਰਨ ਦਾ ਹਿੱਸਾ ਮੰਨ ਕੇ ਤੀਸਰੀ ਕਤਰਨ ਦੀ ਚਰਚਾ ਇਸ ਲਈ ਕਰਨੀ ਹੈ ਕਿ ਉਸ ਤੀਸਰੀ ਦਾ ਸਬੰਧ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਹੈ।

ਤੀਸਰੀ ਕਤਰਨ ਦੱਸਦੀ ਹੈ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਮੱਲਣ ਤੋਂ ਪਹਿਲਾਂ ਚੋਣ ਪ੍ਰਚਾਰ ਦੌਰਾਨ ਨਰੇਂਦਰ ਮੋਦੀ ਨੇ ਇੱਕ ਜਲਸੇ ਵਿਚ ਕਿਹਾ ਸੀ ਕਿ 'ਮੈਨੂੰ ਇਹ ਗੱਲ ਸੁਣ ਕੇ ਸ਼ਰਮ ਮਹਿਸੂਸ ਹੋ ਰਹੀ ਹੈ ਕਿ ਸਾਡੇ ਦੇਸ਼ ਦੀ ਪਾਰਲੀਮੈਂਟ ਦੇ ਤੀਸਰਾ ਹਿੱਸਾ ਮੈਂਬਰਾਂ ਉਤੇ ਅਪਰਾਧਕ ਕੇਸ ਚੱਲਦੇ ਹਨ। ਮੈਂ ਇਹ ਸਥਿਤੀ ਨਹੀਂ ਰਹਿਣ ਦੇਵਾਂਗਾ। ਜੇ ਪ੍ਰਧਾਨ ਮੰਤਰੀ ਬਣ ਗਿਆ ਤਾਂ ਇੱਕ ਸਾਲ ਦੇ ਅੰਦਰ ਇਨ੍ਹਾਂ ਕੇਸਾਂ ਦਾ ਵਿਸ਼ੇਸ਼ ਅਦਾਲਤਾਂ ਤੋਂ ਨਿਬੇੜਾ ਕਰਾਵਾਂਗਾ ਅਤੇ ਦੋਸ਼ੀ ਸਾਬਤ ਹੋਣ 'ਤੇ, ਉਨ੍ਹਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਭੇਜਾਂਗਾ ਤੇ ਬਾਕੀਆਂ ਨੂੰ ਝੂਠੇ ਕੇਸਾਂ ਦੇ ਦਾਗਾਂ ਤੋਂ ਮੁਕਤ ਕਰਾ ਦੇਵਾਂਗਾ।' ਇੱਕ ਸਾਲ ਦੇ ਅੰਦਰ ਇਹ ਕੰਮ ਕਰਨ ਦੇ ਮੋਦੀ ਦੇ ਦਾਅਵੇ ਦਾ ਹਸ਼ਰ ਵੀ ਸੌ ਦਿਨਾਂ

ਵਿਚ ਹਰ ਕਿਸੇ ਨਾਗਰਿਕ ਦੇ ਬੈਂਕ ਖਾਤੇ ਵਿਚ ਤਿੰਨ ਲੱਖ ਤੇ ਪੰਜ ਜੀਆਂ ਦੇ ਪਰਿਵਾਰ ਦੇ ਖਾਤੇ ਵਿਚ ਪੰਦਰਾਂ ਲੱਖ ਰੁਪਏ ਪਾਉਣ ਦੇ ਜੁਮਲੇ ਵਾਲਾ ਹੋਇਆ ਹੈ।

ਚਾਰ ਸਾਲ ਤੋਂ ਵੱਧ ਸਮਾਂ ਰਾਜ ਕਰ ਚੁਕੇ ਪ੍ਰਧਾਨ ਮੰਤਰੀ ਦੀ ਸਰਕਾਰ ਹਾਲੇ ਤੱਕ ਸੁਪਰੀਮ ਕੋਰਟ ਨੂੰ ਦਾਗੀ ਸਿਆਸੀ ਆਗੂਆਂ ਬਾਰੇ ਵਿਸ਼ੇਸ਼ ਅਦਾਲਤਾਂ ਚਲਾਉਣ ਦਾ ਕੋਈ ਸਪੱਸ਼ਟ ਨਕਸ਼ਾ ਹੀ ਪੇਸ਼ ਨਹੀਂ ਕਰ ਸਕੀ। ਏਨੇ ਸਮੇਂ ਬਾਅਦ ਵੀ ਦਾਗੀ ਆਗੂਆਂ ਬਾਰੇ ਵਿਸ਼ੇਸ਼ ਅਦਾਲਤਾਂ ਵਾਲੀ ਗੱਲ ਸੁਪਰੀਮ ਕੋਰਟ ਨੇ ਛੇੜੀ ਹੈ, ਉਸ ਪ੍ਰਧਾਨ ਮੰਤਰੀ ਦੀ ਸਰਕਾਰ ਨੇ ਨਹੀਂ, ਜਿਸ ਨੇ ਸਿਰਫ ਇੱਕ ਸਾਲ ਵਿਚ ਇਹ ਕੰਮ ਕਰਨ ਦਾ ਵਾਅਦਾ ਕੀਤਾ ਤੇ ਫਿਰ ਭੁਲਾ ਛੱਡਿਆ ਸੀ। ਇਸ ਦਾ ਕਾਰਨ ਕੀ ਹੈ, ਦੇਸ਼ ਦੇ ਲੋਕਾਂ ਨੂੰ ਇਸ ਬਾਰੇ ਜਾਣਨ ਦੀ ਲੋੜ ਹੈ ਤੇ ਜਦੋਂ ਜਾਣਨ ਦਾ ਯਤਨ ਕਰਨਗੇ ਤਾਂ ਹੈਰਾਨ ਹੋ ਜਾਣਗੇ।

ਦੂਸਰੀ ਕਤਰਨ 'ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼' ਵੱਲੋਂ ਸਿਰਫ ਦਸ ਦਿਨ ਪਹਿਲਾਂ ਜਾਰੀ ਕੀਤੀ ਗਈ ਇੱਕ ਰਿਪੋਰਟ ਹੈ, ਜੋ ਅਪਰਾਧੀ ਕਿਰਦਾਰ ਵਾਲੇ ਆਗੂਆਂ ਦੇ ਜੁਰਮਾਂ ਦੀ ਕਿਸਮ, ਉਨ੍ਹਾਂ ਦੇ ਪਿਛੋਕੜ ਵਾਲੇ ਰਾਜ ਅਤੇ ਉਨ੍ਹਾਂ ਦੀ ਪਾਰਟੀ ਦਾ ਵੇਰਵਾ ਪੇਸ਼ ਕਰਦੀ ਹੈ। ਇਹ ਰਿਪੋਰਟ ਦੱਸਦੀ ਹੈ ਕਿ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਰਤ ਦੇ 770 ਪਾਰਲੀਮੈਂਟ ਮੈਂਬਰਾਂ ਅਤੇ 4086 ਵਿਧਾਇਕਾਂ ਵਿਚੋਂ 1024 ਜਣਿਆਂ ਉਤੇ ਕਈ ਕਿਸਮ ਦੇ ਜੁਰਮਾਂ ਦੇ ਕੇਸ ਚੱਲ ਰਹੇ ਹਨ। ਇਹ ਲੋਕ ਇਸ ਦੇਸ਼ ਦੇ ਸਾਰੇ ਵਿਧਾਇਕਾਂ ਦਾ 21 ਫੀਸਦੀ ਬਣਦੇ ਹਨ। ਅਗਲੀ ਗੱਲ ਇਹ ਕਿ 64 ਜਣਿਆਂ ਉਤੇ ਕਿਸੇ ਨਾ ਕਿਸੇ ਆਦਮੀ ਜਾਂ ਔਰਤ ਨੂੰ ਅਗਵਾ ਕਰਨ ਦਾ ਕੇਸ ਹੈ। ਹੈਰਾਨੀ ਦੀ ਗੱਲ ਇਹ ਕਿ ਇਨ੍ਹਾਂ 64 ਵਿਚੋਂ ਸੋਲਾਂ ਚੁਣੇ ਹੋਏ ਆਗੂ, ਸਾਰਿਆਂ ਦਾ ਚੌਥਾ ਹਿੱਸਾ, ਸਿਰਫ ਭਾਰਤੀ ਜਨਤਾ ਪਾਰਟੀ ਦੀ ਟਿਕਟ ਉਤੇ ਜਿੱਤੇ ਹੋਏ ਹਨ।

ਅਗਲੀ ਗੱਲ ਇਹ ਕਿ ਚੁਣੇ ਹੋਏ ਆਗੂਆਂ ਵਿਚੋਂ 51 ਜਣਿਆਂ-48 ਵਿਧਾਇਕਾਂ ਤੇ 3 ਪਾਰਲੀਮੈਂਟ ਮੈਂਬਰਾਂ ਉਤੇ ਸਿਰਫ ਔਰਤਾਂ ਖਿਲਾਫ ਜੁਰਮਾਂ ਦੇ ਕੇਸ ਹਨ ਤੇ ਇਨ੍ਹਾਂ ਵਿਚੋਂ 14 ਜਣੇ ਇਕੱਲੀ ਭਾਜਪਾ ਦੇ ਹਨ, ਜੋ ਚੌਥੇ ਹਿੱਸੇ ਤੋਂ ਅੱਗੇ ਨਿਕਲ ਜਾਂਦੇ ਹਨ। ਹੈਰਾਨੀ ਦੀ ਗੱਲ ਹੋਰ ਵੀ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਔਰਤਾਂ ਖਿਲਾਫ ਜੁਰਮ ਦੇ ਕੇਸਾਂ ਵਾਲੇ 48 ਆਗੂਆਂ ਨੂੰ ਭਾਜਪਾ ਨੇ ਚੋਣ ਲੜਾਈ ਤੇ ਉਦੋਂ ਲੜਵਾਈ ਹੈ, ਜਦੋਂ ਪਾਰਟੀ ਦੀ ਅਗਵਾਈ ਗੁਜਰਾਤ ਦੇ ਮੁੱਖ ਮੰਤਰੀ ਤੇ ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਸੀ। ਇਸ ਪਿਛੋਂ ਬਹੁਜਨ ਸਮਾਜ ਪਾਰਟੀ ਦਾ ਨੰਬਰ ਹੈ, ਜਿਸ ਨੇ 36 ਅਜਿਹੇ ਉਮੀਦਵਾਰ ਪੇਸ਼ ਕੀਤੇ ਤੇ ਕਾਂਗਰਸ ਨੇ 27 ਪੇਸ਼ ਕਰ ਕੇ ਤੀਸਰਾ ਨੰਬਰ ਮੱਲ ਲਿਆ। ਪ੍ਰਧਾਨ ਮੰਤਰੀ ਮੋਦੀ ਕੋਲ ਇਹ ਸਾਰੇ ਅੰਕੜੇ ਪੜ੍ਹਨ ਦਾ ਵਕਤ ਨਹੀਂ ਹੋਣਾ।

ਸਭ ਤੋਂ ਤਾਜ਼ਾ ਕੇਸ ਰੇਲਵੇ ਵਿਭਾਗ ਦੇ ਕੇਂਦਰੀ ਮੰਤਰੀ ਰਾਜੇਸ਼ ਗੋਹੇਨ ਦਾ ਹੈ। ਉਹ ਆਸਾਮ ਦੇ ਨੌਗੋਂਗ ਹਲਕੇ ਤੋਂ ਭਾਜਪਾ ਦੀ ਟਿਕਟ ਉਤੇ ਜਿੱਤਿਆ ਪਾਰਲੀਮੈਂਟ ਮੈਂਬਰ ਹੈ। ਕੇਸ ਉਸ ਆਸਾਮ ਦੀ ਪੁਲਿਸ ਨੇ ਦਰਜ ਕੀਤਾ ਹੈ, ਜਿੱਥੇ ਮੁੱਖ ਮੰਤਰੀ ਭਾਜਪਾ ਆਗੂ ਸਰਬਾਨੰਦ ਸੋਨੋਵਾਲ ਹੈ ਅਤੇ ਅੱਜ-ਕੱਲ੍ਹ ਉਸ ਰਾਜ ਦੇ ਨਾਗਰਿਕਾਂ ਨੂੰ ਛਾਣਨ ਵਾਸਤੇ ਜੋ ਮੁਹਿੰਮ ਚੱਲ ਰਹੀ ਹੈ, ਉਸ ਦੇ ਹੁੰਦਿਆਂ ਕਿਸੇ ਪੁਲਿਸ ਅਫਸਰ ਦੀ ਇਹ ਜੁਰਅੱਤ ਨਹੀਂ ਕਿ ਉਹ ਕਿਸੇ ਭਾਜਪਾ ਆਗੂ ਦੇ ਖਿਲਾਫ ਸਿਰ ਵੀ ਚੁੱਕ ਸਕੇ। ਇਹੋ ਜਿਹੇ ਹਾਲਾਤ ਵਿਚ ਪੀੜਤ ਔਰਤ ਨੂੰ ਦੁੱਖ ਦੱਸਣ ਲਈ ਪੁਲਿਸ ਵੱਲੋਂ ਹੁੰਗਾਰਾ ਨਾ ਮਿਲਦਾ ਵੇਖ ਕੇ ਵਿਚਾਰੀ ਅਦਾਲਤ ਦੀ ਸ਼ਰਣ ਜਾ ਪਹੁੰਚੀ ਤੇ ਜਦੋਂ ਕੇਸ ਦਰਜ ਹੋ ਗਿਆ ਤਾਂ ਜਾਂਚ ਕਰਨ ਦੇ ਬਹਾਨੇ ਵੀ ਪੁਲਿਸ ਵਾਲੇ ਉਸ ਔਰਤ ਉਤੇ ਕੇਸ ਵਾਪਸ ਲੈਣ ਦਾ ਦਬਾਅ ਪਾਉਂਦੇ ਸੁਣੀਂਦੇ ਹਨ।

ਰਾਜਧਾਨੀ ਦਿੱਲੀ ਵਿਚਲੇ ਕਰਵਲ ਨਗਰ ਵਾਲੇ ਬਾਰਡਰ ਤੋਂ ਉਤਰ ਪ੍ਰਦੇਸ਼ ਵਿਚ ਦਾਖਲ ਹੋਇਆ ਜਾਵੇ ਤਾਂ ਸਿਰਫ ਅੱਠ ਕਿਲੋਮੀਟਰ ਦੂਰ ਇੱਕ ਛੋਟਾ ਜਿਹਾ ਕਸਬਾ ਲੋਨੀ ਆ ਜਾਂਦਾ ਹੈ। ਉਥੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਉਤੇ ਇਸ ਗੱਲ ਲਈ ਕੇਸ ਬਣਿਆ ਹੈ ਕਿ ਨਗਰ ਕੌਂਸਲ ਦੀ ਚੋਣ ਲਈ ਟਿਕਟ ਦੇਣ ਵਾਸਤੇ ਉਸ ਨੇ ਇੱਕ ਔਰਤ ਵਰਕਰ ਤੋਂ ਪੈਸੇ ਮੰਗ ਲਏ ਸਨ ਤੇ ਜਦੋਂ ਉਹ ਔਰਤ ਹਾਈ ਕਮਾਂਡ ਨੂੰ ਸ਼ਿਕਾਇਤ ਕਰ ਕੇ ਮੁੜੀ ਤਾਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਕੁਟਾਪਾ ਚਾੜ੍ਹ ਦਿੱਤਾ ਸੀ। ਵਿਚਾਰੀ ਔਰਤ ਨੇ ਪੁਲਿਸ ਕੋਲ ਤਰਲੇ ਕੀਤੇ, ਪਰ ਉਸ ਰਾਜ ਵਿਚ ਭਾਜਪਾ ਦੀ ਸਰਕਾਰ ਹੋਣ ਕਾਰਨ ਕੇਸ ਦਰਜ ਨਹੀਂ ਸੀ ਕੀਤਾ ਗਿਆ ਤੇ ਜਦੋਂ ਉਹ ਅਦਾਲਤ ਵਿਚ ਪਹੁੰਚ ਗਈ ਤਾਂ ਭਾਜਪਾ ਸਰਕਾਰ ਦੇ ਹੁੰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਉਤੇ ਔਰਤ ਨਾਲ ਜ਼ਿਆਦਤੀ ਦਾ ਕੇਸ ਦਰਜ ਕਰਨਾ ਪੈ ਗਿਆ। ਦਿੱਲੀ ਤੋਂ ਸਿਰਫ ਅੱਠ ਕਿਲੋਮੀਟਰ ਦੂਰ ਦੀ ਇਹ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਪਤਾ ਨਹੀਂ ਲੱਗਦੀ, ਪਰ ਆਸਟਰੇਲੀਆ ਤੋਂ ਬ੍ਰਾਜ਼ੀਲ ਤੱਕ ਬਾਕੀ ਹਰ ਗੱਲ ਬਾਰੇ ਪਤਾ ਲੱਗ ਜਾਂਦਾ ਹੈ। ਜਦੋਂ ਆਪਣੀ ਪਾਰਟੀ ਦੇ ਰਾਜਾਂ ਅਤੇ ਜ਼ਿਲ੍ਹਿਆਂ ਦੇ ਆਗੂਆਂ ਤੋਂ ਲੈ ਕੇ ਕੇਂਦਰੀ ਮੰਤਰੀ ਤੱਕ ਏਦਾਂ ਦੇ ਕੇਸਾਂ ਵਿਚ ਫਸੇ ਹੋਏ ਹਨ, ਪ੍ਰਧਾਨ ਮੰਤਰੀ ਮੋਦੀ ਕਾਰਵਾਈ ਕਿਸ ਖਿਲਾਫ ਕਰਨਗੇ ਤੇ ਜੇਲ੍ਹ ਕਿਸ ਨੂੰ ਭੇਜਣਗੇ!

ਭਾਰਤ ਜਦੋਂ ਅਗਲੀਆਂ ਚੋਣਾਂ ਲਈ ਤਿਆਰ ਹੋ ਰਿਹਾ ਹੈ, ਉਦੋਂ ਕੇਂਦਰੀ ਮੰਤਰੀ ਉਤੇ ਬਲਾਤਕਾਰ ਦਾ ਕੇਸ ਦਰਜ ਹੋਣਾ ਦੱਸਦਾ ਹੈ ਕਿ ਏਦਾਂ ਦੇ ਭੁਲਾਏ ਜਾ ਚੁਕੇ ਜੁਮਲਿਆਂ ਦੀ ਲੜੀ ਜੋੜਨ ਦੀ ਜੇ ਕਿਸੇ ਨੇ ਹਿੰਮਤ ਕਰ ਲਈ ਤਾਂ ਦੇਸ਼ ਦੀ ਸਰਕਾਰ ਚਲਾਉਣ ਵਾਲੀ ਪਾਰਟੀ ਨੂੰ ਲੈਣੇ ਦੇ ਦੇਣੇ ਪੈ ਜਾਣਗੇ। ਫਿਰ ਵੀ ਇਸ ਇਕੋ ਪਾਰਟੀ ਨੂੰ ਲੈਣੇ ਦੇ ਦੇਣੇ ਪੈਣਗੇ, ਅਪਰਾਧੀ ਕਿਰਦਾਰ ਵਾਲੇ ਆਗੂਆਂ ਦੇ ਦਾਬੇ ਹੇਠੋਂ ਨਿਕਲਣਾ ਭਾਰਤ ਨੂੰ ਕਦੇ ਨਸੀਬ ਹੋਵੇਗਾ, ਇਸ ਦੀ ਗਾਰੰਟੀ ਨਹੀਂ!

###

ਬੱਚੇ ਦੇ ਰੋਣ ਕਾਰਨ ਭਾਰਤੀ ਅਫਸਰ ਦੇ ਪਰਿਵਾਰ ਨੂੰ ਜਹਾਜ਼ 'ਚੋਂ ਉਤਾਰਿਆ

ਨਵੀਂ ਦਿੱਲੀ: ਭਾਰਤ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਬ੍ਰਿਟਿਸ਼ ਏਅਰਵੇਜ਼ ਦੇ ਸਟਾਫ 'ਤੇ ਵਿਤਕਰੇ ਅਤੇ ਅੱਖੜ ਵਿਹਾਰ ਦਾ ਦੋਸ਼ ਲਾਇਆ ਜਿਸ ਨੇ ਪਿਛਲੇ ਮਹੀਨੇ ਟੇਕਔਫ ਤੋਂ ਠੀਕ ਪਹਿਲਾਂ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਜਹਾਜ਼ 'ਚੋਂ ਉਤਾਰ ਦਿੱਤਾ ਸੀ ਕਿਉਂਕਿ ਉਸ ਦਾ ਤਿੰਨ ਸਾਲਾ ਪੁੱਤਰ ਰੋਣ ਲੱਗ ਪਿਆ ਸੀ।

ਅਫਸਰ ਏਪੀ ਪਾਠਕ ਨੇ ਸ਼ਹਿਰੀ ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪਿੱਛੇ ਬੈਠੇ ਇਕ ਹੋਰ ਭਾਰਤੀ ਪਰਿਵਾਰ ਨੂੰ ਵੀ ਜਹਾਜ਼ 'ਚੋਂ ਉਤਾਰ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਬੱਚੇ ਨੂੰ ਚੁੱਪ ਕਰਾਉਣ ਲਈ ਬਿਸਕੁਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਹ 23 ਜੁਲਾਈ ਦੀ ਘਟਨਾ ਸੀ। ਇਸ ਦੌਰਾਨ ਮੰਤਰੀ ਸੁਰੇਸ਼ ਪ੍ਰਭੂ ਨੇ ਇਸ ਘਟਨਾ ਬਾਰੇ ਤਫਸੀਲੀ ਰਿਪੋਰਟ ਮੰਗੀ ਹੈ।

ਅਧਿਕਾਰੀ ਨੇ ਦੋਸ਼ ਲਾਇਆ ਕਿ ਚਾਲਕ ਦਸਤੇ ਨੇ ਜਹਾਜ਼ (ਬੀਏ 8495) ਨੂੰ ਮੋੜ ਕੇ ਟਾਰਮੈਕ (ਪਟਤੀ) 'ਤੇ ਲੈ ਆਂਦਾ ਜਿਥੇ ਸੁਰੱਖਿਆ ਅਮਲੇ ਨੇ ਉਨ੍ਹਾਂ ਦੇ ਬੋਰਡਿੰਗ ਪਾਸ ਲੈ ਲਏ। ਕਸਟਮਰ ਕੇਅਰ ਸਰਵਿਸ ਮੈਨੇਜਰ ਨੇ ਉਨ੍ਹਾਂ ਨੂੰ ਜਹਾਜ਼ 'ਚੋਂ ਉਤਾਰਨ ਦਾ ਕੋਈ ਕਾਰਨ ਨਹੀਂ ਦੱਸਿਆ ਤੇ ਨਾ ਹੀ ਮੈਨੇਜਮੈਂਟ ਨੇ ਸ਼ਿਕਾਇਤ ਦਰਜ ਕਰਾਉਣ ਦੇ ਬਾਵਜੂਦ ਕਾਰਵਾਈ ਕੀਤੀ।

ਪੰਜਾਬ ਦੀ ਕਿਸਾਨੀ ਦੀ ਹਾਲਤ

ਸੰਪਾਦਕ ਦੀ ਡਾਕ

ਡਾ. ਗੋਬਿੰਦਰ ਸਿੰਘ ਸਮਰਾਓ ਨੇ ਪਿਛਲੇ 30-40 ਸਾਲ ਵਿਚ ਕਿਸਾਨੀ ਅਤੇ ਕਿਸਾਨ ਦੀ ਹਾਲਤ ਆਪਣੇ ਨਿਜ ਉਤੇ ਹੰਢਾ ਕੇ, ਬਹੁਤ ਹੀ ਵਿਸਥਾਰ ਅਤੇ ਬਾਰੀਕੀ ਵਿਚ ਬਿਆਨ ਕੀਤੀ ਹੈ। ਜਿਸ ਪਾਠਕ ਨੇ ਕਦੇ ਕਿਸਾਨੀ ਨਹੀਂ ਵੀ ਕੀਤੀ, ਉਸ ਨੂੰ ਵੀ ਆਪਣੇ ਨਾਲ-ਨਾਲ ਤੋਰ ਕੇ ਇਸ ਦਾ ਤਜ਼ਰਬਾ ਕਰਵਾ ਦਿੱਤਾ ਹੈ। ਹਰ ਇਕ ਸਮੱਸਿਆ, ਪਰਿਵਾਰਕ, ਸਮਾਜਕ, ਸਰਕਾਰੀ, ਆੜਤ ਦੀ, ਬੈਂਕ ਦੀ ਜਾਂ ਹੋਰ ਕੋਈ ਵੀ, ਜੋ ਕਿਸਾਨੀ ਦੌਰਾਨ ਆਈ, ਉਸ ਦਾ ਭਾਂਡਾ ਦੂਜੀ ਧਿਰ ਸਿਰ ਤੋੜਨ ਦੀ ਥਾਂ ਉਸ ਦਾ ਕਾਰਨ ਅਤੇ ਹੁਣ ਦੇ ਸਮੇਂ ਵਿਚ ਉਸ ਦਾ ਅਸਰ, ਮਾਰਕਸਵਾਦ ਅਤੇ ਸਮਾਜ ਸ਼ਾਸਤਰ ਦੇ ਸਿਧਾਂਤ ਵਿਚ ਲੱਭਣ ਦੀ ਕੋਸ਼ਿਸ਼ ਕੀਤੀ ਹੈ।

ਡਾ. ਸਮਰਾਓ ਦੇ ਤਜ਼ਰਬੇ ਤੋਂ ਸਾਫ ਹੁੰਦਾ ਹੈ ਕਿ ਕਿਸਾਨੀ ਦੀਆਂ ਸਮੱਸਿਆਵਾਂ ਦਾ ਹੱਲ ਬਹੁਤ ਔਖਾ ਹੈ ਅਤੇ ਇਕ ਛੋਟੇ ਤੇ ਮੱਧ ਵਰਗੀ ਕਿਸਾਨ ਨੂੰ ਆਤਮ-ਹੱਤਿਆ ਹੀ ਇਕੋ-ਇਕ ਅਤੇ ਆਸਾਨ ਹੱਲ ਲੱਗਦਾ ਹੈ। ਇਸ ਲੇਖ ਤੋਂ ਪਤਾ ਲੱਗਦਾ ਹੈ ਕਿ ਫਸਲ ਬੀਜਣ ਤੋਂ ਲੈ ਕੇ ਮੰਡੀ ਵਿਚ ਸੁਟਣ ਅਤੇ ਪੈਸੇ ਹੱਥ ਵਿਚ ਆਉਣ ਤੱਕ ਕਿਸਾਨ ਕਰਜ਼ੇ ਦੇ ਚੱਕਰ ਵਿਚ ਫਸਦਾ ਚਲਾ ਜਾਂਦਾ ਹੈ ਅਤੇ ਅੰਤ ਵਿਚ ਉਸ ਨੂੰ ਕੋਈ ਰਸਤਾ ਨਹੀਂ ਲੱਭਦਾ। ਇਹ ਹੀ ਕਿਸਾਨੀ ਦਾ ਦਰਦ ਅਤੇ ਦੁਖਾਂਤ ਹੈ। ਸਮੇਂ ਦੀਆਂ ਸਰਕਾਰਾਂ ਕੋਲ ਇਸ ਦਾ ਕੋਈ ਹੱਲ ਨਹੀਂ ਹੈ। ਕਰਜ਼ਾ ਮਾਫੀ ਜਾਂ ਫਸਲ ਦੀ ਕੀਮਤ ਵਿਚ ਕੁਝ ਵਾਧਾ, ਵੋਟ ਸਿਆਸਤ ਹੈ, ਕੋਈ ਗੰਭੀਰ ਉਪਰਾਲਾ ਨਹੀਂ ਹੈ। ਦੇਖੋ ਇਹ ਸਭ ਕਦੋਂ ਤੱਕ ਚੱਲਦਾ ਹੈ?

-ਸੁਰਿੰਦਰ ਸਿੰਘ ਸਿੱਧੂ

ਹਿੰਦੂਤਵੀ ਅਤਿਵਾਦ ਦੀਆਂ ਜੱਗ ਜਾਹਰ ਹੋ ਰਹੀਆਂ ਪਰਤਾਂ

(ਸਫਾ 10 ਦੀ ਬਾਕੀ)

ਬਰੀ ਹੋਣ ਦਾ ਪੂਰਾ ਮੌਕਾ ਮਿਲ ਜਾਵੇ। ਹਿੰਦੂਤਵੀ ਆਗੂ ਇਨ੍ਹਾਂ ਰਿਹਾਈਆਂ ਨੂੰ ਬੇਕਸੂਰ ਹਿੰਦੂਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਵਜੋਂ ਉਛਾਲ ਕੇ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਹਾਲੀਆ ਗ੍ਰਿਫ਼ਤਾਰੀਆਂ ਵੀ ਉਸੇ 'ਹਿੰਦੂ ਵਿਰੋਧੀ ਸਾਜ਼ਿਸ਼' ਦਾ ਹਿੱਸਾ ਹਨ। ਸੰਘ ਬ੍ਰਿਗੇਡ ਸਫ

ਜਸਕੰਵਰਬੀਰ ਨੇ ਸਿੱਖੀ ਸਿਧਾਂਤਾਂ ਲਈ ਤਿਆਗਿਆ ਕੌਮਾਂਤਰੀ ਮੁਕਾਬਲਾ

ਅੰਮ੍ਰਿਤਸਰ: ਤਰਨ ਤਾਰਨ ਦਾ ਭਲਵਾਨ ਜਸਕੰਵਰਬੀਰ ਸਿੰਘ ਗਿੱਲ ਕੌਮਾਂਤਰੀ ਫ੍ਰੀਸਟਾਈਲ ਕੁਸ਼ਤੀ ਵਿਚ ਭਾਰਤ ਦੀ ਨੁਮਾਇੰਦਗੀ ਕਰ ਸਕਦਾ ਸੀ, ਜੇਕਰ ਉਹ ਆਪਣਾ ਪਟਕਾ ਉਤਾਰ ਦਿੰਦਾ। ਇਹ ਗਿੱਲ ਦਾ ਪਲੇਠਾ ਕੌਮਾਂਤਰੀ ਮੁਕਾਬਲਾ ਸੀ ਪਰ ਉਸ ਨੇ ਸਿੱਖੀ ਸਿਧਾਂਤਾਂ ਖਾਤਰ ਕੁਰਬਾਨੀ ਦੇ ਦਿੱਤੀ।

ਬੀਤੀ 27 ਤੋਂ 29 ਜੁਲਾਈ ਦਰਮਿਆਨ ਤੁਰਕੀ ਦੇ ਸ਼ਹਿਰ ਇਸਤਾਂਬੁਲ ਵਿਚ ਅੰਬਰੇਲਾ ਆਫ ਯੂਨਾਈਟਿਡ ਵਰਲਡ ਰੈਸਲਿੰਗ ਤਹਿਤ ਯਾਸਰ ਡੋਗੂ ਮੈਮੋਰੀਅਲ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀ ਭਾਰਤੀ ਟੀਮ ਦਾ ਹਿੱਸਾ ਗਿੱਲ ਵੀ ਸੀ। ਸਿੱਖ ਖਿਡਾਰੀ ਨੂੰ ਆਪਣੇ ਮੁਲਕ ਤੋਂ ਬਾਹਰ ਧਾਰਮਿਕ ਨਿਸ਼ਾਨੀਆਂ ਤੋਂ ਬਿਨਾ ਖੇਡਣ ਲਈ ਕਹਿਣ ਦੇ ਇਸ ਮਾਮਲੇ ਦਾ ਭਾਰਤੀ ਵਿਦੇਸ਼ ਮੰਤਰਾਲੇ ਨੇ ਵੀ ਨੋਟਿਸ ਲਿਆ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੇ ਸਿਆਸੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਟਵੀਟ ਦਾ ਜਵਾਬ ਦਿੰਦਿਆਂ ਕਿਹਾ ਕਿ ਤੁਰਕੀ ਵਿਚ ਭਾਰਤੀ ਰਾਜਦੂਤ ਤੋਂ ਮਾਮਲੇ ਦੀ ਜਾਣਕਾਰੀ ਮੰਗੀ ਗਈ ਹੈ।



ਕੌਮਾਂਤਰੀ ਕੁਸ਼ਤੀ ਨਿਯਮਾਂ ਮੁਤਾਬਕ ਭਲਵਾਨ ਆਪਣੇ ਸਿਰ 'ਤੇ ਸਿਰਫ ਉਹੀ ਚੀਜ਼ਾਂ ਪਹਿਨ ਸਕਦਾ ਹੈ ਜੋ ਵਿਰੋਧੀ ਖਿਡਾਰੀ ਨੂੰ ਨੁਕਸਾਨ ਨਾ ਪਹੁੰਚਾਏ। ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕੋਈ ਕੇਸਾਧਾਰੀ ਸਿੱਖ ਕੌਮਾਂਤਰੀ ਕੁਸ਼ਤੀ ਮੁਕਾਬਲੇ ਵਿਚ ਹਿੱਸਾ ਲੈਣ ਲਈ ਗਿਆ ਹੋਵੇ। ਭਲਵਾਨ ਜਸਕੰਵਰਬੀਰ ਸਿੰਘ ਗਿੱਲ ਪੰਜਾਬ ਆਰਮਡ ਪੁਲਿਸ ਦਾ ਜਵਾਨ ਹੈ ਤੇ ਦੇਸ਼ ਪੱਧਰੀ ਅੰਤਰ-ਵਰਸਿਟੀ ਮੁਕਾਬਲਿਆਂ ਦਾ ਸੋਨ ਤਗਮਾ ਤੇ ਕੌਮੀ ਖੇਡਾਂ ਦਾ ਕਾਂਸੇ ਦਾ ਤਗਮਾ ਜੇਤੂ ਹੈ। ਉਹ ਏਸ਼ੀਅਨ ਸੋਨ ਤਗਮਾ ਜੇਤੂ ਭਲਵਾਨ ਸਲਵਿੰਦਰ ਸਿੰਘ ਦਾ ਪੁੱਤਰ ਹੈ। 15 ਜੁਲਾਈ 1993 ਨੂੰ ਜੰਮੇ ਜਸਕੰਵਰਬੀਰ ਨੇ ਯੂਕਰੇਨ ਦੇ ਭਲਵਾਨ ਨਾਲ 125 ਕਿੱਲੋ ਭਾਰ ਵਰਗ ਵਿਚ ਭਿੜਨਾ ਸੀ, ਪਰ ਪ੍ਰਬੰਧਕਾਂ ਨੇ ਉਸ ਦੇ ਪਟਕੇ 'ਤੇ ਸਵਾਲ ਖੜ੍ਹੇ ਕਰ ਦਿੱਤੇ।

ਭਾਰਤੀ ਟੀਮ ਨਾਲ ਗਏ ਅਧਿਕਾਰੀਆਂ ਤੇ ਖਿਡਾਰੀ ਨੇ ਟੂਰਨਾਮੈਂਟ ਪ੍ਰਬੰਧਕਾਂ ਨੂੰ ਕਈ ਵਾਰ ਬੇਨਤੀ ਕੀਤੀ ਪਰ ਸਭ ਵਿਅਰਥ ਗਿਆ। ਭਾਰਤ ਦੇ ਮੁੱਖ ਕੁਸ਼ਤੀ ਕੋਚ ਜਗਮਿੰਦਰ ਸਿੰਘ ਨੇ ਦੱਸਿਆ ਕਿ ਸਾਲ 1973 ਤੋਂ ਲੈ ਕੇ ਹੁਣ ਤੱਕ ਇਹ ਪਹਿਲਾ ਮਾਮਲਾ ਹੈ ਜਦ ਕਿਸੇ ਨੂੰ ਪਟਕੇ ਕਾਰਨ ਖੇਡਣ ਤੋਂ ਰੋਕਿਆ ਗਿਆ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਕੈਨੇਡਾ ਵਿਚ ਵੀ ਇਕ ਸਿੱਖ ਭਲਵਾਨ ਨੂੰ ਕੇਸਾਂ ਸਮੇਤ ਖੇਡਣ ਦੀ ਆਗਿਆ ਦਿੱਤੀ ਗਈ ਸੀ। ਹਾਲਾਂਕਿ, ਤੁਰਕੀ ਵਿਚ ਹੋਏ ਮੁਕਾਬਲੇ ਦੇ ਨਿਯਮ ਵਿਸ਼ਵ ਕੁਸ਼ਤੀ ਫੈਡਰੇਸ਼ਨ ਦੇ ਨਿਯਮਾਂ ਨਾਲੋਂ ਵੱਖ ਨਹੀਂ ਹਨ, ਪਰ ਇਸ ਦਾ ਜਸਕੰਵਰਬੀਰ ਸਿੰਘ ਨੂੰ ਕੋਈ ਲਾਭ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਇਸ ਮਸਲੇ ਨੂੰ ਡਬਲਿਊਡਬਲਿਊਐਫ ਕੋਲ ਚੁੱਕੇ ਤਾਂ ਜੋ ਭਵਿੱਖ ਵਿਚ ਅਜਿਹਾ ਨਾ ਵਾਪਰੇ।

ਲੈਫਟੀਨੈਂਟ ਜਨਰਲ ਨਰਿੰਦਰਪਾਲ ਸਿੰਘ ਹੀਰਾ ਅਮਰੀਕਾ ਦੌਰੇ 'ਤੇ

ਫਰੀਮਾਂਟ (ਬਿਊਰੋ): ਸਾਲ 2016 ਤੋਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੇ ਚੇਅਰਮੈਨ ਵਜੋਂ ਸੇਵਾ ਨਿੰਭਾ ਰਹੇ ਲੈਫਟੀਨੈਂਟ ਜਨਰਲ ਨਰਿੰਦਰਪਾਲ ਸਿੰਘ ਹੀਰਾ ਇਨ੍ਹੀਂ ਦਿਨੀਂ ਆਪਣੀ ਪਤਨੀ ਨਾਲ ਅਮਰੀਕਾ ਦੇ ਨਿੱਜੀ ਦੌਰੇ 'ਤੇ ਆਏ ਹੋਏ ਹਨ।

ਜਨਰਲ ਹੀਰਾ ਨੇ ਸਰਕਾਰੀ ਹਾਈ ਸਕੂਲ ਸਮਰਾਲਾ, ਲੁਧਿਆਣਾ ਤੋਂ 1972 ਵਿਚ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਹੈ। ਉਹ ਉਸੇ ਸਕੂਲ ਵਿਚ ਪੜ੍ਹਾਉਂਦੇ ਰਹੇ ਸਵਰਗੀ ਸ. ਮੇਹਰ ਸਿੰਘ ਹੀਰਾ ਦੇ ਪੁੱਤਰ ਹਨ। ਜਨਰਲ ਹੀਰਾ ਨੈਸ਼ਨਲ ਡਿਫੈਂਸ ਅਕੈਡਮੀ (ਐਨ. ਡੀ. ਏ.) ਵਿਚ ਬਤੌਰ ਅਫਸਰ ਚੁਣੇ ਗਏ ਅਤੇ ਉਨ੍ਹਾਂ ਸਾਲ 2016 ਤੱਕ ਭਾਰਤੀ ਫੌਜ ਦੇ ਡਿਪਟੀ ਚੀਫ ਵਜੋਂ ਆਪਣੀ ਰਿਟਾਇਰਮੈਂਟ ਤੱਕ 42 ਸਾਲ ਤਕ ਸੇਵਾ ਨਿੰਭਾਈ। ਜਨਰਲ ਹੀਰਾ ਨੂੰ ਅਨੇਕ ਬਹਾਦਰੀ ਪੁਰਸਕਾਰ ਅਸ਼ੋਕ ਚੱਕਰ, ਕੀਰਤੀ ਚੱਕਰ, ਸ਼ੌਰਿਆ ਚੱਕਰ ਤੇ ਵਿਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਯੂਨਿਟ ਨੇ 32 ਗੇਲੈਂਟਰੀ ਪੁਰਸਕਾਰ ਜਿੱਤੇ।

ਜਨਰਲ ਹੀਰਾ ਆਪਣੇ ਸਕੂਲ ਦੇ ਸਹਿਪਾਠੀ ਅਤੇ ਦੋਸਤ ਸ. ਰਾਜਿੰਦਰਪਾਲ ਸਿੰਘ ਢਿੱਲੋਂ ਵੀ ਗਏ। ਸ. ਢਿੱਲੋਂ ਨੇ ਕਿਹਾ ਕਿ ਉਹ ਸਕੂਲ ਦੇ ਸਮੇਂ ਤੋਂ ਜਾਣਦੇ ਸਨ ਕਿ ਨਰਿੰਦਰ ਇੱਕ ਦਿਨ ਅਸਲੀ ਹੀਰਾ ਬਣੇਗਾ। ਉਨ੍ਹਾਂ ਕਿਹਾ, ਮੈਨੂੰ ਆਪਣੇ ਦੋਸਤ ਜਨਰਲ ਹੀਰਾ ਦੇ ਸਮਰਪਣ, ਇਮਾਨਦਾਰੀ ਅਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਉਨ੍ਹਾਂ ਦੀ ਚੇਅਰਮੈਨਸ਼ਿਪ ਹੇਠ ਗਜ਼ਟਿਡ ਅਧਿਕਾਰੀਆਂ ਦੀ ਚੋਣ ਵਿਚ ਮੈਰਿਟ ਆਧਾਰਤ ਸਿਲੈਕਸ਼ਨਾਂ 'ਤੇ ਮਾਣ ਹੈ।

ਡੀ. ਜੀ. ਪੀ. ਸੁਰੇਸ਼ ਅਰੋੜਾ ਦਾ ਕਾਰਜਕਾਲ ਵਧਾਉਣ ਲਈ ਭੱਜ-ਨੱਠ

ਚੰਡੀਗੜ੍ਹ: ਸੁਪਰੀਮ ਕੋਰਟ ਵੱਲੋਂ 3 ਜੁਲਾਈ, 2018 ਨੂੰ ਦਿੱਤੇ ਗਏ ਫੈਸਲੇ ਦਾ ਪੰਜਾਬ ਸਰਕਾਰ ਨੇ ਮੁੜ ਜਾਇਜ਼ਾ ਲੈਣ ਦੀ ਅਰਜੋਈ

ਕਰਨ ਦਾ ਫੈਸਲਾ ਕੀਤਾ ਹੈ ਜਿਸ ਵਿਚ ਸੁਪਰੀਮ ਕੋਰਟ ਨੇ ਸੂਬਿਆਂ ਨੂੰ ਰਾਜ ਸਰਕਾਰ ਦੇ ਪ੍ਰਸਤਾਵਾਂ ਦੇ ਆਧਾਰ 'ਤੇ ਯੂ.ਪੀ.ਐਸ.ਸੀ. ਵੱਲੋਂ ਗਠਿਤ ਪੈਨਲ ਵਿਚੋਂ ਪੁਲਿਸ ਦੇ ਡਾਇਰੈਕਟਰ ਜਨਰਲ ਦੀ ਚੋਣ ਤੇ ਨਿਯੁਕਤੀ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸਰਕਾਰ ਨੇ ਮਹਿਸੂਸ ਕੀਤਾ ਹੈ ਕਿ ਸੁਪਰੀਮ ਕੋਰਟ ਦੇ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨ ਨਾਲ ਸੂਬੇ ਦੇ ਮਾਮਲਿਆਂ ਵਿਚ ਸਿਆਸੀ ਦਖਲ ਅੰਦਾਜ਼ੀ ਪੈਦਾ ਹੋਵੇਗੀ। ਪੰਜਾਬ ਸਰਕਾਰ ਨਵੇਂ ਡਾਇਰੈਕਟਰ ਜਨਰਲ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਵਿਚ ਰਿਵਿਊ ਅਰਜ਼ੀ ਦਾਖਲ ਕਰੇਗੀ। ਸੁਪਰੀਮ ਕੋਰਟ ਨੇ ਸਾਰੇ ਸੂਬਿਆਂ ਨੂੰ ਡਾਇਰੈਕਟਰ ਜਨਰਲ ਦੀ ਰਿਟਾਇਰਮੈਂਟ ਤੋਂ ਤਿੰਨ ਮਹੀਨੇ ਪਹਿਲਾਂ ਚੰਗੇ ਰਿਕਾਰਡ ਵਾਲੇ ਤਿੰਨ ਸੀਨੀਅਰ ਦੇ ਨਾਂ ਭੇਜਣ ਦੇ ਆਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਵੱਲੋਂ 3 ਜੁਲਾਈ ਨੂੰ ਸੂਬੇ ਦਾ ਡੀ.ਜੀ.ਪੀ. ਨਿਯੁਕਤ ਕਰਨ ਬਾਰੇ ਆਦੇਸ਼ ਦਿੱਤੇ ਸਨ, ਪਰ ਪੰਜਾਬ ਸਰਕਾਰ ਨੂੰ ਮਨਜ਼ੂਰ ਨਹੀਂ ਹੈ। ਡੀ.ਜੀ.ਪੀ. ਦੀ ਨਿਯੁਕਤੀ ਲਈ ਰਾਜ ਪੁਲਿਸ ਕਮਿਸ਼ਨ ਦੇ ਗਠਨ ਲਈ ਪੰਜਾਬ ਪੁਲਿਸ ਐਕਟ-2007 ਵਿਚ ਸੋਧ ਹੋਵੇਗੀ। ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ 30 ਸਤੰਬਰ ਨੂੰ ਰਿਟਾਇਰ ਹੋਣਗੇ। ਪੰਜਾਬ ਸਰਕਾਰ ਉਨ੍ਹਾਂ ਦਾ ਕਾਰਜਕਾਲ ਵਧਾਉਣ ਦੇ ਰੌਅ ਵਿਚ ਹੈ ਪਰ ਸੁਪਰੀਮ ਕੋਰਟ ਦਾ ਹੁਕਮ ਸਰਕਾਰ ਦੇ ਰਾਹ ਦਾ ਰੋੜਾ ਬਣ ਰਿਹਾ ਹੈ।

ਪੰਥ 'ਚੋਂ ਛੇਕਿਆਂ ਦੀ ਮੁੜ ਵਾਪਸੀ ਦੀ ਤਿਆਰੀ

ਪਟਿਆਲਾ: ਪੰਥ ਵਿਚੋਂ ਛੇਕੇ ਗਏ ਵਿਅਕਤੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਆਮ ਮੁਆਫੀ ਦੇ ਕੇ ਪੰਥ ਵਿਚ ਵਾਪਸੀ ਦਾ ਇਕ ਮੌਕਾ ਦੇਣ ਦਾ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਵਿਚਾਰਿਆ ਜਾਵੇਗਾ। ਇਹ ਖੁਲਾਸਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ ਹੈ।

ਦੱਸਣਯੋਗ ਹੈ ਕਿ ਵੱਖ-ਵੱਖ ਮਾਮਲਿਆਂ ਵਿਚ ਪਿਛਲੇ ਸਮੇਂ ਕਈ ਵਿਅਕਤੀਆਂ ਨੂੰ ਪੰਥ 'ਚੋਂ ਛੇਕਿਆ ਗਿਆ ਸੀ, ਜਿਨ੍ਹਾਂ ਵਿਚੋਂ ਬਹੁਤਿਆਂ ਨੇ ਭੁੱਲ ਬਖਸ਼ਾ ਕੇ ਪੰਥ ਵਿਚ ਵਾਪਸੀ ਕਰ ਲਈ ਪਰ ਕਈ ਵਿਅਕਤੀ ਹਾਲੇ ਵੀ ਪੰਥ ਵਿਚੋਂ ਛੇਕੇ ਹੋਏ ਹਨ। ਅਜਿਹੀਆਂ ਸ਼ਖਸੀਅਤਾਂ 'ਚ ਪੰਥਕ ਮੁੱਦਿਆਂ ਨੂੰ ਲੈ ਕੇ ਕੁਝ ਪੰਥਕ ਵਿਦਵਾਨ ਵੀ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਪੰਥ ਵਿਚੋਂ ਛੇਕੇ ਵਿਅਕਤੀਆਂ ਨੂੰ 350 ਸਾਲਾ ਜਨਮ ਸ਼ਤਾਬਦੀ 'ਤੇ ਆਮ ਮੁਆਫੀ ਦੇ ਕੇ ਪੰਥ 'ਚ ਵਾਪਸੀ ਲਈ ਇਕ ਮੌਕਾ ਦੇਣ ਦੀ ਮੰਗ ਕੀਤੀ ਹੈ। ਸ੍ਰੀ ਸਰਨਾ ਵੱਲੋਂ ਰੱਖੀ ਗਈ ਆਮ ਮੁਆਫੀ ਦੇਣ ਦੀ ਮੰਗ ਨੂੰ ਭਾਵੇਂ ਜਥੇਦਾਰ ਵੱਲੋਂ ਇਕ ਤਰ੍ਹਾਂ ਵਾਜਬ ਦੱਸਿਆ ਗਿਆ ਪਰ ਇਹ ਸਾਫ ਨਹੀਂ ਕੀਤਾ ਕਿ ਇਸ ਮਾਮਲੇ 'ਤੇ ਕਦੋਂ ਤੱਕ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਜਾ ਸਕਦੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਅਕਾਲ ਤਖਤ ਸਕੱਤਰੇਤ ਦੇ ਵੱਖ-ਵੱਖ ਬਕਾਇਆ ਪਏ ਮਸਲਿਆਂ 'ਤੇ ਜਦੋਂ ਵੀ ਕੋਈ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਤਾਂ ਆਮ ਮੁਆਫੀ ਦੇ ਮੁੱਦੇ 'ਤੇ ਵਿਚਾਰ ਹੋ ਸਕਦਾ ਹੈ। ਪਿਛਲੇ ਸਮੇਂ ਵਿਵਾਦਾਂ ਵਿਚ ਘਿਰਨ ਮਗਰੋਂ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਦੇ ਮੁਤੱਲਕ ਜਥੇਦਾਰ ਨੇ ਦੱਸਿਆ ਕਿ ਉਸ ਦਾ ਮਾਮਲਾ ਅਕਾਲ ਤਖਤ ਸਾਹਿਬ ਨਾਲ ਸਬੰਧਤ ਹੈ, ਉਸ ਵੱਲੋਂ ਜੇਕਰ ਕੋਈ ਅਪੀਲ ਕੀਤੀ ਜਾਵੇਗੀ ਤਾਂ ਉਸ ਦਾ ਕੇਸ ਅਕਾਲ ਤਖਤ ਸਾਹਿਬ ਦੀ ਮਰਿਆਦਾ 'ਚ ਹੀ ਵਿਚਾਰਿਆ ਜਾਵੇਗਾ, ਪਰ ਫਿਲਹਾਲ ਲੰਗਾਹ ਦੀ ਕੋਈ ਅਪੀਲ ਨਹੀਂ ਆਈ। ਸੂਤਰਾਂ ਅਨੁਸਾਰ ਆਮ ਮਾਫੀ ਦੇਣ ਦਾ ਮੁੱਦਾ ਕਾਫੀ ਟੇਢਾ ਹੈ। ਅਕਾਲ ਤਖਤ ਦੀ ਮਰਿਆਦਾ ਤੋਂ ਉਲਟ ਜਾ ਕੇ ਫੈਸਲੇ ਲੈਣੇ ਕੌਮ 'ਚ ਵੱਡੀ ਦੁਬਿਧਾ ਦਾ ਮਾਹੌਲ ਪੈਦਾ ਹੋਣ ਦਾ ਖਦਸ਼ਾ ਹੈ।

ਦਾਗੀ ਸਿਆਸਤਦਾਨਾਂ ਨੂੰ ਘੇਰਨ ਦੀ ਤਿਆਰੀ

ਨਵੀਂ ਦਿੱਲੀ: ਦਾਗੀ ਸਿਆਸਤਦਾਨਾਂ ਨੂੰ 'ਅਯੋਗ' ਕਰਾਰ ਦੇਣ ਬਾਰੇ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਸੰਕੇਤ ਦਿੱਤੇ ਹਨ ਕਿ ਅਜਿਹੇ ਸਿਆਸਤਦਾਨਾਂ ਨਾਲ ਜੁੜੇ ਮਾਮਲਿਆਂ ਦੀ ਛੇਤੀ ਸੁਣਵਾਈ ਲਈ ਸੰਵਿਧਾਨਕ ਬੈਂਚ ਦਾ ਗਠਨ ਕੀਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਅਪਰਾਧ ਵਿਚ ਦੋਸ਼ੀ ਕਰਾਰ ਹੋਣ ਤੋਂ ਪਹਿਲਾਂ ਕਿਸੇ ਉਮੀਦਵਾਰ ਨੂੰ ਚੋਣ ਲੜਨ ਤੋਂ ਨਹੀਂ ਰੋਕਿਆ ਜਾ ਸਕਦਾ ਪਰ ਗੰਭੀਰ ਅਪਰਾਧਾਂ ਦੇ ਮਾਮਲੇ 'ਚ ਫਾਸਟ ਟਰੈਕ ਦੇ ਜ਼ਰੀਏ ਮਾਮਲੇ ਦਾ ਛੇਤੀ ਨਿਪਟਾਰਾ ਕਰਨ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਹਾਲਾਂਕਿ ਅਦਾਲਤ ਨੇ ਕਿਹਾ ਕਿ ਕਾਨੂੰਨ ਬਣਾਉਣਾ ਸੰਸਦ ਦਾ ਕੰਮ ਹੈ, ਅਸੀਂ ਸਿਰਫ ਕਾਨੂੰਨ ਐਲਾਨ ਸਕਦੇ ਹਾਂ।

ਅਦਾਲਤ ਨੇ ਕਿਹਾ ਕਿ ਦਾਗੀ ਆਗੂਆਂ ਖਿਲਾਫ਼ ਗੰਭੀਰ ਮਾਮਲਿਆਂ ਦਾ ਛੇਤੀ ਨਿਪਟਾਰਾ ਹੋਣਾ ਚਾਹੀਦਾ ਹੈ। ਜੇਕਰ ਅਦਾਲਤ ਵੱਲੋਂ ਸੰਵਿਧਾਨਕ ਬੈਂਚ ਦਾ ਗਠਨ ਕਰ ਦਿੱਤਾ ਜਾਂਦਾ ਹੈ ਤਾਂ ਉਸ ਸਥਿਤੀ 'ਚ ਅਜਿਹੇ ਸਿਆਸਤਦਾਨਾਂ ਸਾਹਮਣੇ ਬਹੁਤ ਵੱਡੀ ਮੁਸ਼ਕਿਲ ਖੜ੍ਹੀ ਹੋ ਜਾਵੇਗੀ ਜਿਹੜੇ ਅਪਰਾਧਿਕ ਮੁਕੱਦਮੇ ਚੱਲਣ ਦੇ ਬਾਵਜੂਦ ਸਿਆਸਤ 'ਚ ਪੂਰੀ ਤਰ੍ਹਾਂ ਸਰਗਰਮ ਰਹਿੰਦੇ ਹਨ।

ਪਟੀਸ਼ਨਕਰਤਾਵਾਂ ਦੀ ਮੰਗ ਸੀ ਕਿ ਗੰਭੀਰ ਅਪਰਾਧਾਂ 'ਚ ਜੇਕਰ ਦੋਸ਼ ਤੈਅ ਹੋ ਜਾਣ ਤਾਂ ਉਸ ਆਗੂ ਨੂੰ ਚੋਣ ਲੜਨ ਤੋਂ ਰੋਕ ਦੇਣਾ ਚਾਹੀਦਾ ਹੈ। ਇਸ ਲਈ ਦੋਸ਼ੀ ਦੇ ਦੋਸ਼ ਸਾਬਤ ਹੋਣ ਤੱਕ ਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਇਸ ਮਾਮਲੇ 'ਚ ਗੰਭੀਰ ਅਪਰਾਧ ਉਸ ਨੂੰ ਮੰਨਿਆ ਜਾਵੇ ਜਿਥੇ 5 ਸਾਲ ਜਾਂ ਉਸ ਤੋਂ ਵੱਧ ਸਜ਼ਾ ਦੀ ਵਿਵਸਥਾ ਹੋਵੇ। ਅਦਾਲਤ ਨੇ ਕਿਹਾ ਕਿ ਦੋਸ਼ੀ ਸਾਬਤ ਹੋਣ ਤੋਂ ਪਹਿਲਾਂ ਕਿਸੇ ਨੂੰ ਵੀ ਚੋਣ ਲੜਨ ਤੋਂ ਨਹੀਂ ਰੋਕਿਆ ਜਾ ਸਕਦਾ, ਹਾਲਾਂਕਿ ਸਿਆਸੀ ਆਗੂਆਂ ਨਾਲ ਜੁੜੇ ਗੰਭੀਰ ਮਾਮਲਿਆਂ ਦਾ ਛੇਤੀ ਨਿਪਟਾਰਾ ਹੋਵੇ, ਇਸ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਕੇਂਦਰ ਸਰਕਾਰ ਨੇ ਇਸ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਵਿਸ਼ੇ 'ਤੇ ਅਦਾਲਤ ਨਹੀਂ ਬਲਕਿ ਸੰਸਦ ਕਾਰਵਾਈ ਕਰ ਸਕਦੀ ਹੈ।

ਕੈਨੇਡਾ ਗੋਲੀਬਾਰੀ ਵਿਚ ਚਾਰ ਮੌਤਾਂ

ਮੌਂਟਰੀਅਲ: ਕੈਨੇਡਾ ਦੇ ਫਰੈਡਰਿਕਸ਼ਨ ਸ਼ਹਿਰ 'ਚ ਗੋਲੀਬਾਰੀ ਵਿਚ ਚਾਰ ਲੋਕਾਂ ਦੀ ਮੌਤ ਹੋਣ ਤੋਂ ਬਾਅਦ ਪੁਲਿਸ ਨੇ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਹੈ। ਮਰਨ ਵਾਲੇ ਦੋ ਪੁਲਿਸ ਮੁਲਾਜ਼ਮ ਹਨ। ਨਿਊ ਬ੍ਰੰਸਵਿਕ ਸੂਬੇ ਵਿਚ ਵਾਪਰੀ ਗੋਲੀਬਾਰੀ ਦੀ ਇਸ ਘਟਨਾ ਦੇ ਅਸਲ ਕਾਰਨਾਂ ਬਾਰੇ ਅਜੇ ਪਤਾ ਨਹੀਂ ਚੱਲ ਸਕਿਆ। ਕੈਨੇਡਾ ਦੇ ਟੀਵੀ ਚੈਨਲ ਸੀ.ਬੀ.ਸੀ. ਨੇ ਦੱਸਿਆ ਕਿ ਗੋਲੀਬਾਰੀ ਦੀ ਇਹ ਘਟਨਾ ਇਸ ਉਤਰੀ ਸ਼ਹਿਰ ਦੇ ਰਿਹਾਇਸ਼ੀ ਇਲਾਕੇ ਵਿਚ ਵਾਪਰੀ ਹੈ ਤੇ ਮੌਕੇ 'ਤੇ ਵੱਡੀ ਗਿਣਤੀ 'ਚ ਹਥਿਆਰਬੰਦ ਪੁਲਿਸ, ਨੀਮ ਫੌਜੀ ਤੇ ਹੋਰ ਸੁਰੱਖਿਆ ਦਸਤੇ ਤਾਇਨਾਤ ਸਨ।

ਪੁਲਿਸ ਘਟਨਾ ਵਾਲੇ ਇਲਾਕੇ 'ਚੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਵਿਚ ਲੱਗੀ ਹੋਈ ਸੀ। ਚੈਨਲ ਦੀ ਰਿਪੋਰਟ ਮੁਤਾਬਕ ਇਸ ਇਲਾਕੇ 'ਚ ਰਹਿੰਦੇ ਲੋਕਾਂ ਨੇ ਸਵੇਰੇ 7 ਵਜੇ ਦੇ ਕਰੀਬ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਇਸਲਾਮਿਕ ਸਟੇਟ ਗਰੁੱਪ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ, ਪਰ ਕੈਨੇਡੀਅਨ ਪੁਲਿਸ ਦਾ ਕਹਿਣਾ ਹੈ ਕਿ ਆਈ.ਐਸ. ਦੀ ਇਸ ਹਮਲੇ 'ਚ ਸ਼ਮੂਲੀਅਤ ਹੋਣ ਸਬੰਧੀ ਕੋਈ ਸਬੂਤ ਅਜੇ ਸਾਹਮਣੇ ਨਹੀਂ ਆਇਆ ਹੈ।

ਖੇਤਰੀ ਪਾਰਟੀਆਂ ਨੂੰ ਅਪ੍ਰਤੱਖ ਸ੍ਰੋਤਾਂ ਤੋਂ ਹਾਸਲ ਹੋਏ 22 ਫੀਸਦੀ ਫੰਡ

ਨਵੀਂ ਦਿੱਲੀ: ਸਾਲ 2016-17 ਵਿਚ 29 ਖੇਤਰੀ ਪਾਰਟੀਆਂ ਦੀ ਕੁੱਲ ਆਮਦਨ 347.74 ਕਰੋੜ ਰੁਪਏ ਸੀ, ਜਦੋਂ ਕਿ ਅਪ੍ਰਤੱਖ ਸਰੋਤਾਂ ਤੋਂ ਆਮਦਨ 77 ਕਰੋੜ ਰੁਪਏ

ਰੋਜ਼ਵਿਲ ਵਿਚ ਲੱਗਾ ਰਵਾਇਤੀ ਤੀਆਂ ਦਾ ਖੁੱਲ੍ਹਾ ਮੇਲਾ

ਰੋਜ਼ਵਿਲ (ਬਿਊਰੋ): ਲੰਘੇ ਐਤਵਾਰ ਇਥੋਂ ਦੇ ਇਕ ਪਾਰਕ ਵਿਚ ਪਹਿਲਾ ਓਪਨ ਤੀਆਂ ਦਾ ਤਿਓਹਾਰ ਸਵਾਣੀਆਂ ਵਲੋਂ ਬੋਲੀਆਂ ਪਾ ਕੇ ਅਤੇ ਪੰਜਾਬ ਦੇ ਹਰ ਰੰਗ ਨੂੰ ਪੇਸ਼ ਕਰਦਿਆਂ ਬਹੁਤ ਹੀ ਸੁਚੱਜੇ ਢੰਗ ਨਾਲ ਮਨਾਇਆ ਗਿਆ। 5 ਅਗਸਤ ਨੂੰ ਰੁਪਿੰਦਰ ਕੌਰ ਦੀ ਸੁਚੱਜੀ ਅਗਵਾਈ ਹੇਠ ਪਹਿਲਾ ਰੋਜ਼ਵਿਲ ਓਪਨ ਤੀਆਂ ਦਾ ਪ੍ਰਬੰਧ ਹਰ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਕੀਤਾ ਗਿਆ ਜਿਸ ਵਿਚ ਹਰ ਉਮਰ ਦੀਆਂ ਔਰਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਨੱਚ ਟੱਪ ਕੇ ਤੇ ਰਵਾਇਤੀ ਪੰਜਾਬੀ ਕੱਪੜਿਆਂ ਵਿਚ ਆਪਣੇ ਦਿਲਾਂ ਦੀਆਂ ਸੱਧਰਾਂ ਪੂਰੀਆਂ ਕੀਤੀਆਂ।

ਤੀਆਂ ਦੇ ਇਸ ਇਕੱਠ ਵਿਚ ਪੰਜਾਬ ਦੇ ਵਿਰਸੇ ਦੀ ਪੇਸ਼ਕਾਰੀ ਕਰਦੇ ਸਟਾਲ ਵੀ ਲਾਏ ਗਏ, ਦਰਖਤਾਂ 'ਤੇ ਪੀਂਘਾਂ ਵੀ ਪਾਈਆਂ ਗਈਆਂ ਅਤੇ ਪੰਜਾਬੀ ਖਾਣੇ ਦੇ ਸਟਾਲ ਵੀ ਲਾਏ ਗਏ, ਜਿਨ੍ਹਾਂ ਵਿਚ ਸਾਉਣ ਮਹੀਨੇ ਨੂੰ ਮੁੱਖ ਰੱਖਦਿਆਂ ਖੀਰ ਤੇ ਪੂੜੇ ਖਾਸ ਤੌਰ 'ਤੇ ਸ਼ਾਮਲ ਕੀਤੇ। ਪੰਜਾਬੀ ਖਾਣੇ ਦਾ ਸਟਾਲ ਬੰਬੇ ਕੁਜ਼ੀਨ ਵਲੋਂ ਲਾਇਆ ਗਿਆ।

ਇਸ ਸਾਰੇ ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਹਰਵਿੰਦਰ ਹਾਂਡਾ ਅਤੇ ਨੈਣਾ ਹਾਂਡਾ ਨੇ ਵਿਸ਼ੇਸ਼ ਯੋਗਦਾਨ ਪਾਇਆ। ਮੇਲੇ ਦੇ ਅਖੀਰ ਵਿਚ ਸ਼ਾਮਿਲ ਹੋਈਆਂ ਬੱਚੀਆਂ ਤੇ ਮੁਟਿਆਰਾਂ ਨੂੰ ਕੱਚ ਦੀਆਂ ਚੂੜ੍ਹੀਆਂ ਵੀ ਵੰਡੀਆਂ ਗਈਆਂ।

Sher-E-Punjab Sports & Cultural Society

Cincinnati, Dayton, Lima, Columbus (OH)

Sher-E-Punjab Khed Mela VIII

September 22, 2018

(Saturday, 8am-6pm)

Voice of America: 7850 VOA Park Dr., West Chester, Ohio 45069

(Park Entrance from Butler Warren Rd.)

Open Invitation To All

Sports, Entertainment and a lot more

Sports: Athletics Games for Men, Women & Kids Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

Lucky Draw- 1st Prize Motercycle
2nd Prize Laptop (Entry fee $100)

Chief Guest (Salhan Brothers)

Baldev Singh Salhan

Gurmit Singh Salhan

Sarabjit Singh Salhan

Women`s Kabaddi Show Match

Free Food , Free Entry, Free Parking

No alcohol allowed in VOA Park

Singer

Sidhu Moose Wala

Event Sponsored by

HACKNEY Since 1891

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi Express Inc. Freight Solutions

Gemini Jewelers
Manufacturers & Wholesalers of Exquisite 22K Jewelry
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

Khan Signs & Awnings

Media Sponsor: Radio Chann Pardesi

Prizes

Kabaddi
1st Prize $10,000
2nd Prize $8,000
3rd Prize $ 6,000
4th Prize $ 4,000

Volleyball
1st prize $3100
2nd Prize $2100

Soccer:
1st Prize $2100
2nd Prize $1500

Shoot Volleyball
1st prize $1100
2nd Prize $500

Kids Games (Cash Awards)
1st Prize $50
2nd Prize $25

For Volleyball Contact:
Happy Mundi 513-816-2636

For Kabbadi Contact:
Surjeet S. Mavi 513-616-4530
Amarik S. Tiwana 513-410-4101
Happy Matot 513-484-7879
Palwinder Dhillon 718-578-5372

For Soccer Contact:
Bobby Sidhu 937-919-4799
Goldi Mundi 732-208-2216
Daljeet Dali 513-720-4375

Advisory Committee:

Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC

Society Members:

Amarjit S. Takhar 937-604-0012
Surjeet S. Mavi 513-616-4530
Kumar Pawandeep 937-838-3767
Charanjit S. Brar 317-903-7400
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Gurminder S. Sandhu 513-550-6134
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864

www.sherepunjabcincy.com

Email :sherepunjabsociety@gmail.com

ਨੀਲਮ ਸੈਣੀ ਦੀ ਪੁਸਤਕ 'ਤੀਆਂ ਤੀਜ ਦੀਆਂ' 18 ਅਗਸਤ ਨੂੰ ਹੋਵੇਗੀ ਰਿਲੀਜ਼

ਨਿਊਵਾਰਕ, ਕੈਲੀਫੋਰਨੀਆ (ਬਿਊਰੋ): ਗੋਲਡਨ ਪੰਜਾਬ ਕਲੱਬ ਯੂ. ਐਸ. ਏ. ਵਲੋਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਨੀਲਮ ਸੈਣੀ ਦੀ ਨਵ ਪ੍ਰਕਾਸ਼ਿਤ ਪੁਸਤਕ 'ਤੀਆਂ ਤੀਜ ਦੀਆਂ' ਦੇ ਲੋਕ ਅਰਪਣ ਸਬੰਧੀ ਇਕ ਸਮਾਗਮ 18 ਅਗਸਤ, ਸਨਿਚਰਵਾਰ ਨੂੰ ਸਵੇਰੇ 11 ਤੋਂ 3 ਵਜੇ ਦਰਮਿਆਨ ਇਥੇ ਮਹਿਰਾਨ ਰੈਸਟੋਰੈਂਟ (5774 Mowry School Rd, Newark, CA 94560) ਵਿਖੇ ਰੱਖਿਆ ਗਿਆ ਹੈ।

ਪ੍ਰੋਗਰਾਮ ਦੇ ਸ਼ੁਰੂ ਵਿਚ ਨੀਲਮ ਸੈਣੀ ਦੀ ਮਾਤਾ ਸ੍ਰੀਮਤੀ ਕਮਲਾ ਦੇਵੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਉਹ 6 ਅਗਸਤ 2018 ਨੂੰ 82 ਵਰ੍ਹਿਆਂ ਦੀ ਉਮਰ ਭੋਗ ਕੇ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ।

ਇਸ ਮੌਕੇ ਪੁਸਤਕ ਵਿਚਾਰ-ਚਰਚਾ ਦੇ ਨਾਲ ਤੀਆਂ ਦੇ ਇਤਿਹਾਸ ਨੂੰ ਰੂਪਮਾਨ ਕਰਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' ਦਾ ਦੂਜਾ ਐਡੀਸ਼ਨ ਵੀ ਰਿਲੀਜ਼ ਕੀਤਾ ਜਾਵੇਗਾ।

ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨਾਲ ਫੋਨ: 510-427-8612, ਤਾਰਾ ਸਿੰਘ ਸਾਗਰ ਫੋਨ: 510-453-5779 ਜਾਂ ਨੀਲਮ ਸੈਣੀ ਨਾਲ ਫੋਨ: 510-502-0551 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਪਾਕਿ 'ਚ ਹਿੰਦੂ ਔਰਤਾਂ ਨੂੰ ਮੁੜ ਵਿਆਹ ਦੀ ਇਜਾਜ਼ਤ

ਕਰਾਚੀ: ਸਿੰਧ ਸੂਬੇ ਦੀ ਵਿਧਾਨ ਸਭਾ ਵੱਲੋਂ ਕੀਤੀ ਗਈ ਸੋਧ ਮਗਰੋਂ ਹੁਣ ਪਹਿਲੀ ਵਾਰ ਪਾਕਿਸਤਾਨ 'ਚ ਤਲਾਕਸ਼ੁਦਾ ਤੇ ਵਿਧਵਾ ਹਿੰਦੂ ਔਰਤਾਂ ਮੁੜ ਵਿਆਹ ਕਰਵਾ ਸਕਣਗੀਆਂ। ਇਸ ਤੋਂ ਪਹਿਲਾਂ ਪਾਕਿਸਤਾਨ 'ਚ ਅਜਿਹੀਆਂ ਹਿੰਦੂ ਔਰਤਾਂ ਨੂੰ ਮੁੜ ਵਿਆਹ ਦੀ ਇਜਾਜ਼ਤ ਨਹੀਂ ਸੀ।

ਮੀਡੀਆ ਰਿਪੋਰਟਾਂ ਅਨੁਸਾਰ ਸਿੰਧ ਹਿੰਦੂ ਮੈਰਿਜ ਐਕਟ 2018 (ਸੋਧਿਆ ਹੋਇਆ) 'ਚ ਸਿਰਫ ਦੋਵਾਂ ਪਤੀ-ਪਤਨੀ ਦੇ ਵੱਖ ਹੋਣ ਦੇ ਹੱਕ ਨੂੰ ਹੀ ਧਿਆਨ 'ਚ ਨਹੀਂ ਰੱਖਿਆ ਗਿਆ ਬਲਕਿ ਪਤਨੀ ਤੇ ਉਸ ਦੇ ਬੱਚਿਆਂ ਦੀ ਵਿੱਤੀ ਸੁਰੱਖਿਆ ਨੂੰ ਵੀ ਯਕੀਨੀ ਬਣਾਇਆ ਗਿਆ ਹੈ।

ਇਹ ਮਤਾ ਪਾਕਿਸਤਾਨ ਮੁਸਲਿਮ ਲੀਗ ਦੇ ਆਗੂ ਨੰਦ ਕੁਮਾਰ ਵੱਲੋਂ ਲਿਆਂਦਾ ਗਿਆ ਸੀ ਤੇ ਇਸ ਨੂੰ ਮਾਰਚ ਮਹੀਨੇ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਕਾਨੂੰਨ ਅਨੁਸਾਰ, 'ਹਿੰਦੂ ਵਿਆਹ, ਭਾਵੇਂ ਇਹ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਹੋਇਆ ਹੋਵੇ ਜਾਂ ਬਾਅਦ ਵਿਚ, ਦੇ ਦੋਵੇਂ ਪੱਖ ਅਦਾਲਤ 'ਚ ਅਰਜ਼ੀ ਦਾਇਰ ਕਰ ਕੇ ਵੱਖ ਹੋਣ ਦੀ ਅਪੀਲ ਕਰ ਸਕਦੇ ਹਨ।

ਇਸ ਕਾਨੂੰਨ ਤਹਿਤ ਹਿੰਦੂ ਭਾਈਚਾਰੇ ਦੇ ਮੈਂਬਰਾਂ 'ਚ ਨਿਰਧਾਰਤ ਤੋਂ ਘੱਟ ਉਮਰ ਵਿਚ ਵਿਆਹ ਕਰਾਉਣ ਉਤੇ ਪਾਬੰਦੀ ਹੋਵੇਗੀ। ਨੰਦ ਕੁਮਾਰ ਨੇ ਕਿਹਾ ਕਿ ਹਿੰਦੂ ਭਾਈਚਾਰਾ ਲੰਮੇ ਸਮੇਂ ਤੋਂ ਜਬਰੀ ਧਰਮ ਤਬਦੀਲੀ ਤੇ ਨਾਬਾਲਗ ਲੜਕੀਆਂ ਦੇ ਵਿਆਹ ਹੋਣ ਦਾ ਵਿਰੋਧ ਕਰ ਰਿਹਾ ਸੀ।

ਅਦਬੀ ਸ਼ਖਸ ਦੇ ਪਿੰਡ ਦੀ ਜਮਹੂਰੀਅਤ

ਲਹਿੰਦੇ ਪੰਜਾਬ ਦਾ ਅਦੀਬ ਅਲੀ ਅਕਬਰ ਨਾਤਿਕ ਆਪਣੇ ਪਹਿਲੇ ਕਹਾਣੀ ਸੰਗ੍ਰਿਹ 'ਕਾਇਮ ਦੀਨ' ਤੋਂ ਮਸ਼ਹੂਰ ਹੋਇਆ ਸੀ ਅਤੇ ਅੱਜ ਪਾਕਿਸਤਾਨੀ ਅਦਬੀ ਜਗਤ ਵਿਚ ਉਘਾ ਨਾਂ ਹੈ। ਉਸ ਦੀਆਂ ਕਹਾਣੀਆਂ ਅਤੇ ਨਜ਼ਮਾਂ ਹਿੰਦੀ, ਅੰਗਰੇਜ਼ੀ ਅਤੇ ਜਰਮਨ ਭਾਸ਼ਾਵਾਂ ਵਿਚ ਤਰਜਮਾ ਹੋ ਕੇ ਛਪ ਚੁਕੀਆਂ ਹਨ। ਉਸ ਵਲੋਂ ਲਿਖਿਆ ਗਿਆ ਇਹ ਲੇਖ ਪਾਕਿਸਤਾਨੀ ਸਿਆਸਤ ਅਤੇ ਸਮਾਜ ਦਾ ਅਜਿਹਾ ਪੱਖ ਦਿਖਾਉਂਦਾ ਹੈ ਜਿਸ ਬਾਰੇ ਬਾਕੀ ਮੀਡੀਆ ਸ਼ਾਇਦ ਹੀ ਕਦੇ ਗੱਲ ਕਰੇ। -ਸੰਪਾਦਕ

ਕਲਾ ਪਰਿਕਰਮਾ

ਅਲੀ ਅਕਬਰ ਨਾਤਿਕ
ਪੰਜਾਬੀ ਰੂਪ: ਮਾਨਵ

ਪਿੰਡ ਵਿਚ ਮੇਰੀ ਪਰਵਰਿਸ਼ ਪੱਚੀ ਸਾਲ ਤਕ ਹੋਈ ਹੈ। ਇਥੇ ਕੋਈ ਨਿੱਜੀ ਰਾਇ ਨਹੀਂ ਹੁੰਦੀ। ਮੇਰਾ ਪਿਓ ਅਤੇ ਸਾਰਾ ਖ਼ਾਨਦਾਨ ਅਜੇ ਵੀ ਉਥੇ ਹੀ ਹੈ। ਇਹ ਪੰਜਾਬ ਦਾ ਅਜਿਹਾ ਪਿੰਡ ਹੈ ਜਿਥੇ ਅੱਜ ਵੀ ਪ੍ਰਤੀ ਵਿਅਕਤੀ ਮਹੀਨਾਵਾਰ ਆਮਦਨ ਦਸ ਕੁ ਡਾਲਰ ਹੈ। ਮੈਂ ਹਰ ਪੰਦਰ੍ਹਾਂ ਦਿਨਾਂ ਬਾਅਦ ਦਿਹਾਤ ਵੱਲ ਜਾਂਦਾ ਹਾਂ। ਇਹ ਅਤੇ ਅਜਿਹੇ ਹੋਰ ਲੱਖਾਂ ਦਿਹਾਤ ਉਸ ਪਾਕਿਸਤਾਨ ਦਾ ਸ਼ਨਾਖਤੀ ਕਾਰਡ ਰੱਖਦੇ ਹਨ ਜਿਥੇ ਕੋਈ ਐਨ.ਜੀ.ਓ. ਦਫ਼ਤਰ ਨਹੀਂ ਬਣਾਉਂਦਾ ਕਿਉਂਕਿ ਮੀਟਿੰਗਾਂ ਕਰਨ ਲਈ ਇਥੇ ਕੋਈ ਪੰਜ ਤਾਰਾ ਹੋਟਲ ਨਹੀਂ ਹੁੰਦੇ; ਹਸਪਤਾਲ ਨਹੀਂ ਬਣ ਸਕਦਾ ਕਿਉਂਕਿ ਮੱਧਵਰਗੀ ਅਤੇ ਉਪਰਲੇ ਤਬਕੇ ਦਾ ਡਾਕਟਰ ਉਥੇ ਸੇਵਾਵਾਂ ਦੇਣ ਲਈ ਰਾਜ਼ੀ ਨਹੀਂ ਹੁੰਦਾ; ਸਾਫ਼ ਪਾਣੀ ਨਹੀਂ ਮਿਲ ਸਕਦਾ ਕਿਉਂਕਿ ਗੰਧਲੇ ਪਾਣੀ ਦੀ ਨਿਸ਼ਾਨਦੇਹੀ ਕਰਨ ਵਾਲਾ ਸਮਾਜਿਕ ਕਾਰਕੁਨ ਹੀ ਮੌਜੂਦ ਨਹੀਂ; ਸਰਕਾਰੀ ਸਕੂਲ ਦੀ ਲੋੜ ਨਹੀਂ ਕਿ ਵਧੇਰੇ ਲੋਕ ਮਜ਼ਦੂਰੀ, ਖੇਤੀ ਆਦਿ ਜਿਹੇ ਕੰਮ ਕਰਨ ਨੂੰ ਹੀ ਸਰਾਪੇ ਹੋਏ ਹਨ। ਅਜਿਹੇ ਪਿੰਡਾਂ ਅਤੇ ਕਸਬਿਆਂ ਵਿਚ ਸਿਆਸਤਦਾਨ ਨਹੀਂ, ਸਿਆਸੀ ਅਪਾਹਜ ਅਤੇ ਪਿੰਗਲੇ ਪੈਦਾ ਹੁੰਦੇ ਹਨ ਜੋ ਕੇਂਦਰੀ ਸਿਆਸਤਦਾਨਾਂ ਅਤੇ ਸੱਤਾ ਦੇ ਤਲੇ-ਚੱਟ ਹੁੰਦੇ ਹਨ। ਇਨ੍ਹਾਂ ਦਾ ਕੰਮ ਇਲਾਕੇ 'ਚ ਆਪਣੀ ਤਾਕਤ ਕਾਇਮ ਰੱਖਣ ਤੇ ਖ਼ਾਨਦਾਨ ਨੂੰ ਮਾਲੀ ਫ਼ਾਇਦਾ ਦੇਣ ਤਕ ਮਹਿਦੂਦ ਹੈ।

ਪਾਕਿਸਤਾਨੀ ਦਿਹਾਤੀ ਜਮਹੂਰੀਅਤ ਦੇ ਕੋਸ਼ ਨੂੰ ਨਹੀਂ ਸਮਝਦਾ। ਉਹ ਆਪਣੇ ਵਡੇਰਿਆਂ ਦਾ ਬਿਨਾਂ ਸ਼ਰਤੀਆ ਵੋਟਰ ਹੁੰਦਾ ਹੈ। ਇਹ ਵੋਟ ਵਡੇਰੇ ਦੀ ਇਕ ਮੁਸਕਰਾਹਟ 'ਤੇ ਵੀ ਆਸਾਨੀ ਨਾਲ ਦਿੱਤੀ ਜਾਂਦੀ ਹੈ ਜਾਂ ਹਲਕੇ ਗੁੱਸੇ ਦੇ ਵੱਟੇ ਵੀ। ਵੀਹਾਂ ਪਿੰਡਾਂ ਦਾ ਕਈ ਹਜ਼ਾਰ ਵੋਟ ਅਕਸਰ ਇਕ ਹੀ ਫ਼ਰਦ ਦੇ ਇਸ਼ਾਰੇ ਦਾ ਮੁਹਤਾਜ ਹੈ ਅਤੇ ਇਹ ਫ਼ਰਦ ਆਪਣਾ ਫ਼ੈਸਲਾ ਹਮੇਸ਼ਾਂ ਉਸ ਪਾਸੇ ਵੱਲ ਸੁਣਾਉਂਦਾ ਹੈ ਜਿਥੇ ਤਾਕਤ ਦਾ ਸੋਮਾ ਹੋਵੇ। ਆਮਦਨ ਅਤੇ ਜਬਰ ਦਾ ਇਹ ਤਸੱਵੁਰ ਸਾਡੇ ਉਨ੍ਹਾਂ ਲੋਕਾਂ ਦੀ ਦਿਮਾਗ਼ੀ ਪਹੁੰਚ ਤੋਂ ਬਹੁਤ ਪਰ੍ਹਾਂ ਹੈ ਜਿਨ੍ਹਾਂ ਦੇ ਇਕ ਕੱਪ ਚਾਹ ਦੀ ਅਦਾਇਗੀ ਦਸ ਡਾਲਰ ਜਾਂ ਇਸ ਤੋਂ ਕੁਝ ਉਪਰ ਹੈ। ਬਦਕਿਸਮਤੀ ਨੂੰ ਇਹੀ ਲੋਕ ਸਾਡੀ ਆਬਾਦੀ ਅਤੇ ਜਮਹੂਰੀਅਤਾਂ ਦੇ ਵਿਸ਼ਲੇਸ਼ਕ ਵੀ ਹਨ। ਤੁਸੀਂ ਕਰਾਚੀ, ਇਸਲਾਮਾਬਾਦ ਅਤੇ ਲਾਹੌਰ ਦੇ ਪੰਜ ਤਾਰਾ ਹੋਟਲਾਂ ਵਿਚ ਬੈਠ ਕੇ ਪਾਕਿਸਤਾਨੀ ਜਮਹੂਰੀਅਤ ਅਤੇ ਚੋਣਾਂ ਦਾ ਹੁਸਨ ਨਹੀਂ ਦੇਖ ਸਕਦੇ। ਇਸ ਦੇ ਅਸਲ ਸ਼ੀਸ਼ੇ ਸਾਡੇ ਏਧਰ ਹਨ। ਆਓ ਮੇਰੇ ਨਾਲ, ਤੁਹਾਨੂੰ ਸੱਚੀਆਂ ਅਤੇ ਖ਼ਰੀਆਂ ਜਮਹੂਰੀ ਚੋਣਾਂ ਅਤੇ ਹਕੀਕੀ ਜਮਹੂਰੀਅਤ ਦੇ ਦਰਸ਼ਨ ਕਰਵਾਉਂਦਾ ਹਾਂ।

ਪਿਛਲੀਆਂ ਚੋਣਾਂ ਦਾ ਕਿੱਸਾ ਹੈ। ਸਾਡੇ ਪਿੰਡ ਦੇ ਹਾਈ ਸਕੂਲ ਵਿਚ ਆਲੇ-ਦੁਆਲੇ ਦੇ ਪਿੰਡਾਂ ਨੂੰ ਮਿਲਾ ਕੇ ਤਕਰੀਬਨ ਇਕ ਹਜ਼ਾਰ ਬੱਚੇ ਪੜ੍ਹਦੇ ਹਨ। ਸਾਡਾ ਘਰ ਸਕੂਲ ਦੇ ਲਾਗੇ ਹੈ ਅਤੇ ਇਥੋਂ ਦੀ ਸੜਕ ਇੰਨੀ ਬੈਠ ਚੁੱਕੀ ਹੈ ਕਿ ਭੋਰਾ ਜਿਹਾ ਮੀਂਹ ਪਏ ਤੋਂ ਕਿਸ਼ਤੀਆਂ ਚਲਾਉਣੀਆਂ ਪੈਣ। ਬੱਚੇ ਡੁੱਬਦੇ ਹੋਏ ਸਕੂਲ ਨੂੰ ਜਾਂਦੇ ਹਨ। ਇਨ੍ਹਾਂ ਵਿਚੋਂ ਕਈ ਹੁਣ ਭੁੱਖ-ਨੰਗ ਦੇ ਸਮੁੰਦਰ ਦੇ ਗੋਤਾਖੋਰ ਬਣ ਚੁੱਕੇ ਹਨ। ਮੁਕਾਮੀ ਸਿਆਸੀ ਆਗੂ ਨੇ ਉਹ ਸੜਕ ਇਸ ਲਈ ਨਹੀਂ ਬਣਨ ਦਿੱਤੀ ਕਿ ਚੋਣਾਂ ਵਿਚ ਸਾਡੇ ਖ਼ਾਨਦਾਨ ਦੇ ਵੋਟ ਉਸ ਨੂੰ ਨਹੀਂ ਮਿਲੇ। ਕਈ ਦਫ਼ਾ ਰਾਹ ਨਾ ਹੋਣ ਕਾਰਨ ਸਕੂਲ ਹਫ਼ਤਾ ਭਰ ਬੰਦ ਵੀ ਰਿਹਾ। ਇਕ ਦਿਨ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਮੇਰਾ ਇਕ ਦੋਸਤ ਆ ਗਿਆ। ਮੈਂ ਜ਼ਾਤੀ ਤੌਰ 'ਤੇ ਉਸ ਨੂੰ ਸਕੂਲ ਦੇ ਰਾਹ ਵਿਚ ਪੈਣ ਵਾਲੀਆਂ ਦਲਦਲਾਂ ਅਤੇ ਕਾਲੇ ਪਾਣੀ ਤੋਂ ਜਾਣੂੰ ਕਰਵਾਇਆ। ਉਸ ਨੇ ਜ਼ਿਲ੍ਹਾਈ ਫ਼ੰਡ ਵਿਚੋਂ ਸੜਕ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ, ਪਰ ਕਿਸੇ ਗੈਬੀ ਕਾਰਨ ਕਰਕੇ ਕੰਮ ਤੁਰੰਤ ਰੁਕ ਗਿਆ।

ਸਬੱਬ ਪਤਾ ਕੀਤਾ ਤਾਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਤੁਹਾਡੇ ਮੁਕਾਮੀ ਆਗੂ ਨੇ ਮੁੱਖ ਮੰਤਰੀ ਤੋਂ ਫ਼ੋਨ ਕਰਵਾਇਆ ਹੈ ਕਿ ਜਦੋਂ ਤਕ ਮੁਕਾਮੀ ਆਗੂ ਨਾ ਚਾਹੇ, ਸੜਕ ਨਹੀਂ ਬਣ ਸਕਦੀ, ਆਗੂ ਦੀ ਇਜਾਜ਼ਤ ਲੈਣੀ ਜ਼ਰੂਰੀ ਹੈ। ਹੁਣ ਉਸ ਨੂੰ ਮਨਾਉਣ ਦਾ ਤਾਂ ਇਹੀ ਮਤਲਬ ਸੀ ਕਿ ਮੈਂ ਉਸ ਦੇ ਹਰ ਜ਼ੁਲਮ ਦੀ ਤਸਦੀਕ ਕਰਾਂ।

ਤੇ ਜਨਾਬ, ਉਹ ਸੜਕ ਅਜੇ ਤਕ ਨਹੀਂ ਬਣੀ। ਕੱਲ੍ਹ ਹੀ ਪਿੰਡੋਂ ਮੇਰੇ ਅੱਬਾ ਦਾ ਫ਼ੋਨ ਆਇਆ ਕਿ ਉਹੀ ਸਿਆਸੀ ਬੰਦਾ ਵੋਟ ਦਾ ਤਕਾਜ਼ਾ ਕਰ ਰਿਹਾ ਹੈ, ਹੁਣ ਕੀ ਕੀਤਾ ਜਾਵੇ? ਮੈਂ ਬੱਸ ਇੰਨਾ ਕਿਹਾ, "ਅੱਬਾ, ਤੁਹਾਡੀ ਮਰਜ਼ੀ ਹੈ, ਜਿਵੇਂ ਤੁਹਾਨੂੰ ਠੀਕ ਲੱਗੇ।" ਹੁਣ ਮੈਂ ਆਪਣੇ ਅੱਬਾ ਦੀ ਮਜਬੂਰੀ ਜਾਣਦਾ ਹਾਂ ਕਿ ਜੇ ਮੇਰਾ ਅੱਬਾ ਉਸ ਨੂੰ ਵੋਟ ਨਹੀਂ ਦੇਵੇਗਾ ਤਾਂ ਗੁਜ਼ਾਰਾ ਮੁਸ਼ਕਿਲ ਹੈ। ਹੁਣ ਮੇਰੇ

ਲਈ ਕੋਈ ਨਜ਼ਰੀਆ ਜਾਂ ਨਾਅਰਾ ਨਹੀਂ, ਇਸੇ ਤਾਕਤਵਰ ਬੰਦੇ ਦੀ ਰਜ਼ਾਮੰਦੀ ਜ਼ਰੂਰੀ ਹੈ ਜਿਸ ਦੀ ਵਫ਼ਾਦਾਰੀ ਨਵੇਂ ਚਿਹਰਿਆਂ ਪ੍ਰਤੀ ਹੋ ਚੁੱਕੀ ਸੀ ਅਤੇ ਉਸ ਦੇ ਹੱਥ ਵਿਚ ਪੂਰੇ ਇਲਾਕੇ ਦੀ ਠਾਣੇਦਾਰੀ ਮੁੜ ਆਉਣ ਵਾਲੀ ਸੀ। 2008 ਦੀ ਗੱਲ ਹੈ। ਪੰਜਾਬ ਦੇ ਸ਼ਹਿਰ ਓਕਾੜਾ ਦਾ ਕਸਬਾ ਬਸੀਰਪੁਰ ਹੈ। ਇਹ ਕਸਬਾ ਭਾਰਤ ਦੀ ਸਰਹੱਦ ਦੇ ਨਾਲ ਹੈ। ਮੈਂ ਉਥੇ ਨੈਸਲੇ ਕੰਪਨੀ ਤਰਫ਼ੋਂ ਮੁਲਾਜ਼ਮਤ ਕਰਦਾ ਸੀ ਅਤੇ ਕੰਪਨੀ ਲਈ ਦੁੱਧ ਖ਼ਰੀਦਦਾ ਸੀ। ਕਸਬੇ ਦੇ ਚੌਗਿਰਦੇ ਵਿਚ ਦੂਰ-ਦੁਰਾਡੇ ਦਾ ਪਿੰਡ ਸਿੱਧੜ ਨਾਮ ਤੋਂ ਹੈ। ਉਥੋਂ ਦਾ ਚੌਧਰੀ ਹਮੀਦ ਅਹਿਮਦ ਖ਼ਾਨ ਸੂਬਾਈ ਚੋਣਾਂ ਵੀ ਲੜਦਾ ਹੈ। ਉਸ ਦਾ ਗਊਆਂ ਦਾ ਫਾਰਮ ਹੈ। ਦੁੱਧ ਦੇ ਸਿਲਸਿਲੇ ਵਿਚ ਉਸ ਨਾਲ ਜਾਣ-ਪਛਾਣ ਹੋ ਗਈ ਤਾਂ ਉਸ ਦੇ ਡੇਰੇ 'ਤੇ ਆਉਣਾ-ਜਾਣਾ ਹੋਇਆ। ਇਨ੍ਹਾਂ ਨੇ ਦੋ ਬਘਿਆੜ ਬੰਨ੍ਹੇ ਹੋਏ ਸਨ। ਇਸੇ ਦੌਰਾਨ ਚੋਣਾਂ ਵੀ ਆ ਗਈਆਂ। ਇਕ ਦਿਨ ਮੈਂ ਉਥੇ ਹੀ ਬੈਠਾ ਸਾਂ ਕਿ ਉਸ ਦੇ ਮੁਲਾਜ਼ਮ ਦੋ ਬੰਦਿਆਂ ਨੂੰ ਫੜ ਲਿਆਏ। ਸਰਦਾਰ ਸਾਹਿਬ ਨੇ ਕਿਹਾ, "ਕਿਉਂ ਭਾਈ ਸੁਣਿਆ ਹੈ, ਤੁਸੀਂ ਵੋਟ ਕਿਸੇ ਹੋਰ ਪਾਸੇ ਦੇਣ ਦਾ ਇਰਾਦਾ ਕੀਤਾ ਹੈ। ਇਹ ਬਘਿਆੜ ਦੇਖ ਰਹੇ ਹੋ, ਇਹ ਤੁਹਾਡੇ ਵੱਲ ਛੱਡ ਦੇਵਾਂਗਾ।" ਉਨ੍ਹਾਂ ਵਿਚਾਰਿਆਂ ਦਾ ਰੰਗ ਅਜਿਹਾ ਫ਼ੱਕ ਹੋ ਗਿਆ ਸੀ, ਜਿਵੇਂ ਤਿੰਨ ਦਿਨ ਪੁਰਾਣੇ ਮੁਰਦੇ ਹੋਣ। ਉਹ ਹਾੜ੍ਹੇ ਕੱਢਣ ਲੱਗੇ ਅਤੇ ਵੋਟ ਦੇਣ ਦਾ ਵਾਅਦਾ ਕਰਕੇ ਚਲੇ ਗਏ।

ਉਨ੍ਹਾਂ ਦੇ ਜਾਣ ਮਗਰੋਂ ਮੈਂ ਇਸ ਸਰਦਾਰ ਨੂੰ ਪੁੱਛਿਆ ਕਿ ਉਹ ਸੱਚੀਓਂ ਉਨ੍ਹਾਂ 'ਤੇ ਬਘਿਆੜ ਛੱਡ ਦਿੰਦਾ? ਉਸ ਨੇ ਕਿਹਾ, "ਹਾਂ, ਛੱਡ ਦਿੰਦਾ। ਜਦੋਂ ਬਘਿਆੜ ਉਨ੍ਹਾਂ 'ਤੇ ਦੋ-ਚਾਰ ਦੰਦ ਮਾਰ ਲੈਂਦੇ ਤਾਂ ਹਟਾ ਲੈਂਦਾ।" ਇਹ ਸੁਣ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ। ਮੈਂ ਕਿਹਾ, "ਚੌਧਰੀ ਸਾਹਿਬ, ਇਹ ਤਾਂ ਡਾਢਾ ਜ਼ੁਲਮ ਹੈ।" ਉਹ ਹੱਸ ਕੇ ਬੋਲਿਆ, "ਨਾਤਿਕ ਸਾਹਿਬ, ਤੁਸੀਂ ਨਹੀਂ ਜਾਣਦੇ, ਇਹ ਤਰੀਕਾ ਬਹੁਤ ਅਸਰਦਾਰ ਹੈ। ਪਿਛਲੀਆਂ ਦਸ ਚੋਣਾਂ ਮੈਂ ਲੜੀਆਂ ਹਨ। ਸਿਰਫ਼ ਇਕ ਵਾਰ ਹੀ ਇਕ ਬੰਦੇ 'ਤੇ ਮੈਂ ਇਹ ਤਰੀਕਾ ਅਜ਼ਮਾਇਆ ਸੀ। ਉਸ ਮਗਰੋਂ ਕਿਸੇ ਦੀ ਜੁਰਅੱਤ ਨਹੀਂ ਹੋਈ ਬਾਹਰ ਵੋਟ ਦੇਣ ਦੀ। ਜਿਸ 'ਤੇ ਮੈਨੂੰ ਭੋਰਾ ਜਿਹਾ ਵੀ ਸ਼ੱਕ ਹੁੰਦਾ ਹੈ, ਉਸ ਕੰਨੀ ਬਘਿਆੜਾਂ ਦਾ ਡਰ ਪਾ ਦਿੰਦਾ ਹਾਂ।"

ਜਨਾਬ, ਇਹ ਹੈ ਜਮਹੂਰੀਅਤ ਦਾ ਉਹ ਹੁਸਨ ਜੋ ਸਾਡੇ ਮੁਲਕ ਦੇ ਹਰ ਦਿਹਾਤ ਅਤੇ ਕਸਬੇ ਵਿਚ ਫੈਲਿਆ ਹੈ। ਇਹੀ ਉਹ ਫ਼ੰਦੇ ਹਨ ਜੋ ਚੋਣਾਂ ਨੂੰ ਜਮਹੂਰੀਅਤ ਦੀ ਥਾਂ ਜਬਰ ਵਾਲੇ ਪਾਸੇ ਖਿੱਚੀ ਲਈ ਜਾਂਦੇ ਹਨ। ਮੁਲਕ ਦੀ ਲੱਖਾਂ ਹੈਕਟੇਅਰ ਸਰਕਾਰੀ ਜ਼ਮੀਨ ਫ਼ੌਜ ਦੇ ਕਬਜ਼ੇ ਵਿਚ ਹੈ ਜਿਸ 'ਤੇ ਪਿਛਲੇ 70 ਸਾਲਾਂ ਤੋਂ ਕਾਸ਼ਤ ਤਾਂ ਮੁਕਾਮੀ ਲੋਕ ਹੀ ਕਰਦੇ ਹਨ, ਪਰ ਉਸ ਦੀ ਮਾਲਕੀ ਦੇ ਹੱਕ ਨਹੀਂ ਰੱਖਦੇ ਅਤੇ ਜ਼ਮੀਨਾਂ ਤੋਂ ਹਾਸਲ ਫ਼ਸਲ ਦਾ ਇਕ ਹਿੱਸਾ ਫ਼ੌਜ ਨੂੰ ਦਿੰਦੇ ਹਨ। ਇਹ ਕਾਸ਼ਤਕਾਰ ਹਜ਼ਾਰਾਂ ਵੋਟਾਂ ਤਾਂ ਰੱਖਦੇ ਹਨ ਪਰ ਇਉਂ ਸਮਝੋ ਕਿ ਅੰਗੂਠੇ ਕਾਸ਼ਤਕਾਰਾਂ ਦੇ ਹਨ, ਮੋਹਰਾਂ ਜਰਨੈਲਾਂ ਦੀਆਂ ਹੁੰਦੀਆਂ ਹਨ। ਓਕਾੜਾ ਦੇ ਚੌਗਿਰਦੇ ਵਿਚ ਫ਼ੌਜ ਦਾ 17000 ਏਕੜ ਉਪਜਾਊ ਜ਼ਮੀਨ 'ਤੇ ਕਬਜ਼ਾ ਹੈ ਜਿਸ ਨੂੰ ਓਕਾੜਾ ਫਾਰਮਜ਼ ਕਹਿੰਦੇ ਹਨ। ਇਨ੍ਹਾਂ ਫਾਰਮਾਂ ਵਿਚ ਤਕਰੀਬਨ ਡੇਢ ਲੱਖ ਦੇ ਕਰੀਬ ਦਿਹਾਤੀ ਰਹਿੰਦੇ ਹਨ।

ਪਿਛਲੀਆਂ ਚੋਣਾਂ ਵਿਚ ਇਨ੍ਹਾਂ ਦਿਹਾਤੀਆਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲਾ ਮੇਰਾ ਦੋਸਤ ਅਬਦੁਲ ਸੱਤਾਰ ਮਿਹਰ ਐਮ.ਪੀ.ਏ. ਦੀਆਂ ਚੋਣਾਂ ਲੜਿਆ ਸੀ। ਉਹ ਸਾਰੇ ਲੋਕਾਂ ਦਾ ਨਾਇਕ ਸੀ। ਉਸ ਦੇ ਵੋਟਾਂ ਦੀਆਂ ਸੰਦੂਕਚੀਆਂ ਫ਼ੌਜੀ ਚੁੱਕ ਕੇ ਲੈ ਗਏ ਅਤੇ ਉਸ ਦੀ ਹਾਰ ਦਾ ਐਲਾਨ ਕਰ ਦਿੱਤਾ। ਇਸ ਮਗਰੋਂ ਉਸ 'ਤੇ ਮੁਕਾਮੀ ਪੁਲਿਸ ਰਾਹੀਂ ਵੀਹਾਂ ਕਿਸਮਾਂ ਦੇ ਪਰਚੇ ਕਟਵਾ ਕੇ ਤਿੰਨ ਸਾਲ ਜੇਲ੍ਹ ਵਿਚ ਰੱਖਿਆ ਅਤੇ ਉਸ 'ਤੇ ਤਸ਼ੱਦਦ ਕੀਤਾ। ਅਜੇ ਥੋੜ੍ਹੇ ਦਿਨ ਪਹਿਲਾਂ ਹੀ ਉਸ ਨੂੰ ਛੱਡਿਆ ਸੀ, ਪਰ ਹੁਣ ਮੁੜ ਫੜ ਲਿਆ ਹੈ ਤਾਂ ਜੋ ਚੋਣਾਂ 'ਤੇ ਉਸ ਦਾ ਅਸਰ ਨਾ ਪਵੇ। ਇਹ ਸਾਰੀਆਂ ਚੀਜ਼ਾਂ ਇਸ ਕਦਰ ਪੁਰਸਕੂਨ ਹਨ ਕਿ ਜਮਹੂਰੀ ਨਿਜ਼ਾਮ ਘੁਰਾੜਿਆਂ ਭਰੀ ਘੂਕ ਨੀਂਦ ਸੁੱਤਾ ਹੈ ਜਿਸ ਨੂੰ ਜਗਾਇਆ ਨਹੀਂ ਜਾ ਸਕਦਾ ਕਿਉਂਕਿ ਅਸਲ ਵਿਚ ਸਿਆਸਤਦਾਨ ਪ੍ਰਾਪਰਟੀ ਡੀਲਰ ਅਤੇ ਸਖ਼ਤ ਕਾਰੋਬਾਰਾਂ ਵਾਲੇ ਸ਼ਖਸ ਹਨ। ਉਹ ਮਾਲਕਾਂ ਨਾਲ ਸੌਦਾ ਕਰਦੇ ਹਨ।

ਚੋਣਾਂ ਰਾਹੀਂ ਮਰਕਜ਼ੀ ਅਤੇ ਸੂਬਾਈ ਸਰਕਾਰਾਂ ਭਾਵੇਂ ਬਦਲ ਜਾਣ, ਪਰ ਵਡੇਰਿਆਂ ਅਤੇ ਜਾਬਰਾਂ ਦਾ ਇਹ ਢਾਂਚਾ ਨਹੀਂ ਬਦਲਦਾ। ਮੁਕਾਮੀ ਸਿਆਸੀ ਕਾਰਕੁਨ ਫੌਰੀ ਆਪਣੀ ਵਫ਼ਾਦਾਰੀ ਆਉਣ ਵਾਲੀ ਤਾਕਤ ਵੱਲ ਤਬਦੀਲ ਕਰ ਦਿੰਦਾ ਹੈ। ਸ਼ਹਿਰੀ ਇਲਾਕਿਆਂ ਦੀ ਤਾਕਤ ਦਾ ਤਵਾਜ਼ਨ ਭੋਰਾ ਤਬਦੀਲ ਹੋ ਜਾਂਦਾ ਹੈ। ਦਿਹਾਤਾਂ ਵਿਚ ਇਕ ਹੀ ਤਾਕਤਵਰ ਸ਼ਖਸ ਹੁੰਦਾ ਹੈ ਜਿਸ ਦੀ ਸਿਰਫ਼ ਵਫ਼ਾਦਾਰੀ ਤਬਦੀਲ ਹੁੰਦੀ ਹੈ, ਉਸ ਦੀ ਜਗ੍ਹਾ ਦੂਜਾ ਨਹੀਂ ਆਉਂਦਾ। ਅੱਜ ਕੱਲ੍ਹ ਭਾਵ 2018 ਦੀਆਂ ਚੋਣਾਂ ਵਿਚ ਮੇਰੇ ਪਿੰਡ ਦੀ ਮੁਕਾਮੀ ਤਾਕਤ ਪੁਰਾਣੀ ਹੀ ਰਹੇਗੀ, ਪਰ ਉਸ ਦੀ ਤਰਫ਼ਦਾਰੀ ਨਵੇਂ ਹਾਕਮਾਂ ਵੱਲ ਹੋਵੇਗੀ।

ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਗਸਤ 2018 ਹੈ। -ਸੰਪਾਦਕ

ਕੈਪਸ਼ਨ ਮੁਕਾਬਲਾ-339

ਹੁੰਦੇ ਕਦੇ ਨਾ ਗੁਰਮੁਖ ਬੁੱਢੇ, ਗੁਰਬਾਣੀ ਫੁਰਮਾਇਆ ਏ।
ਦੋਹਾਂ ਜਣਿਆਂ ਦੌੜਦਿਆਂ ਨੇ, ਸਭ ਨੂੰ ਸੋਚਣ ਲਾਇਆ ਏ।

ਕੈਪਸ਼ਨ ਮੁਕਾਬਲਾ-337

ਮੁਸ਼ਕਿਲ ਹੋਣ ਹਾਲਾਤ ਕਿੰਨੇ ਵੀ
ਰਤਾ ਵੀ ਨਾ ਘਬਰਾਵਾਂ।
ਡਿਊਟੀ ਨੂੰ ਮੈਂ ਪੂਜਾ ਸਮਝ ਕੇ
ਔਖ ਸਮੇਂ ਆਪਣਾ ਫਰਜ਼ ਨਿਭਾਵਾਂ।
-ਸੁਖਦੇਵ ਸ਼ਰਮਾ ਧੂਰੀ

ਸੱਜੇ ਖੱਬੇ ਤਾਂ ਨਿੱਤ ਹੀ ਕਰਦੇ
ਹਾਲਤ ਅੱਜ ਬਦਲ ਕੇ ਆਈ।
ਨਵੀਂ ਤਿਆਰੀ ਪੈ'ਗੀ ਕਰਨੀ
ਲਾਹ'ਲੇ ਬੂਟ ਤੇ ਪੈਂਟ ਚੜ੍ਹਾਈ।
ਫਰਜ਼ ਨਿਭਾਉਣਾ ਬੜਾ ਜਰੂਰੀ
ਗੱਲ ਇਹ ਮਨ ਦੇ ਵਿਚ ਬਿਠਾਈ।
-ਜਗਮੀਤ ਸਿੰਘ ਪੰਧੇਰ

ਛਮ ਛਮ ਕਰਕੇ ਮੀਂਹ ਵਰ੍ਹਿਆ
ਹੜ੍ਹ ਆਇਆ ਹੈ ਜਿਕਣ।
ਜਾਪਦੈ ਸੜਕ 'ਚ ਵੱਡਾ ਟੋਆ
ਜਾਂ ਮੈਨ ਹੋਲ ਬਿਨ ਢੱਕਣ।
ਖੜ੍ਹਾ ਸਿਪਾਹੀ ਕਰੇ ਇਸ਼ਾਰਾ
ਭਾਈ ਇਧਰ ਨਾ ਕੋਈ ਆਵੇ।
ਪੈਂਟ ਟੰਗ ਕੇ ਖੜ੍ਹਾ ਪਾਣੀ ਵਿਚ
ਵਿਚਾਰਾ ਖੁਦ ਫਰਜ਼ ਨਿਭਾਵੇ।
-ਸੇਵਾ ਸਿੰਘ ਨੂਰਪੁਰੀ

ਬਿਨਾ ਪਲੈਨਿੰਗ ਸ਼ਹਿਰ ਉਗ ਰਹੇ
ਡਰੇਨੇਜ਼ ਬਿਨ ਨਿਕਾਸੀ ਹੋਵੇ ਤਬਾਹੀ।
ਨਾ ਛਤਰੀ, ਨਾ ਚੌਕ ਖੜੋਣ ਲਈ
ਤਨਦੇਹੀ ਨਾਲ ਫਰਜ਼ ਜਾਵੇ ਨਿਭਾਈ।
-ਅਮਰਜੀਤ ਸਿੰਘ ਤੂਰ

ਪੈਂਟ ਗੋਡਿਆਂ ਤਾਈਂ ਚੜ੍ਹਾ ਕੇ
ਨੰਗੇ ਪੈਰੀਂ ਸਿਪਾਹੀ ਪਾਣੀ 'ਚ ਵੜਿਆ।
ਖੱਬੇ, ਸੱਜੇ ਨਹੀਂ ਹੇਠਾਂ ਵੱਲ ਇਸ਼ਾਰਾ
ਦਿਖਾਵੇ ਸਭ ਨੂੰ ਪਾਣੀ ਮੀਂਹ ਦਾ

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)

ਸ਼ਿਕਾਗੋ ਕਬੱਡੀ ਕੱਪ-2018 ਅਤੇ ਵਾਲੀਬਾਲ ਮੁਕਾਬਲੇ

Busse Wood
Forest Preserve South,
Elk Grove Village, IL

2 ਸਤੰਬਰ 2018

ਪਰਿਵਾਰ ਸਮੇਤ ਆਓ ਅਤੇ ਖੇਡਾਂ, ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ; ਦਾਖਲਾ ਤੇ ਪਾਰਕਿੰਗ ਲਈ ਕੋਈ ਚਾਰਜ ਨਹੀਂ

ਮੁੱਖ ਮਹਿਮਾਨ

ਡਾ. ਭੁਪਿੰਦਰ ਸਿੰਘ ਸੈਣੀ

ਚੇਅਰਮੈਨ

ਅਮਰਜੀਤ ਸਿੰਘ ਢੀਂਡਸਾ

ਪ੍ਰਧਾਨ

ਦਰਸ਼ਨ ਸਿੰਘ ਪੰਮਾ

ਮੀਤ ਪ੍ਰਧਾਨ

ਜਿੰਦਰ ਸਿੰਘ ਬੈਨੀਪਾਲ

ਪਹਿਲੇ ਇਨਾਮ ਦੇ ਸਪਾਂਸਰ

ਅੰਮ੍ਰਿਤਪਾਲ ਸਿੰਘ ਗਿੱਲ

ਦੂਜੇ ਇਨਾਮ ਦੇ ਸਪਾਂਸਰ

ਜਸਵਿੰਦਰ ਸਿੰਘ ਗਿੱਲ

ਨਾਜਰ ਸਿੰਘ ਗਿੱਲ

ਵਾਲੀਬਾਲ ਦਾ ਇਨਾਮ ਲੱਖੀ ਢੀਂਡਸਾ ਤੇ ਦੀਦਾਰ ਸਿੰਘ ਧਨੋਆ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

ਗਾਇਕਾ ਸੋਨਾ ਵਾਲੀਆ

ਗਾਇਕ ਜੀਤਾ ਗਿੱਲ

ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

ਵਿਸ਼ੇਸ਼ ਮਹਿਮਾਨ

Mohinder Singh Gill
Triple Jumper Arjan Awardi and Olympian Athlete

ਪਹਿਲੀ ਵਾਰੀ ਮਿਡਵੈਸਟ ਵਿਚ ਅਮਰੀਕਾ ਤੇ ਮੈਕਸੀਕੋ ਦੀਆਂ ਕੁੜੀਆਂ ਦੀ ਕਬੱਡੀ ਦਾ ਸਪੈਸ਼ਲ ਸ਼ੋਅ ਮੈਚ

ਕਬੱਡੀ ਕੁਮੈਂਟੇਟਰ ਮੱਖਣ ਅਲੀ

ਕਬੱਡੀ ਟੀਮਾਂ ਦੇ ਸਪਾਂਸਰ

ਮਨਮੋਹਨ ਗਰੇਵਾਲ

ਬਰੈਟੀ ਗਿੱਲ

ਤਰਲੋਚਨ ਲੱਛਰ

ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ; ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਕੈਲੀਫੋਰਨੀਆ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਕਬੱਡੀ ਕਲੱਬ ਦੀਆਂ ਕਬੱਡੀ ਟੀਮਾਂ ਭਾਗ ਲੈਣਗੀਆਂ

ਸਾਬਕਾ ਚੇਅਰਮੈਨ

ਮੁਖਤਿਆਰ ਸਿੰਘ ਨੰਦੜਾ | ਪਰਮਿੰਦਰ ਸਿੰਘ ਗਰੇਵਾਲ | ਰਵਿੰਦਰਪਾਲ ਸਿੰਘ ਨੰਦੜਾ | ਹਰਇੰਦਰਜੀਤ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਦੀਦਾਰ ਸਿੰਘ ਧਨੋਆ

ਸਾਬਕਾ ਪ੍ਰਧਾਨ

ਪਰਮਿੰਦਰ ਸਿੰਘ ਵਾਲੀਆ | ਜਿੰਦੀ ਖੰਗੂੜਾ | ਅਮਰਦੇਵ ਸਿੰਘ ਬੰਦੇਸ਼ਾ | ਰਛਪਾਲ ਸਿੰਘ ਖੰਗੂੜਾ | ਅੰਮ੍ਰਿਤਪਾਲ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ | ਜਸਵਿੰਦਰ ਸਿੰਘ ਗਿੱਲ | ਗੁਰਦੇਵ ਸਿੰਘ ਗਿੱਲ | ਬਲਵਿੰਦਰ ਸਿੰਘ ਚੱਠਾ

ਪ੍ਰਬੰਧਕੀ ਕਮੇਟੀ

ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ | ਲਖਵਿੰਦਰ ਬਿਹਾਰੀਪੁਰ | ਬੱਬੀ ਬਾਠ | ਬਲਜੀਤ ਮੰਗੀ | ਕਾਬਲ ਸਿੰਘ ਭੁੱਲਰ | ਅਜੈਬ ਸਿੰਘ ਲੱਖਣ | ਸੰਤੋਖ ਸਿੰਘ ਡੀ ਸੀ | ਅਜਮੇਰ ਸਿੰਘ ਪੰਨੂ | ਸੁਰਿੰਦਰ ਭੱਟੀ | ਧਰਮਿੰਦਰ ਜਸਵਾਲ | ਹਰਬੰਤ ਗਰੇਵਾਲ | ਜੱਸੀ ਸਹੋਤਾ | ਡੀ. ਢੀਨਾ | ਵਿੱਕੀ ਸ਼ੰਮੀਪੁਰੀਆ ਸਪੋਰਟਸ ਇੰਚਾਰਜ | ਜੋਧ ਸਿੰਘ ਸਿੱਧੂ | ਗੁਰਮੀਤ ਧਾਲੀਵਾਲ ਖਜਾਨਚੀ | ਲਖਵਿੰਦਰ ਸਿੰਘ | ਸੁਖਰਾਜ ਸਿੰਘ ਤੱਖਰ | ਜਸਰੂਪ ਸਿੰਘ ਮੀਡੀਆ ਸਲਾਹਕਾਰ | ਪਰਵਿੰਦਰ ਸਿੰਘ ਔਜਲਾ

For Further Info.:

For Further Info.:
Darshan Pamma 847-561-7101
Balwinder Chatha 630-523-3412
Deepa Bandesha 815-546-0525
Amardev Singh 708-612-7963
Jinder Benipal 773-895-2041
Parminder Walia 847-477-1613
Amritpal Gill 920-460-1001
Gurmeet Dhaliwal 630-947-3686

ਆਦਰਸ਼, ਆਜ਼ਾਦੀ ਅਤੇ ਆਵਾਮ

ਕਿਸੀ ਕੀ ਮੁਸਕੁਰਾਹਟੋਂ ਪੇ ਹੋ ਨਿਸਾਰ,
ਕਿਸੀ ਕਾ ਦਰਦ ਮਿਲ ਸਕੇ ਤੋ ਲੇ ਉਧਾਰ,
ਕਿਸੀ ਕੇ ਵਾਸਤੇ ਹੋ ਤੇਰੇ ਦਿਲ ਮੇਂ ਪਿਆਰ,
ਜੀਨਾ ਇਸੀ ਕਾ ਨਾਮ ਹੈ।

(ਰਾਜ ਕਪੂਰ ਦੀ ਫਿਲਮ 'ਅਨਾੜੀ' ਵਿਚੋਂ)

ਜਸ਼ਨਾਂ ਦੇ ਪਲਾਂ ਦੌਰਾਨ ਵੀ ਮੁਲਕ ਨੂੰ ਆਪਣੇ ਆਪ 'ਤੇ ਝਾਤ ਮਾਰਨ ਦੀ ਬੇਹੱਦ ਜ਼ਰੂਰਤ ਹੁੰਦੀ ਹੈ: ਸਿਰਫ ਕਾਮਯਾਬੀਆਂ ਬਾਰੇ ਹੀ ਨਹੀਂ, ਸਗੋਂ ਨਾਕਾਮਯਾਬੀਆਂ, ਅੰਤਰਵਿਰੋਧਾਂ ਅਤੇ ਵਿਰੋਧਾਭਾਸਾਂ ਬਾਰੇ ਵੀ ਗੱਲ ਕਰਨ ਦੀ ਲੋੜ ਹੈ। ਆਪਣੀ ਨਿੱਜੀ ਪੁਣਛਾਣ ਵਾਲੀ ਕਲਾ ਅਹਿਮ ਹੁੰਦੀ ਹੈ, ਖਾਸ ਕਰ ਆਤਮ-ਮੋਹ ਵਾਲਾ ਸਭਿਆਚਾਰ ਜਦੋਂ ਮੀਡੀਆ, ਆਪੂੰ-ਇਸ਼ਤਿਹਾਰਬਾਜ਼ੀ ਅਤੇ ਉਚੇਚੀ ਵਿਕਸਿਤ ਕੀਤੀ ਪ੍ਰਚਾਰ ਮਸ਼ੀਨਰੀ ਰਾਹੀਂ ਵਾਰ-ਵਾਰ ਇਕੋ ਗੱਲ ਦੁਹਰਾਈ ਜਾ ਰਿਹਾ ਹੋਵੇ। ਇਸ ਤੋਂ ਇਲਾਵਾ, ਜੇ ਸੰਵਾਦ-ਵਿਰੋਧੀ ਸਿਆਸੀ ਮਾਹੌਲ ਮੁਖਾਲਫਤ

ਅਵਿਜੀਤ ਪਾਠਕ

ਵਾਲੀ ਹਰ ਆਵਾਜ਼ ਨੂੰ ਸਾਜ਼ਿਸ਼ ਵਜੋਂ ਹੀ ਦੇਖੇ ਅਤੇ ਇਉਂ ਕਰਕੇ, ਨਾਗਰਿਕਾਂ ਦੇ ਦਿਲਾਂ ਅੰਦਰ ਦਹਿਲ ਪੈਦਾ ਕਰੇ, ਤਾਂ ਖਤਰਾ ਬਹੁਤ ਤਿਖਾ ਤੇ ਗੰਭੀਰ ਹੋ ਜਾਂਦਾ ਹੈ। ਫਿਰ ਵੀ, ਜਿਵੇਂ ਇਤਿਹਾਸ ਅਕਸਰ ਪਰਤਾਂ ਖੋਲ੍ਹਦਾ ਹੈ, ਲਗਾਤਾਰ ਆਲੋਚਨਾਤਮਕ ਪੁਣਛਾਣ ਰਾਹੀਂ ਹੀ ਅਸੀਂ ਸਹੀ ਅਰਥਾਂ ਵਿਚ ਮੁਲਕ ਦੀ ਸੇਵਾ ਕਰ ਸਕਦੇ ਹਾਂ।

ਖੈਰ! ਆਜ਼ਾਦੀ ਦਿਵਸ ਮਨਾਉਣਾ ਕੋਈ ਮਾੜਾ ਖਿਆਲ ਨਹੀਂ ਹੈ। ਕਾਰਨ ਇਹ ਕਿ ਇਨ੍ਹਾਂ ਜਸ਼ਨਾਂ ਅੰਦਰ ਉਨ੍ਹਾਂ ਲੋਕਾਂ ਲਈ ਅਹਿਸਾਨ ਦੀ ਭਾਵਨਾ ਭਰੀ ਹੁੰਦੀ ਹੈ ਜਿਨ੍ਹਾਂ ਨੇ ਆਪਣੇ ਵੇਲਿਆਂ ਵਿਚ ਮੁਹੱਬਤਾਂ ਦੇ ਬੀਅ ਬੀਜੇ, ਸੁਫਨੇ ਸੰਜੋਏ, ਆਪਣਾ ਹਰ ਸੁੱਖ ਕੁਰਬਾਨ ਕੀਤਾ, ਅੰਗਰੇਜ਼ ਸਾਮਰਾਜ ਨਾਲ ਲੋਹਾ ਲਿਆ ਅਤੇ ਆਜ਼ਾਦੀ ਹਾਸਲ ਕਰਨ ਬਾਰੇ ਸੋਚਿਆ। ਇਸ ਦੇ ਨਾਲ ਹੀ ਅਸੀਂ ਉਨ੍ਹਾਂ ਅਣਜਾਣੇ ਨਾਇਕਾਂ ਜਾਂ ਜਿਵੇਂ ਇਤਿਹਾਸਕਾਰਾਂ ਨੇ ਆਖਿਆ ਹੈ- ਹੇਠਲੇ ਪੌਡੇ 'ਤੇ ਖੜ੍ਹੇ ਜਿਊੜਿਆਂ ਦੇ ਅਹਿਸਾਨਮੰਦ ਹਾਂ। ਇਹੀ ਨਹੀਂ, ਜਸ਼ਨਾਂ ਦੇ ਇਹ ਪਲ ਸਮੂਹਿਕ ਇਕਜੁੱਟਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ ਅਤੇ ਇਹੋ ਧਰਮ ਨਿਰਪੱਖ ਰੀਤ ਉਹ ਨਾਗਰਿਕੀ ਨੇਮ-ਧਰਮ ਹੈ ਜਿਹੜਾ ਕਿਸੇ ਆਧੁਨਿਕ ਮੁਲਕ ਦੇ ਖਾਸੇ ਨੂੰ ਸਮਝਣ ਲਈ ਜ਼ਰੂਰੀ ਹੈ।

ਮੁਲਕ ਦੇ ਸੁਘੜ-ਸਿਆਣੇ ਬਾਸ਼ਿੰਦਿਆਂ ਵਜੋਂ ਸਾਨੂੰ ਇਤਿਹਾਸਕ ਲਾਲ ਕਿਲ੍ਹੇ ਤੋਂ ਕੌਮੀ ਝੰਡਾ ਲਹਿਰਾਉਣ, ਪ੍ਰਧਾਨ ਮੰਤਰੀ ਦੇ ਭਾਸ਼ਨ ਅਤੇ ਰੇਡੀਓ ਤੇ ਟੈਲੀਵਿਜ਼ਨ ਚੈਨਲਾਂ ਉਤੇ 'ਦੇਸ਼ਭਗਤੀ' ਵਾਲੇ ਗੀਤ ਨਸ਼ਰ ਕਰਨ ਦੀਆਂ ਰਵਾਇਤਾਂ ਤੋਂ ਪਾਰ ਝਾਕਣਾ ਪਵੇਗਾ। ਮਸਲਨ, ਉਨ੍ਹਾਂ ਆਦਰਸ਼ਾਂ ਬਾਰੇ ਸੋਚੋ ਜਿਨ੍ਹਾਂ ਨੇ ਮਹਾਤਮਾ ਗਾਂਧੀ ਨੂੰ 'ਹਿੰਦ ਸਵਰਾਜ' ਲਿਖਣ ਲਈ ਰਾਹ ਦਿਖਾਇਆ। ਗਾਂਧੀ ਨੇ ਬਸਤੀਵਾਦ ਦੌਰਾਨ 'ਕਰੂਰ ਸ਼ਕਤੀ' ਦੀ ਹਿੰਸਾ ਦੇਖੀ; ਤੇ ਉਨ੍ਹਾਂ ਲਈ 'ਸਵਰਾਜ' ਬਸਤੀਵਾਦੀ ਪੱਛਮ ਨੂੰ ਹਰਾਉਣ ਦਾ ਕੋਈ ਦਾਈਆ ਨਹੀਂ ਸੀ; ਸਗੋਂ ਉਨ੍ਹਾਂ 'ਰੂਹਾਨੀ ਸ਼ਕਤੀ' ਰਾਹੀਂ ਆਪਣਾ ਪਿੜ ਬੰਨ੍ਹਿਆ; ਸਵੈ-ਸ਼ੁੱਧੀ, ਕਬਜ਼ੇ ਦੀ ਭਾਵਨਾ ਨਾ ਰੱਖਣਾ ਅਤੇ ਵਰਤਮਾਨ ਵਿਚ ਜੀਣ ਦੀ ਕਲਾ ਜ਼ਰੀਏ 'ਸੱਤਿਆਗ੍ਰਹਿ' ਉਸਾਰਿਆ।

ਉਨ੍ਹਾਂ ਦਾ ਸਾਦਗੀ ਉਤੇ ਜ਼ੋਰ ਦੇਣਾ ਕੋਈ ਸਵੈ-ਕੁਰਬਾਨੀ ਜਾਂ ਆਪਣੀਆਂ ਲੋੜਾਂ ਤੋਂ ਨਾਂਹ-ਨੁੱਕਰ ਨਹੀਂ ਸੀ। ਇਸ ਦੀ ਥਾਂ ਉਹ ਸਾਨੂੰ ਸੱਚੀਮੁੱਚੀ ਦੀ ਲੋੜ ਅਤੇ ਲਾਲਚ ਜਾਂ ਅਤ੍ਰਿਪਤ ਇੱਛਾ ਵਿਚਕਾਰਲਾ ਫਰਕ ਸਮਝਾਉਣਾ ਚਾਹੁੰਦੇ ਸਨ। ਲਾਲਚ ਵਾਲੀ ਜ਼ਿੰਦਗੀ ਅੰਦਰ ਹਿੰਸਾ ਪਹਿਲਾਂ ਹੀ ਪਰੋਈ ਜਾਂਦੀ ਹੈ; ਤੇ ਇਹ ਬ੍ਰਹਿਮੰਡੀ ਸੁਭਾਅ ਅਤੇ ਵਾਤਾਵਰਨਕ ਸਾਂਝ ਦੇ ਖਿਲਾਫ ਵੀ ਹੈ। ਜਦੋਂ ਅਸੀਂ ਆਪਣੀਆਂ ਮਸਨੂਈ ਇੱਛਾਵਾਂ ਦੀ ਪੂਰਤੀ ਲਈ ਕੁਦਰਤ ਦੀ ਤਬਾਹੀ ਕਰੀ ਜਾਂਦੇ ਹਾਂ ਅਤੇ ਸਾਥੀ ਬਾਸ਼ਿੰਦਿਆਂ ਅੱਗੇ ਵੀ ਇਹੀ ਕੁਝ ਪਰੋਸੀ ਜਾਂਦੇ ਹਾਂ ਤਾਂ ਅਸੀਂ ਹਿੰਸਕ, ਬੇਮੇਲ ਅਤੇ ਗ਼ੈਰ-ਟਿਕਾਊ ਵਿਕਾਸ ਲਈ ਮੈਦਾਨ ਤਿਆਰ ਕਰੀ ਜਾਂਦੇ ਹਾਂ। ਦੂਜੇ ਸ਼ਬਦਾਂ ਵਿਚ, ਗਾਂਧੀ ਲਈ ਆਜ਼ਾਦੀ ਦਾ ਮਤਲਬ ਸਿਰਫ ਅੰਗਰੇਜ਼ਾਂ ਦੇ ਰਾਜ ਤੋਂ ਸਿਆਸੀ ਆਜ਼ਾਦੀ ਨਹੀਂ ਸੀ; ਇਸ ਦਾ ਨਿਸ਼ਾਨਾ ਨਵਾਂ ਮੁਲਕ ਉਸਾਰਨਾ ਸੀ ਜਿਹੜਾ ਸਦਭਾਵਨਾ, ਅਹਿੰਸਾ, ਵਿਕੇਂਦਰੀਕਰਨ ਅਤੇ ਮੁਕਾਬਲਤਨ ਖੁਦਮੁਖਤਾਰ ਤੇ ਹੱਕ ਪ੍ਰਾਪਤ ਮੁਕਾਮੀ ਭਾਈਚਾਰਿਆਂ 'ਤੇ ਆਧਾਰਿਤ ਹੋਵੇ।

ਇਸ ਮੋੜ 'ਤੇ, ਮੈਂ ਨਹਿਰੂ, ਖਾਸ ਕਰਕੇ ਉਨ੍ਹਾਂ ਦੀ ਕਿਤਾਬ 'ਡਿਸਕਵਰੀ ਆਫ ਇੰਡੀਆ' (ਭਾਰਤ ਦੀ ਖੋਜ) ਬਾਰੇ ਚੇਤਾ ਕਰਵਾਉਣਾ ਹੈ। ਨਹਿਰੂ ਦੀ ਗਿਆਨ ਤੇ ਆਧੁਨਿਕਤਾ ਨਾਲ ਸਾਂਝ ਅਤੇ ਉਨ੍ਹਾਂ ਦਾ ਸ਼ਹਿਰੀ ਤੇ ਉੱਦਮੀ ਤਰਜ਼ ਵਾਲਾ ਰਹਿਣ-ਸਹਿਣ ਗਾਂਧੀ ਤੋਂ ਐਨ ਵੱਖਰਾ ਸੀ- ਉਹਦੀ 'ਭੱਦਰ ਅਰਾਜਕਤਾ', ਉਹਦੀ ਧਾਰਮਿਕਤਾ, ਉਹਦਾ ਮਸ਼ੀਨਰੀ ਪ੍ਰਤੀ ਸੰਦੇਹ, ਜਾਂ ਉਹਦਾ ਰਸਕਿਨ, ਥੋਰੋ ਤੇ ਤਾਲਸਤਾਏ ਵਰਗਿਆਂ ਨਾਲ ਲਾਗਾ-ਦੇਗਾ। ਉਂਜ, ਮੈਨੂੰ ਲੱਗਦਾ ਹੈ ਕਿ ਨਹਿਰੂ ਦੀ ਗ਼ੈਰ ਫਿਰਕੂ ਪਹੁੰਚ ਨੇ ਉਨ੍ਹਾਂ ਨੂੰ ਗਾਂਧੀ ਦੇ ਨੇੜੇ ਲਿਆਂਦਾ। ਆਪਣੀ 'ਡਿਸਕਵਰੀ' ਵਿਚ 'ਪੱਛਮੀ' ਨਹਿਰੂ ਨੇ ਪ੍ਰਾਚੀਨ ਸੱਭਿਅਤਾ ਦੀ ਲੈਅ

ਨੂੰ ਸਮਝਣ-ਬੁੱਝਣ ਦਾ ਯਤਨ ਕੀਤਾ ਅਤੇ ਇਸ ਦੇ ਨਾਲ ਹੀ, 'ਅਤੀਤ ਦਾ ਮੁਰਦਾ' ਨਾਲ ਚੁੱਕੀ ਫਿਰਨ ਤੋਂ ਖਹਿੜਾ ਛੁਡਾਇਆ। ਉਨ੍ਹਾਂ ਭਾਰਤੀ ਸਭਿਅਤਾ ਦੀਆਂ ਤੰਦਾਂ ਅੰਦਰ ਬਹੁਵਾਦ ਦਾ ਜਜ਼ਬਾ ਅਤੇ ਸ਼ਾਨਦਾਰ ਵੰਨ-ਸੁਵੰਨਤਾ ਦੇਖੀ। ਗਾਂਧੀ ਵਾਂਗ ਨਹਿਰੂ ਨੇ ਵੀ ਇਹੀ ਅਹਿਸਾਸ ਕੀਤਾ ਕਿ ਜੇ ਹਿੰਦੂਵਾਦ ਦੀ ਚੌਧਰ ਹੋ ਗਈ ਤਾਂ ਭਾਰਤ ਦੀ ਆਪਣੀ ਵਿਰਾਟ ਤੇ ਵਿਸ਼ਾਲ ਮਾਣ-ਮਰਯਾਦਾ ਤੇ ਸਦਾਚਾਰ, ਇਸ ਦੀ ਲਚਕ ਤੇ ਖੁੱਲ੍ਹਦਿਲੀ ਜਾਂ ਇਸ ਦੀ ਵਿਸ਼ਵਵਿਆਪਕਤਾ ਖਤਮ ਹੋ ਜਾਣਗੇ; ਹਾਲਾਂਕਿ ਇਸ ਦਾ ਭਾਰਤੀ ਸੱਭਿਅਤਾ ਦੀ ਉਸਾਰੀ ਵਿਚ ਵੱਡਾ ਯੋਗਦਾਨ ਹੈ।

ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਮੱਤਭੇਦਾਂ ਦੇ ਬਾਵਜੂਦ ਗਾਂਧੀ ਨੇ ਨਹਿਰੂ ਉੱਤੇ ਯਕੀਨ ਕੀਤਾ ਜਦੋਂ ਫਿਰਕਾਪ੍ਰਸਤੀ, ਮਜ਼ਹਬੀ ਹਿੰਸਾ ਅਤੇ ਵੰਡ ਸਾਡੀ ਸਮੂਹਿਕ ਸੋਝੀ ਨੂੰ ਤਕੜੀ ਸੱਟ ਮਾਰ ਰਹੀ ਸੀ। ਆਜ਼ਾਦੀ ਦੀ ਜੱਦੋਜਹਿਦ ਦਾ ਮਹਾਂ ਸਬਕ ਇਹ ਦੁਮੇਲ ਸੀ: 'ਆਧੁਨਿਕ' ਨਹਿਰੂ ਅਤੇ 'ਰੂਹਾਨੀ' ਗਾਂਧੀ ਇਕੱਠੇ ਤੁਰ ਰਹੇ ਸਨ।

ਇਹ ਹੁਣ ਇਤਿਹਾਸਕਾਰਾਂ ਅਤੇ ਸਿਆਸੀ ਬੁੱਧੀਜੀਵੀਆਂ 'ਤੇ ਨਿਰਭਰ ਹੈ ਕਿ ਉਹ ਬਸਤੀਵਾਦੀਆਂ ਤੋਂ ਮੁਕਤੀ ਮਗਰੋਂ ਭਾਰਤੀ ਸਮਾਜ ਵਿਚ ਆਏ ਇਨ੍ਹਾਂ ਅਹਿਮ ਮੋੜਾਂ ਦੀ ਪੁਣਛਾਣ ਕਰਨ- ਇਕ ਹਿੰਦੂ ਜਨੂਨੀ ਵੱਲੋਂ ਗਾਂਧੀ ਦਾ ਕਤਲ, ਨਹਿਰੂ ਦੇ ਮਿਲਗੋਭਾ ਅਰਥਚਾਰੇ ਦੇ ਹਾਸਲ ਤੇ ਨਾਕਾਮੀਆਂ, ਇੰਦਰਾ ਗਾਂਧੀ ਦੀ ਚੜ੍ਹਤ ਤੇ ਸੱਤਾਵਾਦੀ ਸ਼ਖਸੀਅਤ ਦੀ ਆਮਦ, ਹੇਠਲੀਆਂ ਜਾਤਾਂ ਅਤੇ ਖੇਤਰੀ ਸਿਆਸਤ ਨਾਲ ਜੁੜੇ ਅੰਦੋਲਨਾਂ ਕਾਰਨ ਰਾਜ ਪ੍ਰਬੰਧ ਅੰਦਰ ਆਇਆ ਬਿਖਰਾਓ, ਕੁਲੀਸ਼ਨ ਸਿਆਸਤ ਦਾ ਯੁੱਗ, ਨਵ-ਉਦਾਰ ਦਾ ਅਹਿਮ ਮੋੜ ਅਤੇ ਸਭਿਆਚਾਰਕ ਰਾਸ਼ਟਰਵਾਦ ਦੀ ਚੜ੍ਹਤ।

ਆਓ ਹੁਣ ਰਤਾ ਅੱਜ ਦੇ ਮਾਹੌਲ ਨਾਲ ਸਬੰਧਤ ਦੋ ਕੁ ਨੁਕਤਿਆਂ ਉੱਤੇ ਧਿਆਨ ਲਾਈਏ। ਪਹਿਲਾ, ਅਸੀਂ ਹਿੰਸਕ ਹਿੰਦੂਤਵ ਦਾ ਦਾਅਵਾ ਦੇਖਿਆ ਹੈ- ਇਹ ਹਿੰਦੂਤਵ ਗਾਂਧੀ ਦੇ 'ਸਨਾਤਨੀ ਹਿੰਦੂਵਾਦ' ਜਾਂ ਮਜ਼ਹਬ ਤੋਂ ਪਾਰ ਸੰਵਾਦ ਨਾਲ ਇਕਸੁਰ ਨਹੀਂ ਹੈ। ਇਹ ਨਹਿਰੂ ਦੇ ਵਿਸ਼ਵਵਿਆਪਕਵਾਦ ਨੂੰ ਨਫਰਤ ਕਰਦਾ ਹੈ। ਨਤੀਜਾ ਮਜ਼ਹਬ ਦੇ ਨਾਂ ਉਤੇ ਹਿੰਸਾ ਅਤੇ ਅਸਹਿਣਸ਼ੀਲਤਾ ਨੂੰ ਆਮ ਬਣਾ ਦੇਣਾ ਹੈ। ਕੁੱਟ ਕੁੱਟ ਕੇ ਮਾਰਨ ਦਾ ਮਸਲਾ ਹੋਵੇ ਜਾਂ ਗਊ ਰੱਖਿਆ ਦਾ, ਇਹ ਇਸ ਤਬਦੀਲੀ ਦੀ ਅਲਾਮਤ ਹੈ: 'ਮਹਾਂ ਵਿਸ਼ਾਲ ਸੱਭਿਅਤਾ' (ਜਿਵੇਂ ਟੈਗੋਰ ਨੇ ਆਖਿਆ ਸੀ) ਤੋਂ 'ਹਿੰਦੂ ਰਾਸ਼ਟਰ' ਜੋ ਕਿਸੇ ਦੂਜੇ ਦੀ ਹੋਂਦ ਤੋਂ ਅਸੁਰੱਖਿਅਤ ਹੈ।

ਦੂਜਾ, ਜਦੋਂ ਮਜ਼ਹਬੀ ਬੁਨਿਆਦਵਾਦ ਨੂੰ ਨਵ-ਉਦਾਰ ਖਪਤਵਾਦ ਨਾਲ ਰਲਗੱਡ ਕੀਤਾ ਜਾਂਦਾ ਹੈ, 'ਕਰੂਰ ਸ਼ਕਤੀ' ਸਿਆਸੀ ਸਥਾਪਤੀ ਦਾ ਨਵੀਂ ਭਾਸ਼ਾ ਬਣ ਜਾਂਦੀ ਹੈ। ਬੁਲੇਟ ਟਰੇਨ ਤੋਂ ਸਮਾਰਟ ਸ਼ਹਿਰਾਂ ਤੱਕ, ਮਾਲਜ਼ ਤੋਂ ਪ੍ਰਾਈਵੇਟ ਯੂਨੀਵਰਸਿਟੀਆਂ ਤੱਕ; ਸਭ ਕੁਝ, ਇਹ ਭਾਵੇਂ ਦਰੱਖਤ ਹੈ, ਦਰਿਆ ਹੈ, ਕਬਾਇਲੀ ਟਿਕਾਣਾ ਹੈ, ਮੁਹਾਰਤ ਹੈ; ਇਸ ਸਭ ਕਾਸੇ ਨੂੰ ਜਿੱਤਣਾ ਪੈਣਾ ਹੈ, ਇਸ ਦਾ ਮੰਡੀਕਰਨ ਕਰਨਾ ਪੈਣਾ ਹੈ ਅਤੇ ਇਸ ਨੂੰ ਆਪਣੇ ਹਿੱਤ ਅਨੁਸਾਰ ਵਰਤਣਾ ਪੈਣਾ ਹੈ। ਹਿੰਸਾ 'ਅੱਗੇ ਵਧਣ' ਲਈ ਜ਼ਰੂਰੀ ਬਣ ਗਈ ਹੈ। ਬਦਲ ਰਹੇ ਸਭਿਆਚਾਰਕ ਭੂ-ਦ੍ਰਿਸ਼ ਵਿਚ ਗਾਂਧੀ ਦੀ 'ਰੂਹਾਨੀ ਸ਼ਕਤੀ' ਕਿਤੇ ਨਹੀਂ ਲੱਭ ਰਹੀ।

ਨਿਰਲੱਜਤਾ ਨਾਲ ਮੌਕਾਪ੍ਰਸਤ ਬਣੀ ਹੋਈ ਸਿਆਸੀ ਜਮਾਤ ਤੋਂ ਕੋਈ ਆਸ ਨਹੀਂ ਹੈ। ਸਾਡੇ ਵਰਗੇ ਲੋਕਾਂ, ਭਾਵ ਭਾਰਤ ਦੇ ਨਵੇਂ ਮੱਧ ਵਰਗ, ਤੋਂ ਵੀ ਬਹੁਤੀ ਆਸ ਨਹੀਂ ਰੱਖੀ ਜਾ ਸਕਦੀ। ਅਸੀਂ ਜਿਸ ਤਰ੍ਹਾਂ ਮਦਹੋਸ਼ ਖਪਤਕਾਰ ਬਣ ਗਏ ਹਾਂ, ਅਸੀਂ ਉਨ੍ਹਾਂ ਵਸਤਾਂ ਤੋਂ ਹੀ ਤਸੱਲੀ ਭਾਲ ਰਹੇ ਹਾਂ ਜਿਹੜੀਆਂ 'ਪਰਦੇ ਪਿਛਿਓਂ ਕਾਰਜ ਚਲਾ ਰਹੇ ਲੋਕ' ਸਾਨੂੰ ਖਰੀਦਣ ਲਈ ਗੁੰਮਰਾਹ ਕਰ ਰਹੇ ਹਨ, ਅਸੀਂ 'ਈ.ਐਮ.ਆਈ.' ਵਾਲੀ ਪੀੜ੍ਹੀ ਵਿਚ ਵਟ ਗਏ ਹਾਂ, ਵੱਡੀਆਂ ਕੰਪਨੀਆਂ ਦੇ ਰੱਜੇ-ਪੁੱਜੇ ਸਜੇ-ਫਬੇ ਮੁਲਾਜ਼ਮ ਬਣ ਗਏ ਹਾਂ ਤੇ ਸੋਸ਼ਲ ਮੀਡੀਆ ਦੇ ਨਿੱਜਪ੍ਰਸਤ ਕਾਰੋਬਾਰ ਵਿਚੋਂ ਹੀ ਮੋਕਸ਼ ਭਾਲ ਰਹੇ ਹਾਂ, ਇਸ ਸੂਰਤ ਵਿਚ ਭਗਤ ਸਿੰਘ ਜਾਂ ਗਾਂਧੀ ਵਰਗਿਆਂ ਤੋਂ ਕੋਈ ਕੀ ਪ੍ਰੇਰਨਾ ਲਵੇਗਾ। ਕੀ ਅਸੀਂ ਸੱਤਾਵਾਦੀ ਸ਼ਖਸੀਅਤ ਦੀ ਚੜ੍ਹਤ ਲਈ ਪਿੜ ਤਿਆਰ ਕਰ ਰਹੇ ਹਾਂ? ਜਸ਼ਨ ਮਨਾਉਣ ਦੇ ਨਾਲ ਨਾਲ ਇਸ ਬਾਬਤ ਵੀ ਸੋਚੋ-ਵਿਚਾਰੋ।

ਭਾਰਤੀ ਆਰਥਿਕਤਾ ਅਤੇ ਕੌਮਾਂਤਰੀ ਵਪਾਰ

ਦੁਨੀਆਂ ਗਲੋਬਲੀ ਪਿੰਡ ਬਣ ਚੁੱਕੀ ਹੈ। ਕੌਮਾਂਤਰੀ ਵਪਾਰ ਵਿਚ ਉਦਾਰੀਕਰਨ ਦੀ ਨੀਤੀ ਨੇ ਸੰਭਵ ਬਣਾ ਦਿੱਤਾ ਹੈ ਕਿ ਕਿਸੇ ਵੀ ਮੁਲਕ ਵਿਚ ਪੈਦਾ ਹੋਈ ਵਸਤੂ ਹਰ ਜਗ੍ਹਾ ਭੇਜੀ ਜਾ ਸਕਦੀ ਹੈ, ਪਰ ਜਿਥੇ ਇਨ੍ਹਾਂ ਦੇ ਚੰਗੇ ਅਸਰ ਪਏ ਹਨ, ਉਥੇ ਇਸ ਦੇ ਉਲਟ ਅਸਰ ਵੀ ਸਾਹਮਣੇ ਆਏ ਹਨ। ਇਹੋ ਵਜ੍ਹਾ ਹੈ ਕਿ ਅਮਰੀਕਾ ਵਰਗਾ ਮੁਲਕ ਜੋ ਸੰਸਾਰ ਵਪਾਰ ਸੰਸਥਾ (ਡਬਲਿਊ.ਟੀ.ਓ.) ਦਾ ਮੋਢੀ ਸੀ, ਦੇ ਪ੍ਰਧਾਨ ਡੋਨਲਡ ਟਰੰਪ ਵੱਲੋਂ ਸੰਸਾਰ ਵਪਾਰ ਤੋਂ ਵੱਖਰੇ ਹੋ ਕੇ ਆਪਣੇ ਵਪਾਰ ਨੂੰ ਸੁਰੱਖਿਅਤ ਕਰਨ ਦੀਆਂ ਗੱਲਾਂ ਕੀਤੀਆਂ ਜਾ

ਡਾ. ਸ. ਸ. ਛੀਨਾ

ਰਹੀਆਂ ਹਨ। ਵਧ ਰਹੀ ਦਰਾਮਦ ਕਰਕੇ ਉਥੇ ਰੁਜ਼ਗਾਰ ਘਟਿਆ ਹੈ, ਜਿਸ ਕਰਕੇ ਉਸ ਨੇ ਭਾਰਤ ਅਤੇ ਚੀਨ ਵਰਗੇ ਮੁਲਕਾਂ ਤੋਂ ਆਉਣ ਵਾਲੀਆਂ ਵਸਤੂਆਂ 'ਤੇ ਉਚੀਆਂ ਦਰਾਮਦ ਦਰਾਂ ਲਾਉਣ ਦੀਆਂ ਤਜਵੀਜ਼ਾਂ ਅਪਣਾਈਆਂ ਹਨ। ਸੰਸਾਰ ਵਪਾਰ ਸੰਸਥਾ ਦੇ ਮੈਂਬਰ ਬਣਨ ਤੋਂ ਬਾਅਦ ਭਾਰਤ ਦਾ ਵਪਾਰ ਬਹੁਤ ਵਧਿਆ ਹੈ। ਇਸ ਵਕਤ ਦੁਨੀਆਂ ਦੇ ਵਪਾਰ ਵਿਚ ਭਾਰਤ ਦਾ ਹਿੱਸਾ 1.7 ਫੀਸਦੀ ਹੈ, ਜਿਹੜਾ ਇਸ ਦੇ ਮੈਂਬਰ ਬਣਨ ਤੋਂ ਪਹਿਲਾਂ ਇਕ ਫੀਸਦੀ ਤੋਂ ਘੱਟ ਸੀ ਪਰ ਇਸ ਦੀ ਵੱਡੀ ਗੱਲ ਇਹ ਹੈ ਕਿ ਭਾਰਤ ਦੀ ਦਰਾਮਦ, ਬਰਾਮਦ ਨਾਲੋਂ ਜ਼ਿਆਦਾ ਵਧੀ ਹੈ, ਜਿਸ ਕਰਕੇ ਭਾਰਤ ਦੀ ਰੁਜ਼ਗਾਰ ਦੇ ਹਾਲਾਤ 'ਤੇ ਉਲਟ ਅਸਰ ਪਏ ਹਨ।

ਭਾਰਤ ਨੇ ਇਕੱਲੇ ਚੀਨ ਤੋਂ 2016-17 ਵਿਚ 61 ਅਰਬ ਡਾਲਰਾਂ ਦੀਆਂ ਵਸਤੂਆਂ ਖਰੀਦੀਆਂ ਸਨ ਜਦੋਂ ਕਿ ਭਾਰਤ ਨੇ ਚੀਨ ਵਿਚ ਸਿਰਫ 10 ਅਰਬ ਡਾਲਰਾਂ ਦੀਆਂ ਵਸਤੂਆ ਵੇਚੀਆਂ; ਭਾਵ ਭਾਰਤ ਦਾ ਚੀਨ ਵੱਲ 51 ਅਰਬ ਡਾਲਰ ਦਾ ਵਿਪ੍ਰੀਤ ਵਪਾਰ ਸੰਤੁਲਨ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇ 51 ਅਰਬ ਡਾਲਰਾਂ ਦੀਆਂ ਇਹ ਵਸਤੂਆਂ ਭਾਰਤ ਵਿਚ ਬਣਦੀਆਂ ਤਾਂ ਕਿੰਨਾ ਵੱਡਾ ਰੁਜ਼ਗਾਰ ਪੈਦਾ ਹੋਣਾ ਸੀ। ਜਿਨ੍ਹਾਂ ਕਾਰਖਾਨਿਆਂ ਦੀਆਂ ਵਸਤੂਆਂ ਦੇ ਮੁਕਾਬਲੇ ਚੀਨ ਦੀਆਂ ਚੀਜ਼ਾਂ ਵਿਕਦੀਆਂ ਹਨ, ਉਹ ਕਾਰਖਾਨੇ ਜਾਂ ਤਾਂ ਬੰਦ ਹੋ ਗਏ ਹਨ ਜਾਂ ਉਨ੍ਹਾਂ ਨੂੰ ਕੰਮ ਘਟਾਉਣਾ ਪਿਆ ਅਤੇ ਕਿਰਤੀ ਘਟਾਉਣੇ ਪਏ ਹਨ। ਵਰਨਣਯੋਗ ਹੈ ਕਿ ਭਾਰਤ ਨੇ ਸੰਸਾਰ ਵਪਾਰ ਸੰਸਥਾ ਦੇ ਨਿਯਮਾਂ ਅਨੁਸਾਰ ਜਿਹੜੀਆਂ ਹੋਰ ਰਿਆਇਤਾਂ ਲਈਆਂ ਸਨ, ਉਨ੍ਹਾਂ ਕਰਕੇ ਭਾਰਤ ਨੇ ਵੀ 3000 ਵਸਤੂਆਂ, ਜਿਹੜੀਆਂ ਚੀਨ ਤੇ ਏਸ਼ੀਆ ਦੇ ਹੋਰ ਮੁਲਕਾਂ ਤੋਂ ਮੰਗਵਾਈਆਂ ਜਾਂਦੀਆਂ ਸਨ, ਨੂੰ ਦਰਾਮਦ ਡਿਊਟੀ ਤੋਂ ਮੁਕਤ ਕੀਤਾ ਹੈ। ਉਹ ਵਸਤੂਆਂ ਇਸ ਕਰਕੇ ਭਾਰਤ ਵਿਚ ਆ ਕੇ ਵਿਕ ਰਹੀਆਂ ਹਨ ਕਿਉਂਕਿ ਭਾਰਤ ਵਿਚ ਉਨ੍ਹਾਂ ਨੂੰ ਬਣਾਉਣ ਦੀ ਲਾਗਤ ਉਨ੍ਹਾਂ ਦੀ ਦਰਾਮਦ ਹੋਈ ਕੀਮਤ ਤੋਂ ਵਧ ਆਉਂਦੀ ਹੈ ਪਰ ਇਸ ਤਕਨੀਕੀ ਅਯੋਗਤਾ ਕਰਕੇ ਭਾਰਤ ਦੀ ਬੇਰੁਜ਼ਗਾਰੀ ਦਿਨ-ਬ-ਦਿਨ ਵਧ ਰਹੀ ਹੈ।

2007-08 ਵਿਚ ਭਾਰਤ ਅਤੇ ਚੀਨ ਦਾ ਵਪਾਰ ਸੰਤੁਲਨ ਸਿਰਫ 16 ਅਰਬ ਡਾਲਰ ਚੀਨ ਦੇ ਹੱਕ ਵਿਚ ਸੀ, ਜਿਹੜਾ ਵਧ ਕੇ ਹੁਣ 51 ਅਰਬ ਡਾਲਰ ਹੋਇਆ ਹੈ। ਇਸ ਦਾ ਅਰਥ ਹੈ ਕਿ ਚੀਨ ਦੀਆਂ ਵਸਤੂਆਂ ਦੀ ਵਿਕਰੀ ਰੁਕਣ ਦੀ ਬਜਾਏ ਵਧ ਰਹੀ ਹੈ। ਹਰ ਮੁਲਕ ਆਪਣੇ ਵਪਾਰ ਨੂੰ ਸੁਰੱਖਿਅਤ ਕਰਨ ਦੇ ਯਤਨ ਕਰਦਾ ਹੈ, ਜਿਸ ਤਰ੍ਹਾਂ ਅਮਰੀਕਾ ਨੇ ਚੀਨ ਤੋਂ ਆਉਣ ਵਾਲੀਆਂ ਵਸਤੂਆਂ 'ਤੇ ਦਰਾਮ

ਤੀਆਂ ਤੋਂ ਰੱਖੜੀ ਤੱਕ ਦਾ ਪੰਜਾਬ

ਸਭਿਆਚਾਰ

ਪੰਜਾਬ ਦੇ ਦੇਸੀ ਮਹੀਨਿਆਂ ਵਿਚ ਸਾਉਣ ਦਾ ਮਹੀਨਾ ਇੱਕ ਵੱਖਰੀ ਤਬੀਅਤ ਦਾ ਮਹੀਨਾ ਹੈ, ਜਿਸ ਨਾਲ ਪੰਜਾਬੀਆਂ ਦੇ ਬਹੁ-ਅਨੁਭਵੀ ਚਾਅ-ਮਲ੍ਹਾਰ ਜੁੜੇ ਹੋਏ ਹਨ। ਜੇਠ-ਹਾੜ ਦੀਆਂ ਤਪਦੀਆਂ ਲੂਆਂ ਤੇ ਭਖਦੇ ਤੰਦੂਰ ਵਰਗੇ ਤਪਸ਼ੀ ਦਿਨਾਂ ਤੋਂ ਬਾਅਦ ਜਦ ਬੱਦਲਾਂ ਦੀਆਂ ਠੰਡੀਆਂ ਮਿੱਠੀਆਂ ਫੁਹਾਰਾਂ ਧਰਤੀ ਤੱਕ ਪਹੁੰਚਦੀਆਂ ਹਨ ਤਾਂ ਇੱਕ ਅਲੌਕਿਕ ਸੁਖਾਵਾਂ ਵਾਤਾਵਰਣ ਸਿਰਜਿਆ ਜਾਂਦਾ ਹੈ। ਵਰਖਾ ਦੀਆਂ ਇਹ ਰਹਿਮਤਾਂ ਜਿਸਮਾਂ ਨੂੰ ਤਾਂ ਧੁਰ ਅੰਦਰ ਤੱਕ ਤ੍ਰਿਪਤੀ ਬਖਸ਼ਦੀਆਂ ਹੀ ਹਨ, ਇਹ ਰੁਜ਼ਗਾਰ ਦੇ ਸਾਧਨਾਂ 'ਚ ਵੀ ਵੱਡਾ ਰੋਲ ਅਦਾ ਕਰਦੀਆਂ ਹਨ।

ਡਾ. ਆਸਾ ਸਿੰਘ ਘੁੰਮਣ
ਫੋਨ: 91-98152-53245

ਪੰਜਾਬ ਦੀ ਸੰਭਾਵਨਾਵਾਂ-ਭਰਪੂਰ, ਜਰਖੇਜ਼ ਧਰਤੀ ਇੰਜ ਮੌਲਦੀ ਹੈ ਜਿਵੇਂ ਨਵ-ਵਿਆਹੀ ਨਵੇਂ ਵਸਤਰਾਂ ਵਿਚ, ਗਹਿਣਿਆਂ-ਲੱਦੀ, ਮਹਿਕਦੀ-ਚਹਿਕਦੀ-ਟਹਿਕਦੀ ਪੱਬ ਭੁੰਜੇ ਨਹੀਂ ਲਾਉਂਦੀ। ਸਿਰਜਣ-ਪ੍ਰਕ੍ਰਿਆ ਵਿਚ ਸੁਆਣੀ ਦਾ ਮੱਥਾ ਨੂਰੋ-ਨੂਰ ਹੁੰਦਾ ਹੈ। ਧਰਤੀ ਹੀ ਨਹੀਂ, ਅਸਮਾਨ ਵੀ ਪੂਰੇ ਜਲੌਅ ਵਿਚ ਹੁੰਦਾ ਹੈ। ਉਹ ਅਕਾਸ਼ ਜਿੱਥੇ ਪੰਜਾਬੀਆਂ ਦਾ ਰੱਬ ਵੱਸਦੈ, ਸਵੇਰ ਤੋਂ ਸ਼ਾਮ ਤੱਕ ਕਈ ਰੰਗ-ਰੂਪ ਬਦਲਦੈ, ਦ੍ਰਿਸ਼ਟ-ਇੰਦਰੀਆਂ ਨੂੰ ਤ੍ਰਿਪਤ ਕਰਦੈ। ਕਾਲੇ-ਸਿਆਹ ਬੱਦਲਾਂ ਵਿਚ ਚਮਕਦੀਆਂ ਚਾਂਦੀ-ਰੰਗੀ ਬਿਜਲੀ ਦੀਆਂ ਤਾਰਾਂ ਕਿਆ ਇਲਾਹੀ ਨਜ਼ਾਰਾ ਬੰਨ੍ਹਦੀਆਂ ਹਨ! ਚਮਕਣ ਦੇ ਤਾਲਿਸਮੀ ਝਲਕਾਰਿਆਂ ਦੇ ਨਾਲ ਜਦ ਗੜ-ਗੜ ਕਰਦੀ ਗਰਜਾਹਟ ਮਿਲਦੀ ਹੈ ਤਾਂ ਮਨ-ਮਸਤਕ ਵਿਸਮਾਦੀ ਹੋ ਉਠਦੈ। ਅਕਾਸ਼ੋਂ ਵਰ੍ਹਦੀਆਂ ਕਣੀਆਂ ਜਦ ਧਰਤੀ 'ਤੇ ਡਿੱਗਦੀਆਂ ਹਨ, ਡਿੱਗਣ ਵਾਲੀ ਵਸਤੂ ਦੇ ਅਨੁਸਾਰ ਕਈ ਕਿਸਮ ਦੀਆਂ ਸੰਗੀਤਕ ਲੈਆਂ ਪੈਦਾ ਕਰਦੀਆਂ ਹਨ। ਸਹਿਜ-ਭਾ ਡਿੱਗਦੀਆਂ ਫੁਹਾਰਾਂ ਦੀ ਲੈਅ ਹੋਰ ਅਤੇ ਤਾਬੜ-ਤੋੜ ਮੂਸਲਾਧਾਰ ਬਾਰਸ਼ ਦੀ ਹੋਰ। ਕਣੀਆਂ ਦਾ ਆਪਣਾ ਰਾਗ, ਪ੍ਰਨਾਲਿਆਂ ਦਾ ਆਪਣਾ। ਖਾਣ-ਪੀਣ, ਸੁੰਘਣ, ਦੇਖਣ ਅਤੇ ਮਹਿਸੂਸ ਕਰਨ ਦੀਆਂ ਸਭੋ ਇੰਦਰੀਆਂ ਤ੍ਰਿਪਤ ਹੋ ਹੋ ਜਾਂਦੀਆਂ ਹਨ।

ਇਸ ਸਮੇਂ ਦੌਰਾਨ ਜਿੱਥੇ ਕੁਦਰਤ ਆਪਣੇ ਰਹੱਸਮਈ ਸੰਸਾਰ ਵਿਚੋਂ ਕਈ ਨੇਹਮਤਾਂ ਪ੍ਰਦਾਨ ਕਰਦੀ ਹੈ, ਉਥੇ ਪੰਜਾਬੀ ਵੀ ਕੁਦਰਤ ਸੰਗ ਹੇਲ-ਮੇਲ ਹੋਣ ਵਿਚ ਕੋਈ ਕਸਰ ਨਹੀਂ ਛੱਡਦੇ, ਖਾਸ ਤੌਰ 'ਤੇ ਪੰਜਾਬਣਾਂ। ਪੰਜਾਬਣਾਂ ਨੇ ਸਾਉਣ ਮਹੀਨੇ ਵਿਚ ਰਲ ਬੈਠਣ ਅਤੇ ਖੁਸ਼ੀਆਂ ਮਨਾਉਣ ਲਈ ਰਿਸ਼ਤੇਦਾਰੀਆਂ ਦੇ ਮੋਹ-ਮੱਤੇ ਮੌਕੇ ਸੰਜੋਅ ਰੱਖੇ ਹਨ। ਅੱਜ ਦੇ ਕਾਰੋਬਰੀ-ਕੇਂਦਰਤ ਗਲੋਬਲ ਸੰਸਾਰ ਨੂੰ ਦੇਣ ਲਈ ਜੇ ਪੰਜਾਬੀ ਵਿਰਾਸਤ ਕੋਲ ਕੁਝ ਹੈ ਤਾਂ ਉਹ ਹੈ, ਪਰਿਵਾਰ-ਪ੍ਰਤੀਬੱਧਤਾ ਅਤੇ ਰਿਸ਼ਤੇਦਾਰੀਆਂ ਕਾਇਮ ਰੱਖਣ ਤੇ ਨਿਭਾਉਣ ਦੀ ਪਰੰਪਰਾ; ਆਪਸੀ ਮੋਹ-ਪਿਆਰ ਦੀਆਂ ਪੀਡੀਆਂ ਗੰਢਾਂ ਅਤੇ ਨਰੋਈਆਂ ਤੰਦਾਂ। ਇਸ ਦੀ ਮਿਸਾਲ ਹੈ, ਸਾਉਣ ਮਹੀਨੇ ਮਨਾਏ ਜਾਂਦੇ ਦੋ ਤਿਉਹਾਰ ਜੋ ਮੁੱਖ ਤੌਰ 'ਤੇ ਔਰਤਾਂ ਨਾਲ ਸਬੰਧਤ ਹਨ: ਤੀਆਂ ਅਤੇ ਰੱਖੜੀ।

ਔਰਤ ਹਰ ਸਮਾਜ ਵਿਚ ਹੀ ਆਪਸੀ ਸਬੰਧਾਂ ਦੀ ਮਹਿਕ ਕਾਇਮ ਰੱਖਣ ਵਿਚ ਅਹਿਮ

ਰੋਲ ਅਦਾ ਕਰਦੀ ਰਹੀ ਹੈ। ਸਮਾਜ ਵਿਚਲੇ ਖੂਨ ਦੇ ਸਾਰੇ ਰਿਸ਼ਤੇ ਜਨਨੀ ਤੋਂ ਹੀ ਬਣਦੇ-ਵਿਗਸਦੇ ਹਨ। ਜਨਮ ਦਾਤੀ ਹੀ ਰਿਸ਼ਤਿਆਂ ਦਾ ਪੰਘੂੜਾ ਅਤੇ ਪ੍ਰਤੀ-ਪਾਲਕ ਹੈ। ਪੰਜਾਬੀਆਂ ਨੇ ਹਮੇਸ਼ਾ ਹੀ ਧੀ-ਭੈਣ ਦੇ ਰਿਸ਼ਤੇ ਨੂੰ ਪਾਕ-ਪਵਿੱਤਰ ਰਿਸ਼ਤਾ ਗਿਣਿਆ ਹੈ। ਰਿਸ਼ਤਿਆਂ ਪੱਖੋਂ ਅਜੋਕੇ ਧੁੰਦੂਕਾਰੇ ਵਾਲੇ ਵਰਤਾਰਿਆਂ ਨੂੰ ਫੋਕਸ ਵਿਚ ਰੱਖ ਕੇ ਵੇਖਦਿਆਂ, ਇਹ ਅਹਿਸਾਸ ਨਿੱਤਰ ਆਉਂਦੇ ਹਨ ਕਿ ਪੰਜਾਬੀ ਸਮਾਜ ਮੁੱਖ ਤੌਰ 'ਤੇ ਹਯਾਈ ਮਰਿਆਦਾਵਾਂ ਕਾਇਮ ਰੱਖਣ ਵਾਲਾ ਸਮਾਜ ਹੈ। ਇਹ ਅਜਿਹਾ ਸਮਾਜ ਹੈ, ਜਿਸ ਵਿਚ ਕੇਂਦਰੀ ਧੁਰੇ 'ਤੇ ਫਰਾਇਡੀਅਨ ਮਨੋ-ਵੇਗ ਅਤੇ ਮਨੋ-ਬਿਰਤੀਆਂ ਨਹੀਂ ਸਗੋਂ ਸਮਰਪਣ ਤੇ ਸ਼ਰਹ; ਪਾਕੀਜ਼ਗੀ ਤੇ ਪਵਿੱਤਰਤਾ ਅਤੇ ਉਚਤਮ ਤੇ ਸੁੱਚਤਮ ਦੇ ਅਹਿਸਾਸ ਹਨ। ਪੰਜਾਬਣ ਦੇ ਮਨ ਵਿਚ ਵੀ ਕੰਤ-ਕਲੋਲ ਅਤੇ ਮਾਹੀ-ਮਿਲਣ ਦੇ ਅਨੇਕਾਂ ਚਾਅ ਉਸਲਵੱਟੇ ਤਾਂ ਲੈਂਦੇ ਹੀ ਹਨ, ਪਰ ਉਸ ਲਈ ਬਾਬਲ ਦੀ ਇੱਜਤ, ਅੰਬੜੀ ਦਾ ਵਿਹੜਾ, ਚਾਚੇ-ਤਾਏ ਦੀਆਂ ਮੋਹ-ਪਿਆਰ ਦੀਆਂ ਤੰਦਾਂ, ਆਪਣੇ ਖੇਤਾਂ ਦੀ ਖੁਸ਼ਹਾਲੀ ਅਤੇ ਆਪਣੇ ਪਿੰਡ ਦੇ ਜੂਹਾਂ-ਬੇਲਿਆਂ ਦੀਆਂ ਅਦਭੁਤ ਖਿੱਚਾਂ ਵੱਧ ਅਹਿਮ ਹਨ। ਇਹੀ ਵਜ੍ਹਾ ਹੈ ਕਿ ਪਹਿਲੇ ਸਮਿਆਂ ਵਿਚ ਵਿਆਹ ਤੋਂ ਬਾਅਦ ਸਖੀਆਂ ਸਹੇਲੀਆਂ, ਚਾਚੀਆਂ-ਤਾਈਆਂ, ਭਰਾ-ਭਰਜਾਈਆਂ, ਇਥੋਂ ਤੱਕ ਕਿ ਮੱਝੀਆਂ-ਗਾਈਆਂ ਯਾਦਾਂ ਵਿਚ ਆਉਂਦੀਆਂ ਸਨ, ਅਤੇ ਪੇਕਾ ਪਿੰਡ ਸੈਨਤਾਂ ਹੀ ਨਹੀਂ ਸੀ ਮਾਰਦਾ, ਕੂਕ ਕੂਕ ਕੇ ਪੁਕਾਰਦਾ ਸੀ, ਖਾਸ ਤੌਰ 'ਤੇ ਸਾਉਣ ਦੇ ਦਿਨਾਂ ਵਿਚ।

ਸਾਉਣ ਮਹੀਨਾ ਆਉਣ ਤੋਂ ਪਹਿਲਾਂ ਪਿੰਡ ਦੀ ਕੀ ਕੁਆਰੀ ਤੇ ਕੀ ਵਿਆਹੀ, ਕੀ ਬੇਬੇ ਤੇ ਕੀ ਬੀਬੀ, ਸਭ ਦੁਪਿਹਰ ਵੇਲੇ ਗਰਮੀ ਤੋਂ ਬਚਣ ਲਈ, ਹਵਾ-ਹਾਰੇ, ਪਿੰਡ ਦੇ ਬਾਹਰ ਵੱਲ, ਕਿਸੇ ਰੁੱਖ ਦੀ ਝੰਗੀ ਥੱਲੇ ਆ ਡੇਰੇ ਲਾਉਂਦੀਆਂ ਸਨ। ਕੋਈ ਚਰਖਾ ਡਾਹ ਲੈਂਦੀ, ਕੋਈ ਅਟੇਰਨ 'ਤੇ ਕੰਮ ਕਰਨ ਲੱਗਦੀ, ਕੋਈ ਪੱਖੀ ਬੁਣਨ ਲੱਗਦੀ, ਕੋਈ ਛੱਜ ਨਾਲ ਛੱਟਣ ਲੱਗਦੀ, ਕੋਈ ਫੁਲਕਾਰੀ 'ਤੇ ਫੁੱਲ-ਬੂਟੇ ਪਾਉਣ ਲੱਗਦੀ। ਵਿਚੇ ਹੀ ਦੁੱਖ-ਸੁੱਖ ਫੋਲੇ ਜਾਂਦੇ, ਚੁਗਲੀ-ਚੁਗਾਲੀ ਵੀ ਹੋ ਜਾਂਦੀ। ਵਿਚੋਂ ਹੀ ਕੋਈ ਜਣੀ ਗੀਤ ਗੁਣਗੁਣਾਉਣ ਲੱਗਦੀ, ਕੋਈ ਹੋਰ ਨਾਲ ਆਵਾਜ਼ ਰਲਾ ਦਿੰਦੀ। ਚਰਖੇ ਦੀ ਘੂਕਰ ਰੁਕ ਜਾਂਦੀ, ਸੂਈ ਫੁਲਕਾਰੀ ਦੇ ਵਿਚੇ ਖੁੱਭੀ ਰਹਿ ਜਾਂਦੀ। ਕੋਈ ਮਾਂਗਾ ਮਾਰਨ ਲੱਗਦੀ ਤੇ ਕੋਈ ਉਠ ਕੇ ਗਿੱਧਾ ਪਾਉਣ ਲੱਗਦੀ। ਹੌਲੀ ਹੌਲੀ ਪਿੜ ਬੱਝ ਜਾਂਦਾ। ਗਿੱਧਾ ਮਘ ਉਠਦਾ। ਗੋਡਿਆਂ-ਗਿਟਿਆਂ ਤੱਕ ਜਿਸਮ ਪਸੀਨੋ-ਪਸੀਨੀ ਹੋ ਜਾਂਦੇ।

ਕੋਈ ਹਿੰਮਤੀ ਕੁੜੀ ਪਿੰਡ ਦੇ ਕਿਸੇ ਲੰਘਦੇ-ਜਾਂਦੇ ਨੂੰ ਪੀਂਘ ਪਾਉਣ ਦਾ ਤਰਲਾ ਕਰਦੀ। ਅਗਲਾ ਤਾਂ ਦੌੜਿਆ ਆਉਂਦਾ ਤੇ ਕਿਸੇ ਮਜ਼ਬੂਤ ਟਾਹਣੇ 'ਤੇ ਪੀਂਘ ਪਾ ਦਿੰਦਾ। ਕਿਆ ਨਜ਼ਾਰਾ ਬੱਝਦਾ! ਕੁਦਰਤ ਦੀ ਗੋਦ ਵਿਚ ਪੀਂਘ ਝੂਟਣਾ ਕਿਸੇ ਮਾੜੀ-ਮੋਟੀ ਦਾ ਕੰਮ ਥੋੜਾ ਹੁੰਦੈ! ਟਾਹਣੀਆਂ ਨੂੰ ਪੈਰ ਲਾਉਣ, ਮੂੰਹ ਨਾਲ ਪੱਤੇ ਤੋੜ ਲਿਆਉਣ ਜਾਂ ਇਕ ਹੱਥ ਨਾਲ ਪੱਤੇ ਤੋੜ ਲਿਆਉਣ ਦੇ ਮੁਕਾਬਲੇ ਚੱਲ ਪੈਂਦੇ। ਚੁੰਨੀਆਂ ਉਡ-ਪੁੱਡ ਜਾਂਦੀਆਂ, ਗੁੱਤਾਂ ਨਾਗਣਾਂ ਬਣ ਜਾਂਦੀਆਂ। ਮਨ ਹੋਰ ਉਚਾ, ਹੋਰ ਉਚਾ, ਕਿਤੇ ਦੂਰ-ਦੁਰੇਡੇ ਪਹੁੰਚ ਜਾਣਾ ਲੋਚਦਾ। ਸਿਆਣੀ ਉਮਰ ਦੀਆਂ ਔਰਤਾਂ ਉਚੀ ਉਚੀ ਡਰਾਵੇ ਦਿੰਦੀਆਂ, ਜੁਆਨੀ ਹੋਰ ਚਾਂਭਲਦੀ। ਓਧਰੋਂ ਕਾਲੀਆਂ ਘਟਾਵਾਂ ਚੜ੍ਹ ਆਉਂਦੀਆਂ। ਪੀਘਾਂ ਝੂਟਣ ਵਾਲੀਆਂ ਦੀਆਂ ਵਾਰੀਆਂ ਨਾ ਟੁੱਟਦੀਆਂ। ਓਧਰੋਂ ਫੁਹਾਰ ਆਣ ਲੱਥਦੀ। ਸਿਆਣੀ ਉਮਰ ਦੀਆਂ ਆਪਣਾ ਸਾਜੋ-ਸਮਾਨ ਲੈ ਘਰੀਂ ਪਹੁੰਚਦੀਆਂ। ਅੱਲੜਾਂ ਨੂੰ ਪਹਿਲੇ ਮੀਂਹ ਵਿਚ ਭਿੱਜਣਾ ਚੰਗਾ-ਚੰਗਾ ਲੱਗਦਾ।

ਸਹੁਰੇ ਪਿੰਡ ਜਾ ਕੇ ਅਜਿਹੀਆਂ ਯਾਦਾਂ ਆਉਂਦੀਆਂ ਵੀ ਤੇ ਸਤਾਉਂਦੀਆਂ ਵੀ। ਖਾਸ ਤੌਰ 'ਤੇ ਸ਼ੁਰੂ ਸ਼ੁਰੂ ਵਿਚ। ਇਸ ਲਈ ਮਾਪੇ ਕੁੜੀ ਨੂੰ ਥੋੜੇ ਥੋੜੇ ਸਮੇਂ ਬਾਅਦ ਪਿੰਡ ਲੈ ਆਉਂਦੇ। ਤੀਆਂ ਦੇ ਦਿਨੀਂ ਤਾਂ ਉਚੇਚੇ ਤੌਰ 'ਤੇ ਪਿਤਾ ਜਾਂ ਭਰਾ ਕੁੜੀ ਨੂੰ ਲੈਣ ਜਾਂਦਾ। ਖਾਲੀ ਹੱਥੀਂ ਤਾਂ ਧੀ-ਭੈਣ ਕੋਲ ਕਦੀ ਵੀ ਨਹੀਂ ਸੀ ਜਾਣਾ ਹੁੰਦਾ। ਬਾਪ ਜਾਂ ਭਰਾ ਕੱਪੜਾ-ਲੱਤਾ, ਫਲ-ਫਰੂਟ ਅਤੇ ਮਠਿਆਈ ਵਗੈਰਾ ਜ਼ਰੂਰ ਲੈ ਕੇ ਜਾਂਦੇ। ਸਹੁਰੇ ਜਦੋਂ ਲੈਣ ਆਉਂਦੇ, ਉਹ ਵੀ ਘੱਟ ਨਾ ਕਰਦੇ। ਖਾਸ ਤੌਰ 'ਤੇ ਪਹਿਲੀ ਵਾਰ ਤਾਂ ਕਿੰਨਾ ਕੁਝ ਲੈ ਕੇ ਆਉਂਦੇ, ਜਿਸ ਨੂੰ ਪੜ੍ਹੇ-ਲਿਖੇ ਲੋਕ 'ਸੰਧਾਰਾ' ਆਖਦੇ ਹਨ। ਪੁਰਾਣੀਆਂ ਬੀਬੀਆਂ ਉਨ੍ਹਾਂ ਨੂੰ ਸਾਉਣ ਦੇ ਨਾਂ ਤੇ 'ਸਾਂਵੇਂ' ਹੀ ਕਹਿੰਦੀਆਂ ਸਨ। ਇਨ੍ਹਾਂ ਸਾਂਵਿਆਂ ਦਾ ਖਾਸ ਤੌਰ 'ਤੇ ਛੋਟੇ ਪਿੰਡਾਂ ਵਿਚ ਬੜਾ ਚਾਅ ਚੜ੍ਹਿਆ ਹੁੰਦਾ ਸੀ। ਸਹੁਰਿਆਂ ਨੇ ਕੁੜੀ ਲਈ ਅਤੇ ਉਸ ਦੇ ਪਰਿਵਾਰ ਲਈ ਤਾਂ ਕੱਪੜਾ-ਟਾਕੀ, ਗਹਿਣਾ-ਗੱਟਾ, ਫਲ-ਫਰੂਟ, ਮਠਿਆਈ ਵਗੈਰਾ ਲਿਆਉਣੀ ਹੀ ਹੁੰਦੀ ਸੀ, ਸਾਰੇ ਪਿੰਡ ਵਿਚ ਜਾਂ ਭਾਈਚਾਰੇ ਵਿਚ ਵੰਡਣ ਲਈ ਵੀ ਕੁਝ ਨਾ ਕੁਝ ਲੈ ਕੇ ਆਉਂਦੇ।

'ਸਾਂਵੇਂ' ਕਈ ਵਾਰੀ ਪ੍ਰਾਹੁਣਾ ਲੈ ਕੇ ਆਉਂਦਾ ਪਰ ਬਹੁਤੀ ਵਾਰ ਉਹਦੇ ਮਾਂ-ਪਿਉ ਵੀ ਆਣ ਢੁੱਕਦੇ। ਨਵੇਂ ਨਵੇਂ ਸਾਕਾਂ ਦੀ ਪ੍ਰਾਹੁਣਾਚਾਰੀ ਦਾ ਚਾਅ ਚੜ੍ਹ ਜਾਂਦਾ। ਸਾਉਣ ਵਿਚ ਘਾਹ-ਪੱਠਾ ਵਾਧੂ ਹੋਣ ਕਰਕੇ ਮੱਝੀਂ-ਗਾਂਈਂ ਦੇ ਦਿੱਤੇ ਚੋਖੇ ਦੁੱਧ ਦੀਆਂ ਖੀਰਾਂ ਬਣਨ ਲੱਗਦੀਆਂ; ਘਰ ਦੇ ਗੁੜ ਦੇ ਪੂੜੇ ਬਣਨ ਲੱਗਦੇ; ਗਰਮੀਆਂ ਵਿਚ ਦੁਪਹਿਰੇ ਆਪਣੇ ਹੱਥੀਂ ਵੱਟੀਆਂ ਸੇਵੀਆਂ ਰਿੱਝਣ ਲੱਗਦੀਆਂ। ਖੂਬ ਮਹਿਮਾਨ ਨਿਵਾਜ਼ੀ ਹੁੰਦੀ। ਪ੍ਰਾਹੁਣੇ ਪਿੰਡ ਵਿਚ ਘੁੰਮਦੇ-ਫਿਰਦੇ, ਖੇਤਾਂ ਵਿਚ ਜਾਂਦੇ, ਹਰ ਕਿਸੇ ਦੇ ਵਾਕਫ ਬਣ ਬਣ ਬਹਿੰਦੇ।

ਪੇਕੇ ਪਿੰਡ ਤੀਆਂ ਦੇ ਮੌਕੇ ਉਚੇਚੇ ਤੌਰ 'ਤੇ ਆਈਆਂ ਕੁੜੀਆਂ ਇਕ ਦੂਜੀ ਨੂੰ ਘੁੱਟ ਘੁੱਟ ਕੇ ਮਿਲਦੀਆਂ। ਰਲ ਮਿਲ ਖੁੱਲ੍ਹੇ ਪਿੜਾਂ ਵਿਚ ਖੂਬ ਧਮੱਚੜ ਪਾਉਂਦੀਆਂ; ਰੁੱਖਾਂ 'ਤੇ ਪੀਂਘਾਂ ਝੂਟਦੀਆਂ, ਗਿੱਧੇ ਪਾਉਂਦੀਆਂ, ਗੀਤ ਗਾਉਂਦੀਆਂ, ਮਸ਼ਖਰੀਆਂ ਕਰਦੀਆਂ, ਇਕ ਦੂਜੀ ਦੇ ਘਰ ਵਾਲੇ ਦਾ ਨਾਂ ਲੈ ਲੈ ਮਖੌਲਾਂ ਕਰਦੀਆਂ, ਇਸ਼ਾਰਿਆਂ 'ਚ ਕਈ ਕੁਝ ਕਹਿੰਦੀਆਂ ਤੇ ਲੋਟ-ਪੋਟ ਹੋਈ ਜਾਂਦੀਆਂ। ਕੁਝ ਦਿਨਾਂ 'ਚ ਹੀ ਪੂਰਨਮਾਸ਼ੀ ਆ ਜਾਂਦੀ। ਸਵੇਰੇ ਸਵੇਰੇ ਨਹਾ-ਧੋ ਕੇ, ਵਾਗਰੂ-ਵਾਗਰੂ ਕਰਦੀਆਂ, ਸੁੱਚੇ ਮੂੰਹ ਆਪਣੇ ਵੀਰਾਂ ਨੂੰ ਰੱਖੜੀ ਬੰਨਦੀਆਂ ਤੇ ਮੂੰਹ ਮਿੱਠਾ ਕਰਾਉਂਦੀਆਂ। ਆਪਣੇ ਪਿਉ ਅਤੇ ਚਾਚੇ-ਤਾਇਆਂ ਨੂੰ ਵੀ ਰੱਖੜੀ ਬੰਨਦੀਆਂ, ਹੋਰ ਤਾਂ ਹੋਰ ਵੀਰ ਦੇ ਬਲਦਾਂ ਦੇ ਸਿੰਗਾਂ ਨੂੰ ਵੀ ਮੌਲੀ ਬੰਨ ਦਿੰਦੀਆਂ। ਸੁੱਖਾਂ ਮੰਗਦੀਆਂ। ਅਸੀਸਾਂ ਤੇ 'ਪਿਆਰ' ਪ੍ਰਾਪਤ ਕਰਦੀਆਂ। ਤੁਰਨ ਲੱਗਿਆਂ ਫਿਰ ਦੌੜ ਕੇ ਆਪਣੀਆਂ ਸਹੇਲੀਆਂ ਨੂੰ ਮਿਲਣ ਜਾਂਦੀਆਂ। ਕਈ ਸਹੇਲੀਆਂ ਤਾਂ ਉਨ੍ਹਾਂ ਨੂੰ ਪਿੰਡ ਦੀ ਜੂਹ ਤੱਕ ਤੋਰਨ ਆਉਂਦੀਆਂ। ਬੜੀ ਹਸਰਤ ਨਾਲ ਪਿਛਾਂਹ ਨੂੰ ਵੇਖਦੀਆਂ, ਹਉਕਾ ਜਿਹਾ ਭਰਦੀਆਂ ਤੇ ਮੂੰਹੋਂ ਬਿਰਕਦੀਆਂ, "ਮੁੜ ਫਿਰ ਪਿੰਡ ਆਂਵਾਂਗੇ, ਵਰੇ ਦਿਨਾਂ ਨੂੰ ਫੇਰ।"

ਉਨ੍ਹਾਂ ਦੀ ਜਾਣੇ ਬਲ੍ਹਾ ਸੁਦੀਆਂ ਕੀ ਹੁੰਦੀਆਂ ਨੇ ਤੇ ਵਦੀਆਂ ਕੀ ਹੁੰਦੀਆਂ ਨੇ। ਉਹ ਤਾਂ ਬੱਸ ਇਹ ਜਾਣਦੀਆਂ ਸਨ: "ਕੁੜੀਓ ਆ ਜਾਓ ਨੀ, ਸਾਉਣ ਸੈਨਤਾਂ ਮਾਰੇ।" ਉਹ ਤਾਂ ਇਹ ਜਾਣਦੀਆਂ ਸਨ ਕਿ ਸਾਉਣ ਸਾਂਝਾਂ ਦਾ ਮਹੀਨਾ ਹੈ। ਆਪਣੇ ਮੁੱਢਾਂ ਨਾਲ ਜੁੜਨ ਦਾ ਮਹੀਨਾ। ਕਈ ਵਾਰ ਟਾਈਮ ਹੋਵੇ ਤਾਂ ਸਾਰਾ ਸਾਉਣ ਹੀ ਰਹਿ ਜਾਂਦੀਆਂ ਤੇ ਕਈ ਵਾਰੀ ਜੇ ਟਾਈਮ ਨਾ ਹੋਵੇ ਤਾਂ ਵੀਰ ਨੂੰ ਪਹਿਲਾਂ ਹੀ ਰੱਖੜੀ ਬੰਨ੍ਹ ਵਿਦਿਆ ਹੋ ਜਾਂਦੀਆਂ। ਉਨ੍ਹਾਂ ਦੀਆਂ ਤਾਂ ਮਾਂਵਾਂ-ਦਾਦੀਆਂ-ਨਾਨੀਆਂ ਨੂੰ

ਵੀ ਨਹੀਂ ਸੀ ਪਤਾ ਕਿ ਸੁੱਖਾਂ ਲੱਧਾ ਧਾਗਾ ਜੋ ਉਹ ਬੰਨ੍ਹਦੀਆਂ ਸਨ, ਉਸ ਨੂੰ 'ਰਾਖੀ' ਜਾਂ 'ਰਕਸ਼ਾ-ਬੰਧਨ' ਕਹਿੰਦੇ ਨੇ। ਅਖੇ ਜੀ, ਰਾਖੀ ਬੰਨਣ ਦਾ ਮਤਲਬ ਹੈ ਕਿ ਵੀਰ ਭੈਣਾਂ ਦੀ ਰਾਖੀ ਕਰਨਗੇ। ਬੰਦਾ ਪੁੱਛੇ ਭਰਾਵਾਂ, ਮਾਂ-ਪਿਉ, ਚਾਚੇ-ਤਾਇਆਂ ਨੇ ਰਾਖੀ ਭਲਾ ਰੱਖੜੀ ਬੰਨਿਆਂ ਹੀ ਕਰਨੀ ਸੀ! ਤੁਰਨ ਲੱਗਿਆਂ ਆਪਣੇ ਮੁੱਢ ਨੂੰ 'ਰੱਬ ਦੀਆਂ ਰੱਖਾਂ' ਦਾ ਧਾਗਾ ਬੰਨਣਾ ਤਾਂ ਆਪਣੀਆਂ ਭਾਵਨਾਵਾਂ ਨੂੰ ਕਿਸੇ ਸਥੂਲ ਵਸਤੂ ਰਾਹੀਂ ਦਰਸਾਉਣ ਬਰਾਬਰ ਸੀ। ਅਹਿਮ ਸਨ, ਆਪਣੀ ਪੇਕੇ-ਭੌਇੰ ਲਈ ਕੀਤੀਆਂ ਜਾਂਦੀਆਂ ਅਰਦਾਸਾਂ।

ਰੱਬ ਖੈਰ ਕਰੇ! ਤੀਆਂ ਲੱਗਦੀਆਂ ਰਹਿਣ। ਖੀਰ-ਪੂੜੇ ਪੱਕਦੇ ਰਹਿਣ! ਧੀਆਂ ਹੱਸਦੀਆਂ ਰਹਿਣ! ਭੈਣਾਂ ਵੱਸਦੀਆਂ ਰਹਿਣ! ਪੇਕੀਂ ਆਉਂਦੀਆਂ ਰਹਿਣ! ਖੌਰੇ ਉਨ੍ਹਾਂ ਦੀਆਂ ਦੁਆਵਾਂ ਸਦਕਾ ਹੀ ਬਾਬਲ-ਭਾਈ, ਚਾਚੇ-ਤਾਏ, ਪਿੰਡ ਦੇ ਜਾਏ, ਆਪਣੀਆਂ ਇੱਜਤਾਂ ਦੇ ਅਤੇ ਆਪਣੀਆਂ ਧੀਆਂ-ਭੈਣਾਂ ਦੀਆਂ ਇੱਜਤਾਂ ਦੇ ਰਾਖੇ ਬਣੇ ਰਹਿਣ!

ਇਮਰਾਨ ਖਾਨ ਦਾ 'ਹਿੰਦੁਸਤਾਨ'

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅਗਲਾ ਹਫਤਾ ਭਾਰਤ-ਪਾਕਿਸਤਾਨ ਸਬੰਧਾਂ ਲਈ ਬੇਹਦ ਅਹਿਮ ਹੈ। ਪਾਕਿਸਤਾਨ ਵਿਚ ਇਮਰਾਨ ਖਾਨ ਦੀ ਸਰਕਾਰ ਕਾਇਮ ਹੋਣ ਤੋਂ ਬਿਨਾ ਦੋ ਦਹਾਕਿਆਂ ਤੋਂ ਸਰਗਰਮ ਭਾਰਤ-ਪਾਕਿ ਮਿੱਤਰਤਾ ਦੀਆਂ ਚਾਹਵਾਨ ਅੱਧੀ ਦਰਜਨ ਸੰਸਥਾਵਾਂ ਸਭਿਆਚਾਰਕ ਪ੍ਰੋਗਰਾਮ ਤੇ ਸੰਵਾਦ ਰਚਾ ਕੇ ਦੋਵਾਂ ਦੇਸ਼ਾਂ ਦੇ 95 ਪ੍ਰਤੀਸ਼ਤ ਲੋਕਾਂ ਦੀਆਂ

ਇਮਰਾਨ ਖਾਨ

ਭਾਵਨਾਵਾਂ ਨੂੰ ਸਫਲ ਕਰਨ ਦੇ ਯਤਨ ਸਾਂਝੇ ਕਰਨਗੀਆਂ।

ਰਾਜਨੀਤੀ ਨੇ ਸਦੀਆਂ ਤੋਂ ਚਲੇ ਆ ਰਹੇ ਹਿੰਦੁਸਤਾਨ ਨੂੰ 1947 ਵਿਚ ਦੋ ਟੁਕੜਿਆਂ ਵਿਚ ਵਢ ਕੇ ਭਾਰਤ ਅਤੇ ਪਾਕਿਸਤਾਨ ਦਾ ਨਾਂ ਦੇ ਛੱਡਿਆ ਸੀ। ਇਨ੍ਹਾਂ ਟੁਕੜਿਆਂ ਨੂੰ ਜੋੜਨਾ ਤਾਂ ਸੰਭਵ ਨਹੀਂ ਪਰ ਇਮਰਾਨ ਖਾਨ ਦੀ ਧਾਰਨਾ ਹੈ ਕਿ ਦੋਹਾਂ ਦੇਸ਼ਾਂ

ਰਿਫਰੈਂਡਮ 2020 ਅਤੇ ਖਾਲਿਸਤਾਨ ਦਾ ਵਪਾਰ

ਵਿਚਾਰ ਚਰਚਾ

ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚਲੀ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਸਿੱਖਾਂ ਲਈ ਖੁਦਮੁਖਤਿਆਰ ਸਟੇਟ ਦੇ ਹੱਕ ਵਿਚ 'ਰਿਫਰੈਂਡਮ 2020' ਦੇ ਨਾਂ ਹੇਠ ਮੁਹਿੰਮ ਚਲਾ ਰਹੀ ਹੈ, ਜਿਸ 'ਤੇ ਕਈ ਕਿਸਮ ਦੇ ਕਿੰਤੂ ਵੀ ਹੋਏ ਹਨ। 'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਇਸ ਮਸਲੇ ਬਾਰੇ ਸੀਨੀਅਰ ਪੱਤਰਕਾਰ ਤੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ ਸ. ਕਰਮਜੀਤ ਸਿੰਘ ਦੇ ਲੇਖ ਪਿਛੋਂ ਸ. ਹਜ਼ਾਰਾ ਸਿੰਘ (ਮਿਸੀਸਾਗਾ, ਕੈਨੇਡਾ) ਅਤੇ ਸਾਬਕਾ ਸੰਸਦ ਮੈਂਬਰ ਅਤਿੰਦਰਪਾਲ ਸਿੰਘ ਦੇ ਵਿਚਾਰ ਛਾਪੇ ਗਏ ਹਨ। ਸ. ਕਰਮਜੀਤ ਸਿੰਘ ਨੇ ਰਿਫਰੈਂਡਮ ਨੂੰ ਹੱਕ ਬਜਾਨਬ ਅਤੇ ਸਿੱਖ ਰੀਝਾਂ ਦਾ ਪ੍ਰਗਟਾਵਾ ਦੱਸਿਆ ਹੈ ਜਦਕਿ ਸ. ਹਜ਼ਾਰਾ ਸਿੰਘ ਅਤੇ ਅਤਿੰਦਰਪਾਲ ਸਿੰਘ ਨੇ 'ਰਿਫਰੈਂਡਮ 2020' ਦੀ ਪੁਣਛਾਣ ਬਹੁਤ ਬੇਕਿਰਕੀ ਨਾਲ ਕੀਤੀ ਹੈ। ਇਸ ਵਾਰ ਅਸੀਂ ਸਰਦਾਰਾ ਸਿੰਘ ਮਾਹਿਲ, ਡਾ. ਬਲਕਾਰ ਸਿੰਘ ਪਟਿਆਲਾ ਅਤੇ ਕਸ਼ਮੀਰ ਸਿੰਘ ਜਵੰਧਾ ਦੇ ਲੇਖ ਛਾਪ ਰਹੇ ਹਾਂ। ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਵਿਚਾਰਾਂ ਨਾਲ 'ਪੰਜਾਬ ਟਾਈਮਜ਼' ਦਾ ਸਹਿਮਤ ਹੋਣਾ ਜਰੂਰੀ ਨਹੀਂ। ਇਹ ਲੇਖ ਲੜੀ ਅਸੀਂ ਆਪਣੀ ਰਵਾਇਤ ਅਨੁਸਾਰ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਪ੍ਰਤੀਕਰਮ ਵਿਚ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬਸ ਇਕੋ ਬੇਨਤੀ ਹੈ ਕਿ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ

ਭਾਰਤ ਸਣੇ ਵਿਦੇਸ਼ੀ ਮੀਡੀਏ ਵਿਚ ਇਕ ਮੁੱਦਾ ਕਾਫੀ ਚਰਚਾ ਦਾ ਵਿਸ਼ਾ ਹੈ ਤੇ ਉਹ ਹੈ, ਰਿਫਰੈਂਡਮ 2020, ਭਾਵ 2020 ਵਿਚ ਕਰਾਈ ਜਾਣ ਵਾਲੀ ਰਾਇਸ਼ੁਮਾਰੀ। ਰਿਫਰੈਂਡਮ ਅੰਗਰੇਜ਼ੀ ਦੇ ਸ਼ਬਦ ਰੈਫਰ (Refer) ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਕਿਸੇ ਕੋਲ ਭੇਜਣਾ। ਰਿਫਰੈਂਡਮ ਦਾ ਅਰਥ ਹੈ, ਕੋਈ ਮੁੱਦਾ ਲੋਕਾਂ ਦੀ ਰਾਇ ਜਾਣਨ ਲਈ ਉਨ੍ਹਾਂ ਕੋਲ ਭੇਜਣਾ। ਸਿੱਧੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਕਿਸੇ ਨਿਸ਼ਚਿਤ ਮੁੱਦੇ 'ਤੇ ਵੋਟਿੰਗ ਰਾਹੀਂ ਲੋਕਾਂ ਦੀ ਰਾਇ ਜਾਣਨ ਨੂੰ ਰਿਫਰੈਂਡਮ ਕਿਹਾ ਜਾਂਦਾ ਹੈ ਅਤੇ ਪੰਜਾਬੀ/ਉਰਦੂ ਵਿਚ ਰਾਇਸ਼ੁਮਾਰੀ ਕਿਹਾ ਜਾਂਦਾ ਹੈ, ਜੋ ਆਪਣੇ ਆਪ ਵਿਚ ਜਮਹੂਰੀ ਅਮਲ ਹੈ, ਇਹ ਲੋਕਾਂ ਨੂੰ ਫੈਸਲਾ ਕਰਨ ਦਾ ਹੱਕ ਦਿੰਦਾ ਹੈ। ਆਮ ਰੂਪ 'ਚ ਅਸੀਂ ਇਸ ਦੇ ਹਮਾਇਤੀ ਹਾਂ, ਪਰ ਇਹ ਨਹੀਂ ਕਿ ਅਸੀਂ ਹਰ ਰਾਇਸ਼ੁਮਾਰੀ ਦੇ ਹੱਕ ਵਿਚ ਹਾਂ। ਅਸੀਂ ਉਸੇ ਹੀ ਦੇ ਹੱਕ ਵਿਚ ਹਾਂ ਜੋ ਸਮਾਜ ਨੂੰ ਅੱਗੇ ਲਿਜਾਣ ਦਾ

ਸਰਦਾਰਾ ਸਿੰਘ ਮਾਹਿਲ

ਵਾਹਨ ਬਣਦੀ ਹੈ। ਜੋ ਅੱਜ ਦੇ ਯੁੱਗ ਵਿਚ ਸਾਮਰਾਜ ਤੇ ਇਸ ਦੇ ਸੰਗੀਆਂ ਅਤੇ ਜਗੀਰਦਾਰੀ ਵਿਰੁਧ ਜਾਂਦੀ ਹੈ ਜਾਂ ਉਨ੍ਹਾਂ ਵਿਰੁਧ ਸੇਧਿਤ ਹੈ, ਉਹ ਹੀ ਸਮਾਜ ਨੂੰ ਅੱਗੇ ਲੈ ਜਾਣ ਦਾ ਵਾਹਨ ਬਣ ਸਕਦੀ ਹੈ ਅਤੇ ਅਸੀਂ ਕੇਵਲ ਉਸੇ ਦੇ ਹਮਾਇਤੀ ਹਾਂ।

ਨੇੜਲੇ ਭੂਤਕਾਲ ਵਿਚ ਬਰਤਾਨੀਆ (ਯੂ. ਕੇ.), ਸਪੇਨ ਅਤੇ ਕੋਸੋਵੋ ਵਿਚ ਰਾਇਸ਼ੁਮਾਰੀ ਹੋਈ ਹੈ। ਯੂ. ਕੇ. ਵਿਚ ਦੋ ਵਾਰੀ ਹੋਈ ਹੈ। ਇਕ ਵਾਰੀ ਯੂ. ਕੇ. ਦੇ ਇਕ ਹਿੱਸੇ ਸਕਾਟਲੈਂਡ ਵਿਚ ਹੋਈ, ਮੁੱਦਾ ਸੀ, ਸਕਾਟਲੈਂਡ ਨੂੰ ਯੂ. ਕੇ. ਵਿਚ ਰਹਿਣਾ ਚਾਹੀਦਾ ਹੈ ਜਾਂ ਨਹੀਂ? ਫੈਸਲਾ ਮਾਮੂਲੀ ਅੰਤਰ ਨਾਲ ਯੂ. ਕੇ. ਵਿਚ ਰਹਿਣ ਦਾ ਆਇਆ। ਦੂਜੀ ਰਾਇਸ਼ੁਮਾਰੀ ਪੂਰੇ ਯੂ. ਕੇ. ਵਿਚ ਹੋਈ। ਮੁੱਦਾ ਸੀ, ਕੀ ਯੂ. ਕੇ. ਨੂੰ ਯੂਰਪੀ ਯੂਨੀਅਨ ਵਿਚ ਰਹਿਣਾ ਚਾਹੀਦਾ ਹੈ ਜਾਂ ਇਸ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ? ਬਹੁਗਿਣਤੀ ਨੇ ਯੂਰਪੀ ਯੂਨੀਅਨ ਵਿਚੋਂ ਬਾਹਰ ਆਉਣ ਦਾ ਫਤਵਾ ਦਿੱਤਾ, ਇਸ ਦੇ ਲਾਗੂ ਹੋਣ ਦੀ ਪ੍ਰਕ੍ਰਿਆ ਜਾਰੀ ਹੈ। ਸਪੇਨ ਵਿਚ ਕੈਟੇਲੋਨੀਆ ਖਿੱਤੇ ਵਿਚ ਰਾਇਸ਼ੁਮਾਰੀ ਹੋਈ ਤਾਂ ਮੁੱਦਾ ਸੀ, ਕੈਟੇਲੋਨੀਆ ਨੂੰ ਸਪੇਨ 'ਚ ਰਹਿਣਾ ਚਾਹੀਦਾ ਹੈ ਜਾਂ ਆਜ਼ਾਦ ਮੁਲਕ ਬਣਨਾ ਚਾਹੀਦਾ ਹੈ। ਰਾਇਸ਼ੁਮਾਰੀ ਕੈਟੇਲੋਨੀਆ ਦੀ ਅਸੈਂਬਲੀ ਨੇ ਕਰਵਾਈ ਸੀ। ਬਹੁਗਿਣਤੀ ਨੇ ਫੈਸਲਾ ਸਪੇਨ ਤੋਂ ਵੱਖ ਹੋ ਕੇ ਵੱਖਰਾ ਦੇਸ਼ ਬਣਾਉਣ ਦਾ ਦਿੱਤਾ ਪਰ ਸਪੇਨ ਦੀ ਪਾਰਲੀਮੈਂਟ ਨੇ ਇਹ ਰੱਦ ਕਰ ਦਿੱਤਾ। ਇਸ ਕਰਕੇ ਇਹ ਅਜੇ ਲਾਗੂ ਨਹੀਂ ਹੋ ਸਕਿਆ।

ਕੋਸੋਵੋ ਦੇ ਖਿੱਤੇ ਵਿਚ ਸੋਵੀਅਤ ਯੂਨੀਅਨ ਦੇ ਟੁੱਟਣ, ਸੋਵੀਅਤ ਕੈਂਪ ਦੇ ਖਿੰਡਣ, ਯੂਗੋਸਲਾਵੀਆ ਦੇ ਟੁੱਟਣ ਨਾਲ ਅਤੇ ਸਰਬੀਆ ਵੱਲੋਂ ਆਪਣੀ ਆਜ਼ਾਦੀ ਐਲਾਨਣ ਪਿਛੋਂ, ਕੋਸੋਵੋ ਦੀ ਆਜ਼ਾਦੀ ਦੇ ਮੁੱਦੇ 'ਤੇ ਰਾਇਸ਼ੁਮਾਰੀ ਹੋਈ ਅਤੇ ਲੋਕਾਂ ਨੇ ਕੋਸੋਵੋ ਦੇ ਇਕ ਆਜ਼ਾਦ ਮੁਲਕ ਬਣਨ ਦਾ ਫੈਸਲਾ ਦਿੱਤਾ। ਰਾਇਸ਼ੁਮਾਰੀ ਜਿਥੇ ਵਿਕਸਿਤ ਪੂੰਜੀਵਾਦੀ/ਸਾਮਰਾਜੀ ਦੇਸ਼ਾਂ ਵਿਚ ਆਮ ਸਿਆਸੀ ਵਰਤਾਰਾ ਹੈ, ਉਥੇ ਭਾਰਤ ਵਰਗੇ ਪਿਛੜੇ ਮੁਲਕਾਂ ਵਿਚ ਅਜਿਹਾ ਨਹੀਂ ਹੈ।

ਕੀ ਹੈ ਰਾਇਸ਼ੁਮਾਰੀ 2020?: ਸੰਨ 1984 ਵਿਚ ਵਿਦੇਸ਼ਾਂ ਵਿਚ ਇਕ ਜਥੇਬੰਦੀ ਸਿੱਖਸ ਫਾਰ ਜਸਟਿਸ ਹੋਂਦ ਵਿਚ ਆਈ, ਜੋ ਆਪਣੇ ਆਪ ਨੂੰ ਜਥੇਬੰਦੀ ਨਹੀਂ ਸਗੋਂ ਮੁਹਿੰਮ ਕਹਿੰਦੀ ਹੈ। ਇਹ ਪੰਜਾਬ ਜਾਂ ਭਾਰਤ ਵਿਚ ਨਹੀਂ ਬਲਕਿ ਵਿਦੇਸ਼ਾਂ ਵਿਚ ਬੈਠੇ ਲੋਕਾਂ ਨੇ ਬਣਾਈ। ਜਥੇਬੰਦੀ ਦਾ ਨਾਂ ਭਾਵੇਂ ਸਿੱਖਸ ਫਾਰ ਜਸਟਿਸ ਹੈ ਪਰ ਇਸ ਦਾ ਮੁੱਖ ਬੁਲਾਰਾ ਤੇ ਵਕੀਲ ਗੁਰਪਤਵੰਤ ਸਿੰਘ ਪੰਨੂ ਅਤੇ ਇਸ ਦਾ ਡਾਇਰੈਕਟਰ ਤਜਿੰਦਰ ਸਿੰਘ ਹਨ, ਦੋਵੇਂ ਦਾੜ੍ਹੀ-ਮੁੱਛਾਂ ਸਫਾਚੱਟ ਅਤੇ ਘੋਨ-ਮੋਨ ਹਨ। ਪੰਨੂ ਪ੍ਰੈਸ ਸਾਹਮਣੇ ਅਤੇ ਚੈਨਲਾਂ 'ਤੇ ਸਿਰ ਉਤੇ ਰੁਮਾਲ ਬੰਨ੍ਹ ਲੈਂਦਾ ਹੈ ਤੇ ਖਤਮ ਹੁੰਦਿਆਂ ਸਾਰ ਸਿਰ 'ਤੇ ਰੁਮਾਲ ਦਾ ਭਾਰ ਵੀ ਨਹੀਂ ਝੱਲਦਾ। ਇਸ ਜਥੇਬੰਦੀ ਦੇ ਸਾਰੇ ਮੋਹਰੀ ਸ਼ੱਕੀ ਸ਼ਖਸੀਅਤਾਂ ਹਨ। ਇਸ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੀ ਇਸ ਬਾਰੇ ਵਿਵਾਦ ਰਿਹਾ ਹੈ ਅਤੇ ਕਿਆਸ-ਅਰਾਈਆਂ ਲਗਦੀਆਂ ਰਹੀਆਂ ਹਨ ਕਿ ਇਹ ਕਿਸ ਏਜੰਸੀ ਦੀ ਪੈਦਾਵਾਰ ਹਨ? ਇਸ ਜਥੇਬੰਦੀ ਨੇ ਐਲਾਨ ਕੀਤਾ ਹੈ ਕਿ ਇਹ 2020 ਵਿਚ ਰਾਇਸ਼ੁਮਾਰੀ ਕਰਵਾਏਗੀ ਕਿ ਸਿੱਖਾਂ ਨੂੰ ਆਜ਼ਾਦੀ ਚਾਹੀਦੀ ਹੈ ਜਾਂ ਨਹੀਂ। ਲੰਡਨ ਵਿਚ ਕੀਤੀ ਕਾਨਫਰੰਸ ਇਸੇ ਦਾ ਇਕ ਹਿੱਸਾ ਹੈ।

ਜਿਥੋਂ ਤੱਕ ਪੰਜਾਬ ਦੀ ਸਿਆਸਤ ਦਾ ਸੁਆਲ ਹੈ, ਖਾਲਿਸਤਾਨ ਦੀ ਹਮਾਇਤ ਅਤੇ ਇਸ ਦੀ ਮੰਗ ਕਰਨ ਵਾਲੀਆਂ ਜਥੇਬੰਦੀਆਂ ਸਿਮਰਨਜੀਤ ਸਿੰਘ ਮਾਨ ਦੇ ਧੜੇ ਅਤੇ ਦਲ ਖਾਲਸਾ ਨੇ ਇਸ ਪ੍ਰਤੀ ਅਨੇਕਾਂ ਪ੍ਰਕਾਰ ਦੇ ਸ਼ੰਕੇ ਪ੍ਰਗਟਾਏ ਹਨ। ਬਾਦਲ ਦਲ ਨੇ ਇਸ ਰਾਇਸ਼ੁਮਾਰੀ ਦਾ ਵਿਰੋਧ ਕੀਤਾ ਹੈ। ਆਮ ਆਦਮੀ ਪਾਰਟੀ ਦੇ ਅਸੈਂਬਲੀ ਗਰੁੱਪ ਦੇ ਤਤਕਾਲੀ ਮੁਖੀ (ਸੁਖਪਾਲ ਸਿੰਘ ਖਹਿਰਾ) ਨੇ ਇਸ ਦੀ ਹਮਾਇਤ ਕੀਤੀ ਪਰ ਪਾਰਟੀ ਦੇ ਅੰਦਰੋਂ ਬਾਹਰੋਂ ਹੋਈ ਆਲੋਚਨਾ ਪਿਛੋਂ ਪਲਟੀ ਮਾਰ ਗਿਆ। ਸਾਬਕਾ ਖਾਲਿਸਤਾਨੀ ਸੰਸਦ ਮੈਂਬਰ ਅਤਿੰਦਰਪਾਲ ਸਿੰਘ ਨੇ ਇਸ ਦਾ ਵਿਰੋਧ ਕਰਦਿਆਂ ਦਾਅਵਾ ਕੀਤਾ ਹੈ ਕਿ ਉਸ ਦੇ ਸੁਆਲਾਂ ਦਾ ਪੰਨੂ ਜਾਂ ਹੋਰ ਕਿਸੇ ਨੇ ਜੁਆਬ ਨਹੀਂ ਦਿੱਤਾ। ਪੰਜਾਬ 'ਚ ਸਿਰਫ ਇਕ ਬੰਦੇ, ਬਿਨਾ ਸਿਆਸੀ ਪਾਰਟੀ ਤੋਂ ਸਿਆਸਤਦਾਨ, ਕਰਨੈਲ ਸਿੰਘ ਪੀਰ ਮੁਹੰਮਦ ਨੇ ਇਸ ਦੀ ਹਮਾਇਤ ਕੀਤੀ। ਇਸ ਬਾਰੇ ਬੈਂਸ ਭਰਾਵਾਂ ਦੀ ਪਾਰਟੀ ਦੇ ਮੁਖੀ ਨੇ ਦੋਗਲਾ ਰੁਖ ਲਿਆ। ਸੁਆਲ ਹੈ, ਜਦੋਂ ਪੰਜਾਬ 'ਚ ਸਿੱਖਸ ਫਾਰ ਜਸਟਿਸ ਦੀ ਜਥੇਬੰਦੀ ਨਹੀਂ, ਉਸ ਨੂੰ ਪੰਜਾਬ 'ਚ ਕੋਈ ਹਮਾਇਤ ਹਾਸਲ ਨਹੀਂ ਤਾਂ ਪੰਨੂ ਐਂਡ ਕੰਪਨੀ ਇਹ ਸਭ ਕਾਹਦੇ ਲਈ ਕਰ ਰਹੇ ਹਨ?

ਪੰਨੂ ਕਹਿੰਦਾ ਹੈ ਕਿ ਰਾਇਸ਼ੁਮਾਰੀ ਪਿਛੋਂ ਜਥੇਬੰਦੀ ਇਹ ਕੇਸ ਸੰਯੁਕਤ ਰਾਸ਼ਟਰ ਵਿਚ ਲਿਜਾਏਗੀ। ਸੰਯੁਕਤ ਰਾਸ਼ਟਰ ਵੱਖ-ਵੱਖ ਦੇਸ਼ਾਂ ਦੀ ਨੁਮਾਇੰਦਾ ਜਥੇਬੰਦੀ ਹੈ, ਜਿਸ ਦੇ ਨੁਮਾਇੰਦੇ ਦੇਸ਼ਾਂ ਦੀਆਂ ਸਰਕਾਰਾਂ ਨਿਯੁਕਤ ਕਰਦੀਆਂ ਹਨ। ਪੰਨੂ ਇਹ ਨਹੀਂ ਦੱਸਦਾ ਕਿ ਕਿਸ ਦੇਸ਼ ਦੀ ਸਰਕਾਰ ਨੇ ਸੰਯੁਕਤ ਰਾਸ਼ਟਰ 'ਚ ਹਮਾਇਤ ਦਾ ਭਰੋਸਾ ਦਿੱਤਾ ਹੈ। ਕਿਸ ਦੇਸ਼ ਦੀ ਸਰਕਾਰ ਹੈ ਜੋ ਭਾਰਤ ਸਰਕਾਰ ਦਾ ਵਿਰੋਧ ਸਹੇੜ ਕੇ ਅਜਿਹੀ ਸ਼ੱਕੀ ਹਸਤੀ ਵਾਲੇ ਲੋਕਾਂ ਦੀ ਹਮਾਇਤ 'ਚ ਖੜ੍ਹੇਗੀ?

ਸਿਰਫ ਸ਼ੋਸ਼ਾ ਹੈ ਰਾਇਸ਼ੁਮਾਰੀ 2020: ਅੱਜ ਤੱਕ ਇਤਿਹਾਸ ਵਿਚ ਜਦੋਂ ਵੀ ਅਤੇ ਜਿਥੇ ਵੀ ਰਾਇਸ਼ੁਮਾਰੀ ਹੋਈ ਹੈ, ਉਥੇ ਇਸ ਦੀ ਮੰਗ ਉਸ ਖਿੱਤੇ ਵਿਚ ਵਸਦੇ ਲੋਕਾਂ ਵੱਲੋਂ ਹੋਈ ਹੈ, ਜਿਥੇ ਇਹ ਰਾਇਸ਼ੁਮਾਰੀ ਹੋਣੀ ਹੁੰਦੀ ਹੈ। ਅੱਜ ਤੱਕ ਨਾ ਸਬੰਧਿਤ ਖਿੱਤੇ ਤੋਂ ਬਾਹਰੋਂ ਉਠੀ ਮੰਗ 'ਤੇ ਅਤੇ ਨਾ ਹੀ ਬਾਹਰਲਿਆਂ ਦੀ ਮੰਗ 'ਤੇ ਰਾਇਸ਼ੁਮਾਰੀ ਹੋਈ ਹੈ। ਇਥੇ ਮਸਲਾ ਪੰਜਾਬ ਵਿਚ ਰਾਇਸ਼ੁਮਾਰੀ ਕਰਾਉਣ ਦਾ ਹੈ ਪਰ ਪੰਜਾਬ ਵਿਚ ਤਾਂ ਇਹ ਮੰਗ ਨਾ ਪਹਿਲਾਂ ਉਠੀ ਸੀ ਤੇ ਨਾ ਹੀ ਹੁਣ ਕੋਈ ਅਜਿਹੀ ਮੰਗ ਹੈ। ਇਹ ਤਾਂ ਇੰਗਲੈਂਡ-ਕੈਨੇਡਾ-ਅਮਰੀਕਾ ਵਿਚ ਕੁਝ ਲੋਕ ਹਨ ਜੋ ਇਹ ਮਸਲਾ ਉਠਾ ਰਹੇ ਹਨ। ਜੇ ਇਉਂ ਰਾਇਸ਼ੁਮਾਰੀ ਹੋਣ ਲੱਗੇ ਤਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਬੈਠੇ ਕੁਝ ਬੰਦੇ, ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਇਸ ਦੀ ਮੰਗ ਕਰ ਸਕਦੇ ਹਨ। ਇਹ ਮਜ਼ਾਕ ਤੋਂ ਵੱਧ ਕੁਝ ਨਹੀਂ।

ਦੂਜਾ ਸੁਆਲ ਹੈ, ਰਾਇਸ਼ੁਮਾਰੀ ਕਰਵਾਏਗਾ ਕੌਣ? ਰਾਇਸ਼ੁਮਾਰੀ ਵਿਚ ਸਭ ਬੰਦੇ, ਜਿਨ੍ਹਾਂ ਨੂੰ ਵੋਟ ਦਾ ਹੱਕ ਹੈ, ਆਮ ਚੋਣਾਂ ਵਾਂਗ ਹੀ ਨਿਸ਼ਚਿਤ ਮੁੱਦੇ 'ਤੇ ਵੋਟ ਪਾਉਂਦੇ ਹਨ। ਭਾਰਤ ਵਿਚ ਚੋਣ ਕਮਿਸ਼ਨ ਚੋਣਾਂ ਕਰਵਾਉਂਦਾ ਹੈ ਜੋ ਸਰਕਾਰ ਦੀ ਸਿਫਾਰਿਸ਼ 'ਤੇ ਹੁੰਦੀਆਂ ਹਨ ਪਰ ਇਥੇ ਭਾਰਤ ਸਰਕਾਰ ਨੇ ਤਾਂ ਪੰਜਾਬ ਵਿਚ ਰਾਇਸ਼ੁਮਾਰੀ ਦਾ ਫੈਸਲਾ ਨਹੀਂ ਕੀਤਾ, ਸਗੋਂ ਉਹ ਤਾਂ ਇਸ ਦੀ ਕੱਟੜ ਵਿਰੋਧੀ ਹੈ। ਪੰਜਾਬ ਅਸੈਂਬਲੀ ਵੀ ਇਸ ਦੇ ਹੱਕ ਵਿਚ ਨਹੀਂ। ਪੰਜਾਬ ਸਰਕਾਰ ਵੀ ਨਹੀਂ ਕਰਵਾਏਗੀ। ਨਾ ਹੀ ਸੰਯੁਕਤ ਰਾਸ਼ਟਰ ਸੰਗਠਨ ਨੇ ਅਜਿਹਾ ਕੋਈ ਫੈਸਲਾ ਕੀਤਾ ਹੈ। ਉਂਜ ਵੀ ਸੰਯੁਕਤ ਰਾਸ਼ਟਰ ਸਬੰਧਿਤ ਸਰਕਾਰ ਰਾਹੀਂ ਅਤੇ ਉਸ ਸਰਕਾਰ ਦੀ ਮਰਜ਼ੀ ਨਾਲ ਹੀ ਰਾਇਸ਼ੁਮਾਰੀ ਕਰਾ ਸਕਦਾ ਹੈ। ਇਸ ਨੂੰ ਸਿੱਧੇ ਰਾਇਸ਼ੁਮਾਰੀ ਕਰਾਉਣ ਦਾ ਨਾ ਹੱਕ ਹੈ ਤੇ ਨਾ ਹੀ ਇਸ ਕੋਲ ਸਾਧਨ ਹਨ। ਸਿੱਖਸ ਫਾਰ ਜਸਟਿਸ ਜਿਸ ਦਾ ਇਹ ਮੁੱਦਾ ਹੈ, ਦੀ ਪੰਜਾਬ 'ਚ ਕੋਈ ਹੋਂਦ ਨਹੀਂ। ਫਿਰ ਇਹ ਰਾਇਸ਼ੁਮਾਰੀ ਕਰਾਏਗਾ ਕੌਣ?

ਤੀਜਾ ਪ੍ਰਸ਼ਨ ਹੈ, ਮੰਨ ਲਵੋ, ਇਹ ਰਾਇਸ਼ੁਮਾਰੀ ਹੁੰਦੀ ਹੈ ਤਾਂ ਇਸ ਵਿਚ ਵੋਟ ਕੌਣ

ਪਾਏਗਾ? ਕੀ ਇਸ ਵਿਚ ਪੰਜਾਬ ਦੇ ਸਿੱਖ ਹੀ ਵੋਟ ਪਾਉਣਗੇ? ਜਾਂ ਸਾਰੇ ਵੋਟਰ? ਪੰਜਾਬ ਤੋਂ ਬਾਹਰ ਭਾਰਤ ਵਿਚ ਵਸਦੇ ਸਿੱਖ ਵੋਟ ਪਾਉਣਗੇ ਜਾਂ ਨਹੀਂ? ਜੇ ਭਾਰਤੀ ਵੋਟਰ ਹੋਣ ਕਰਕੇ ਉਨ੍ਹਾਂ ਨੂੰ ਇਹ ਹੱਕ ਦੇ ਵੀ ਦਿੱਤਾ ਜਾਂਦਾ ਤਾਂ ਕੀ ਉਹ ਪਰਿਵਾਰਾਂ ਸਮੇਤ ਪੰਜਾਬ ਵਿਚ ਵੋਟਾਂ ਪਾਉਣ ਆਉਣਗੇ? ਜਿਹੜੇ ਪੰਜਾਬੀ ਭਾਰਤ ਵਿਚ ਵੋਟਰ ਨਹੀਂ, ਉਹ ਯੂਰਪੀ, ਉਤਰੀ ਅਮਰੀਕੀ ਮੁਲਕਾਂ ਅਤੇ ਹੋਰ ਮੁਲਕਾਂ ਵਿਚ ਵੋਟਰ ਹਨ, ਉਹ ਪੰਜਾਬ ਵਿਚ ਕਿਵੇਂ ਵੋਟ ਪਾ ਸਕਣਗੇ? ਇਨ੍ਹਾਂ ਸੁਆਲਾਂ ਦਾ ਇਨ੍ਹਾਂ ਲੋਕਾਂ ਕੋਲ ਕੋਈ ਸਪਸ਼ਟ ਉਤਰ ਨਹੀਂ। ਉਹ ਭਾਵੇਂ ਕਹਿੰਦੇ ਹਨ ਕਿ ਉਹ ਟਰਾਂਸ-ਨੈਸ਼ਨਲ ਹਨ ਪਰ ਰਾਇਸ਼ੁਮਾਰੀ ਤਾਂ ਕਿਸੇ ਵੋਟਰ ਲਿਸਟ ਦੇ ਆਧਾਰ 'ਤੇ ਹੀ ਹੁੰਦੀ ਹੈ ਤੇ ਉਸ ਵਿਚ ਕੋਈ ਟਰਾਂਸ-ਨੈਸ਼ਨਲ ਵੋਟਰ ਨਹੀਂ ਹੁੰਦੇ।

ਚੌਥੇ, ਕੀ ਇਹ ਰਾਇਸ਼ੁਮਾਰੀ ਪੰਜਾਬ ਦੀ ਆਜ਼ਾਦੀ, ਭਾਵ ਭਾਰਤ ਤੋਂ ਵੱਖ ਹੋ ਕੇ ਆਜ਼ਾਦ ਮੁਲਕ ਬਣਾਉਣ ਬਾਰੇ ਹੋਵੇਗੀ ਜਾਂ ਖਾਲਿਸਤਾਨ ਬਣਾਉਣ ਬਾਰੇ? ਪੰਨੂ ਕਹਿੰਦਾ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਜਿਸ ਦਿਨ ਦਰਬਾਰ ਸਾਹਿਬ ਵਿਚ ਫੌਜ ਆਈ, ਉਸੇ ਦਿਨ ਆਜ਼ਾਦ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ, ਇਹ ਰਾਇਸ਼ੁਮਾਰੀ ਇਸੇ 'ਤੇ ਹੋਵੇਗੀ। ਉਹ ਵੱਖਰਾ ਮੁਲਕ ਬਣਾਉਣ ਲਈ ਪੰਜਾਬ ਦੀ ਗੱਲ ਕਰਦਾ ਹੈ ਪਰ ਪੰਜਾਬ ਵਿਚ ਤਾਂ 49 ਫੀਸਦੀ ਗੈਰ-ਸਿੱਖ ਹਨ। ਬਾਕੀਆਂ ਵਿਚੋਂ ਵੀ ਬਹੁਤੇ ਸਹਿਜਧਾਰੀ ਹਨ।

ਕੁੱਲ ਮਿਲਾ ਕੇ ਰਾਇਸ਼ੁਮਾਰੀ ਦੇ ਕਿਸੇ ਵੀ ਪਹਿਲੂ ਬਾਰੇ ਇਨ੍ਹਾਂ ਕੋਲ ਕੋਈ ਸਮਝਦਾਰੀ ਨਹੀਂ। ਸੋ ਰਾਇਸ਼ੁਮਾਰੀ 2020 ਸ਼ੋਸ਼ੇ ਤੋਂ ਵੱਧ ਕੁਝ ਨਹੀਂ।

ਕੀ ਹੈ ਇਸ ਸ਼ੋਸ਼ੇ ਦਾ ਮਕਸਦ?: 1980ਵਿਆਂ ਦੇ ਸ਼ੁਰੂ ਵਿਚ ਪੰਜਾਬ 'ਚ ਦਹਿਸ਼ਤਵਾਦ ਦੀ ਸ਼ੁਰੂਆਤ ਹੋਈ ਜਿਸ ਨੇ ਇਕ ਦਹਾਕੇ ਤੋਂ ਵੀ ਵੱਧ ਪੰਜਾਬ ਨੂੰ ਸਰਕਾਰੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਦੇ ਕਾਲੇ ਬੋਲੇ ਹਨੇਰੇ ਵਿਚ ਡੁਬੋਈ ਰੱਖਿਆ। ਹਜ਼ਾਰਾਂ ਬੇਗੁਨਾਹ ਸਿੱਖਾਂ ਅਤੇ ਹਿੰਦੂਆਂ ਦੀਆਂ ਜਾਨਾਂ ਗਈਆਂ। ਸੈਂਕੜਿਆਂ ਦੇ ਘਰ ਉਜੜ ਗਏ। ਸੁਰੱਖਿਆ ਬਲਾਂ ਨੇ ਸੈਂਕੜੇ ਦੋਸ਼ੇ-ਬੇਦੋਸ਼ੇ ਸਿੱਖ ਨੌਜੁਆਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਇਆ। ਉਧਰ ਖਾਲਿਸਤਾਨੀਆਂ ਨੇ ਬਾਜ਼ਾਰਾਂ ਵਿਚ ਗੋਲੀਆਂ ਦੇ ਛੱਟੇ ਦੇ ਕੇ, ਬੱਸਾਂ-ਗੱਡੀਆਂ, ਬੱਸ ਅੱਡਿਆਂ, ਸਟੇਸ਼ਨਾਂ 'ਤੇ ਬੰਬ ਧਮਾਕੇ ਕਰਕੇ ਅਤੇ ਬੱਸਾਂ 'ਚੋਂ ਇਕੋ ਫਿਰਕੇ ਦੇ ਲੋਕਾਂ ਨੂੰ ਕਤਾਰ ਵਿਚ ਖੜ੍ਹਾ ਕੇ ਮਾਰ ਮੁਕਾਇਆ। ਇਸ ਤੋਂ ਬ

ਰਿਫਰੈਂਡਮ 2020 ਜਾਂ ...

ਵਿਚਾਰ ਚਰਚਾ

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਛਪੇ ਕਰਮਜੀਤ ਸਿੰਘ ਦੇ ਲੇਖ 'ਰਿਫਰੈਂਡਮ-2020: ਸਿਆਸੀ ਰੀਝ ਪੂਰੀ ਕਰਨ ਵੱਲ ਇਤਿਹਾਸਕ ਕਦਮ' ਨੂੰ ਪੜ੍ਹਦਿਆਂ ਮੈਨੂੰ ਹੈਰਾਨੀ ਇਸ ਕਰਕੇ ਹੁੰਦੀ ਹੈ ਕਿ ਜਿਸ ਕਰਮਜੀਤ ਨੂੰ ਮੈਂ ਜਾਣਦਾ ਹਾਂ, ਉਹ ਲਿਖਤ ਵਿਚੋਂ ਅਕਸਰ ਗੁੰਮ ਰਹਿੰਦਾ ਹੈ ਅਤੇ ਪ੍ਰੇਸ਼ਾਨੀ ਇਸ ਕਰਕੇ ਕਿ ਜਿਹੋ ਜਿਹੇ ਸੁਪਨਿਆਂ ਨੂੰ ਅੰਨ੍ਹਾ ਜੱਫਾ ਉਹ ਮਾਰੇ ਬੈਠਾ ਹੈ, ਉਸ ਦਾ ਕੀ ਬਣੇਗਾ? ਸਿੱਖ ਸੁਰ ਵਿਚ ਧਾਰਨਾਵਾਂ ਵਿਚ ਪੱਕੇ ਹੋਣ ਨੂੰ ਮੁਹੱਬਤ ਕੀਤੀ ਜਾ ਸਕਦੀ ਹੈ, ਕੱਟੜ ਹੋਣ ਨੂੰ ਨਹੀਂ। ਜਿਹੋ ਜਿਹੇ ਖੁਲ੍ਹੇ ਦਿਲ ਦੀ ਕਰਮਜੀਤ ਸਾਰਿਆਂ ਕੋਲੋਂ ਉਮੀਦ ਕਰਦਾ ਹੈ, ਉਸ ਦੀ ਉਹ ਆਪ ਵਰਤੋਂ ਨਹੀਂ ਕਰਦਾ। ਜਿਸ ਨੂੰ ਉਹ 'ਸਿਆਸੀ ਰੀਝ ਪੂਰੀ ਕਰਨ ਦਾ ਅਨੋਖਾ ਇਕਰਾਰਨਾਮਾ ਅਤੇ ਇਤਿਹਾਸਕ

ਬਲਕਾਰ ਸਿੰਘ (ਪ੍ਰੋਫੈਸਰ)

ਦਸਤਾਵੇਜ਼' ਕਹਿ ਰਿਹਾ ਹੈ, ਉਸੇ ਨੂੰ ਅਤਿੰਦਰਪਾਲ ਸਿੰਘ "ਵਹਿਮ, ਯਬਲੀ, ਹੱਟੀ ਲਈ ਬ੍ਰਾਂਡ ਅਤੇ ਜਜ਼ਬਾਤੀ ਕਲਾਬਾਜ਼ੀ" (ਪੰਜਾਬ ਟਾਈਮਜ਼ ਦੇ 11 ਅਗਸਤ 2018 ਦੇ ਅੰਕ ਵਿਚ) ਕਹਿ ਰਿਹਾ ਹੈ।

ਮੈਂ ਇਨ੍ਹਾਂ ਦੋਹਾਂ ਦੀ ਖਾਲਿਸਤਾਨ ਪ੍ਰਤੀ ਵਚਨਬੱਧਤਾ ਅਤੇ ਕੁਰਬਾਨੀ ਤੋਂ ਵਾਕਫ ਹਾਂ। ਕਰਮਜੀਤ ਦੀ ਲਿਖਤ ਵਿਚ ਸਿਆਸੀ ਰੀਝ ਭਾਰੂ ਹੈ ਅਤੇ ਅਤਿੰਦਰਪਾਲ ਸਿੰਘ ਦੀ ਲਿਖਤ ਵਿਚ ਜੁਝਾਰੂ ਦਰਦ ਭਾਰੂ ਹੈ। ਜੁਝਾਰੂ ਦਰਦ ਇਸ ਲਈ ਕਹਿ ਰਿਹਾ ਹਾਂ ਕਿ ਇਸ ਸਾਰੀ ਮੁਹਿੰਮਬਾਜ਼ੀ ਨੂੰ ਉਹ ਸੁੱਚੇ ਖਾਲਿਸਤਾਨੀਆਂ ਦੀ ਭੂਰੀ 'ਤੇ ਹੋ ਰਿਹਾ ਇਕੱਠ ਮੰਨਦਾ ਹੈ। ਉਹ ਇਸ ਨੂੰ 'ਪੰਥ ਮਰੇ ਧੜਾ ਜੀਵੇ' ਵੀ ਕਹਿ ਰਿਹਾ ਹੈ ਅਤੇ ਸੁੱਚਿਆਂ ਦੇ ਨਸਲਘਾਤ ਦੀ ਸਿਆਸਤ ਵੀ ਕਹਿ ਰਿਹਾ ਹੈ। ਜੁਝਾਰੂ ਲਹਿਰ ਦੇ ਮੁੱਦਈਆਂ ਵਿਚੋਂ ਹੋਣ ਦੀ ਹੈਸੀਅਤ ਵਿਚ ਜਿਹੜੇ ਸੁਆਲ ਉਸ ਨੇ ਪੈਦਾ ਕੀਤੇ ਹਨ, ਉਨ੍ਹਾਂ ਦੇ ਜਵਾਬ ਦੇਣ ਦਾ ਸਾਊ ਤਰੀਕਾ ਲੱਭ ਲੈਣਾ ਚਾਹੀਦਾ ਹੈ। ਅਜਿਹਾ ਨਹੀਂ ਕਰਾਂਗੇ ਤਾਂ ਇਹ ਚੇਤੇ ਰੱਖ ਲੈਣਾ ਚਾਹੀਦਾ ਹੈ ਕਿ ਸੰਘਰਸ਼ ਅਤੇ ਜੰਗ ਵਿਚ ਫਰਕ ਸਮਝਣ ਤੋਂ ਇਨਕਾਰੀ ਹੋ ਰਹੇ ਹੋਵਾਂਗੇ। ਇਸ ਹਾਲਤ ਵਿਚ ਸੋਹਣ ਸਿੰਘ ਸੀਤਲ ਦਾ ਇਹ ਬੰਦ ਕਿਸੇ ਨਾ ਕਿਸੇ ਰੂਪ ਵਿਚ ਸਾਡੇ 'ਤੇ ਚਿਪਕ ਸਕਦਾ ਹੈ:

ਤੁਰੀਆਂ ਸੰਗ ਕਲਜੋਗਣਾਂ ਲੈ ਖੱਪਰ ਖਾਲੀ।
ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ।

ਕਰਮਜੀਤ, ਜੇ ਇਸ ਨੂੰ 'ਸ਼ਰੀਕ ਨਜ਼ਰੀਆ' ਕਹਿ ਕੇ ਆਪਣੀ ਧਾਰਨਾ ਨੂੰ 'ਪੰਥਕ ਨਜ਼ਰੀਆ' ਕਹਿਣ ਦੀ ਰਣਨੀਤੀ ਕਰੇਗਾ ਤਾਂ ਉਸ ਨੂੰ ਸਮਰਥਨ ਵਾਸਤੇ 'ਮੁਸਲਮਾਨਾਂ ਦੀ ਜਮਹੂਰੀਅਤ ਤੇ ਜਹਾਦ ਦਾ ਵਾਰਸ' ਹੋਣ ਦਾ ਆਸਰਾ ਲੈਣਾ ਹੀ ਪਵੇਗਾ। ਟਾਇਨ ਬੀ ਦੇ ਹਵਾਲੇ ਨਾਲ ਜਿਸ 'ਵਿਸ਼ੇਸ਼ ਗੱਲ' ਦਾ ਆਸਰਾ ਕਰਮਜੀਤ ਲੈ ਰਿਹਾ ਹੈ, ਇਸ ਦਾ ਉਸ ਸਿਆਸਤ ਨਾਲ ਕੋਈ ਵਾਸਤਾ ਨਹੀਂ ਹੈ, ਜਿਸ ਦੀ ਪੈਰਵਾਈ ਕਰਮਜੀਤ ਕਰ ਰਿਹਾ ਹੈ। ਧਿਆਨ ਵਿਚ ਰਹੇ ਕਿ 'ਕੁਲ ਰੂਹਾਨੀਅਤ ਨੂੰ ਆਪਣੇ ਅੰਦਰ ਸਮੋਣ' ਦੀ ਗੱਲ ਬਾਣੀ ਦੇ ਹਵਾਲੇ ਨਾਲ ਤਾਂ ਹੋ ਸਕਦੀ ਹੈ, ਸਿੱਖ ਸਿਆਸਤ ਦੇ ਹਵਾਲੇ ਨਾਲ ਨਹੀਂ। ਕੌਣ ਦੱਸੇ ਕਿ ਜਿਵੇਂ ਪੰਜਾਬ ਕੇਂਦਰਤ ਸਿਆਸਤ ਨਾਲ ਪਰਵਾਸੀ ਸਿੱਖਾਂ ਨੂੰ ਨਹੀਂ ਵੰਡਣਾ ਚਾਹੀਦਾ, ਓਵੇਂ ਹੀ ਪਰਵਾਸ ਕੇਂਦਰਤ ਸਿਆਸਤ ਨਾਲ ਭਾਰਤ ਵਿਚ ਰਹਿੰਦ ਸਿੱਖਾਂ ਨੂੰ ਬਲਦੀ ਦੇ ਬੁੱਥੇ ਨਹੀਂ ਧੱਕਣਾ ਚਾਹੀਦਾ। ਕੌਣ ਦੱਸੇ ਕਿ 'ਅੰਮ੍ਰਿਤਸਰ ਐਲਾਨਨਾਮਾ' ਖਾਲਿਸਤਾਨੀ ਸਿਆਸਤ ਦੀ ਭੇਟ ਚੜ੍ਹਿਆ ਸੀ (ਲੋੜ ਪਈ ਤਾਂ ਇਸ ਦਾ ਵਿਸਥਾਰ ਵੀ ਦਿੱਤਾ ਜਾ ਸਕਦਾ ਹੈ)।

ਜਿਸ ਨੂੰ ਕਰਮਜੀਤ 'ਸੱਤ ਸਮੁੰਦਰੋਂ ਪਾਰ ਆਜ਼ਾਦੀ ਲਈ ਲੜਿਆ ਜਾ ਰਿਹਾ ਸੰਘਰਸ਼' ਅਤੇ 'ਇਤਿਹਾਸਕ ਡਿਪਲੋਮੈਟ ਵਿਹੜਾ' ਕਹਿ ਰਿਹਾ ਹੈ, ਉਸੇ ਨੂੰ ਹਜ਼ਾਰਾ ਸਿੰਘ 'ਨਾਹਰੇਬਾਜ਼ੀ' ਕਹਿ ਰਿਹਾ ਹੈ ਅਤੇ ਅਤਿੰਦਰਪਾਲ ਸਿੰਘ 'ਪ੍ਰਾਈਵੇਟ ਰਿਫਰੈਂਡਮ' ਕਹਿ ਰਿਹਾ ਹੈ। ਸ. ਤ੍ਰਿਲੋਚਨ ਸਿੰਘ ਨੇ ਕਿਹਾ ਹੈ ਕਿ ਭਾਰਤ ਦੇ ਸਿੱਖਾਂ ਬਾਰੇ ਫੈਸਲਾ ਭਾਰਤ ਦੇ ਸਿੱਖਾਂ ਨਾਲ ਸਲਾਹ ਕਰਕੇ ਹੀ ਲੈਣਾ ਚਾਹੀਦਾ ਹੈ। ਕਰਮਜੀਤ ਨੂੰ ਕੌਣ ਪੁੱਛੇ ਕਿ 'ਦੇਸ਼ ਪੰਜਾਬ ਵਿਚ ਰਹਿੰਦੇ ਪੰਜਾਬੀਆਂ' ਦੀ ਆਜ਼ਾਦੀ ਵਾਲੀ ਗੱਲ ਦਾ ਰਿਫਰੈਂਡਮ 2020 ਨਾਲ ਕਿਵੇਂ ਮੇਚ ਬੈਠੇਗਾ? ਇਸ ਹਾਲਤ ਵਿਚ ਪੰਜਾਬ ਦੀ ਆਜ਼ਾਦੀ ਕਿਸ ਤੋਂ? ਸਿਆਸਤ ਤੋਂ, ਸਿਆਸੀ ਧੜਿਆਂ ਤੋਂ ਜਾਂ ਦੇਸ਼ ਦੀ ਵਿਧਾਨਕਤਾ ਤੋਂ?

ਇਹ ਕਿਉਂ ਭੁੱਲਦੇ ਹਾਂ ਕਿ ਇੰਗਲੈਂਡ ਦੇ ਵਿਧਾਨ ਵਿਚ ਜਿਸ ਗੱਲ ਦੀ ਆਗਿਆ ਹੈ, ਉਸੇ ਦੀ ਆਗਿਆ ਭਾਰਤ ਦੇ ਵਿਧਾਨ ਵਿਚ ਨਹੀਂ ਹੈ। ਕਸ਼ਮੀਰ ਵਿਚ ਭਾਰਤ ਦਾ ਵਿਧਾਨ ਲਾਗੂ ਨਹੀਂ ਹੈ, ਫਿਰ ਵੀ ਕਸ਼ਮੀਰੀਆਂ ਨੂੰ ਰਿਫਰੈਂਡਮ ਦਾ ਹੱਕ ਨਹੀਂ ਮਿਲਿਆ। ਕਸ਼ਮੀਰੀਆਂ ਦੀ ਪਿੱਠ 'ਤੇ ਦੁਨੀਆਂ ਭਰ ਦੇ ਮੁਸਲਮਾਨ ਆ ਸਕਦੇ ਹਨ, ਪਰ ਸਿੱਖਾਂ ਦੀ ਪਿੱਠ 'ਤੇ ਕੌਣ ਆਏਗਾ? ਪੰਥਕ ਸਿਆਸਤ ਵੀ ਕਰਨੀ ਹੈ ਤਾਂ ਨਿਸ਼ਾਨਿਆਂ ਦੀ ਪ੍ਰਾਪਤੀ ਵਾਸਤੇ ਦਿੱਤੀ ਜਾਣ ਵਾਲੀ ਕੀਮਤ ਦਾ ਲੇਖਾ ਜੋਖਾ ਤਾਂ ਕਰਨਾ ਹੀ ਚਾਹੀਦਾ ਹੈ।

ਜਿਵੇਂ ਦੀਆਂ ਗੱਲਾਂ ਕਰਮਜੀਤ ਸਿੰਘ ਨੇ ਆਪਣੇ ਲੇਖ ਵਿਚ ਕੀਤੀਆਂ ਹਨ, ਉਹੋ ਜਿਹੀਆਂ ਗੱਲਾਂ ਆਈ.ਐਸ.ਆਈ. ਵਾਲੇ ਸਾਰੀ ਦੁਨੀਆਂ ਵਿਚ ਕਰ ਰਹੇ ਹਨ ਅਤੇ ਆਰ.ਐਸ.ਐਸ. ਵਾਲੇ ਭਾਰਤ ਵਿਚ ਕਰ ਰਹੇ ਹਨ। ਦੋਹਾਂ ਦੇ ਨਤੀਜਿਆਂ ਨੂੰ ਧਿਆਨ ਵਿਚ ਰੱਖ ਕੇ ਕਰਮਜੀਤ ਰਿਫਰੈਂਡਮ 2020 ਦੀ ਗੱਲ ਕਰਦੇ ਤਾਂ ਸ਼ਾਇਦ ਉਹ ਰੀਝ ਦੇ ਵਹਿਣ ਵਿਚ ਵਹਿਣ ਤੋਂ ਬਚ ਜਾਂਦੇ। ਇਸ ਵੇਲੇ ਦੀ ਲੋੜ ਸਿੱਖਾਂ ਦੇ ਵਿਰਾਸਤੀ ਫਖਰ ਜਾਂ ਪੰਥਕ ਭਵਿਖ ਦੀ ਸਿਆਸਤ ਨਾਲੋਂ ਵੱਧ ਸਿੱਖਾਂ ਦੇ ਵਰਤਮਾਨ ਨੂੰ ਉਸਾਰਨ ਦਾ ਏਜੰਡਾ ਤਿਆਰ ਕਰਨ ਦੀ ਹੈ। ਇਹੋ ਜਿਹੀ ਸਥਿਤੀ ਵਿਚ ਸਿੱਖਾਂ ਦੇ ਸਿਆਸੀ ਪੰਡਿਤ ਜਾਂ ਸਿਆਸੀ ਵਪਾਰੀ ਜਿਹੋ ਜਿਹੇ ਭਰਮ ਪਾਲ ਰਹੇ ਹਨ, ਉਨ੍ਹਾਂ ਵਿਚ ਰਿਫਰੈਂਡਮ 2020 ਨਾ ਪਹਿਲਾ ਹੈ ਤੇ ਨਾ ਆਖਰੀ ਹੈ।

ਇਸ ਬਾਰੇ ਪੰਜਾਬ ਟਾਈਮਜ਼ ਦੇ 11 ਅਗਸਤ ਦੇ ਅੰਕ ਵਿਚ ਹਜ਼ਾਰਾ ਸਿੰਘ ਅਤੇ ਅਤਿੰਦਰਪਾਲ ਸਿੰਘ ਨੇ ਸਵਾਲ ਪੈਦਾ ਕਰ ਦਿੱਤੇ ਹਨ, ਉਨ੍ਹਾਂ ਬਾਰੇ ਚਰਚਾ ਹੋਣੀ ਚਾਹੀਦੀ ਹੈ। ਮੈਂ ਤਾਂ ਸਿੱਖ ਦੀ ਹੈਸੀਅਤ ਵਿਚ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਪੰਜਾਬ ਵਿਚ ਰਿਫਰੈਂਡਮ 2020 ਕਰਵਾਏ ਜਾਣ ਦੀ ਸਿਆਸਤ ਕੀਤੀ ਜਾ ਰਹੀ ਹੈ, ਉਸ ਪੰਜਾਬ ਵਿਚ ਇਕ ਰੂਟਲੈਸ ਪੰਜਾਬ ਪੈਦਾ ਹੋ ਰਿਹਾ ਹੈ। ਇਸ ਨਾਲ ਚੜ੍ਹਦੀ ਕਲਾ ਦੀ ਥਾਂ ਖੁਦਕੁਸ਼ੀਆਂ ਲੈ ਰਹੀਆਂ ਹਨ। ਨਸ਼ਿਆਂ ਦੀ ਮੰਡੀ ਵਿਚ ਵੀ ਸਿਆਸਤਦਾਨਾਂ ਨੂੰ ਪੰਜਾਬ ਖੁਸ਼ਹਾਲ ਸੂਬਾ ਲੱਗਦਾ ਹੈ ਕਿਉਂਕਿ ਇਥੇ ਭੁੱਖ ਨਾਲ ਕਦੇ ਕੋਈ ਨਹੀਂ ਮਰਿਆ। ਇਸ ਪੰਜਾਬ ਨੂੰ ਏਸੇ ਹਾਲਤ ਵਿਚ ਰਿਫਰੈਂਡਮ ਵਾਸਤੇ ਵਰਤਾਂਗੇ ਤਾਂ ਨਤੀਜੇ ਕਿਹੋ ਜਿਹੇ ਨਿਕਲਣਗੇ, ਇਸ ਬਾਰੇ ਜੇ ਭਾਰਤ ਸਰਕਾਰ ਨਹੀਂ ਸੋਚਦੀ ਤਾਂ ਪਰਵਾਸੀ ਸਿੱਖ-ਸਿਆਸਤਦਾਨਾਂ ਨੂੰ ਤਾਂ ਸੋਚਣਾ ਚਾਹੀਦਾ ਹੈ।

ਰਿਫਰੈਂਡਮ 2020 ਜੇ ਉਵੇਂ ਹੀ ਪ੍ਰਵਾਨ ਕਰ ਲਈਏ ਜਿਵੇਂ ਕਰਮਜੀਤ ਨੇ ਆਪਣੇ ਲੇਖ ਵਿਚ ਚਿਤਵਿਆ ਹੈ ਤਾਂ ਵੀ ਇਹ ਤਾਂ ਪੁੱਛਣਾ ਹੀ ਪਵੇਗਾ ਕਿ ਇਸ ਨੂੰ ਅਮਲ ਵਿਚ ਕਿੱਥੇ ਤੇ ਕਿਵੇਂ ਲਿਆਉਣਾ ਹੈ? ਇਸ ਬਾਰੇ ਕਰਮਜੀਤ ਸਿੰਘ ਨੇ ਆਪਣੇ ਲੇਖ ਵਿਚ ਕੋਈ ਵੀ ਜ਼ਿਕਰ ਕਿਉਂ ਨਹੀਂ ਕੀਤਾ? ਜੇ ਇਸ ਨੂੰ ਦੁਨੀਆਂ ਭਰ ਦੇ ਦੇਸ਼ਾਂ ਵਿਚ ਪ੍ਰਾਪਤ ਵਿਧਾਨ ਮੁਤਾਬਕ ਕਿਧਰੇ ਵੀ ਅਮਲ ਵਿਚ ਨਹੀਂ ਲਿਆਂਦਾ ਜਾ ਸਕਦਾ ਤਾਂ ਰਿਫਰੈਂਡਮ 2020 ਕਾਹਦੇ ਵਾਸਤੇ ਹੈ? ਜੇ ਆਈ.ਐਸ.ਆਈ. ਨੂੰ ਕਿਸੇ ਇਸਲਾਮੀ ਦੇਸ਼ ਵਿਚ ਹੁੰਗਾਰਾ ਨਹੀਂ ਮਿਲ ਰਿਹਾ ਅਤੇ ਆਰ.ਐਸ.ਐਸ. ਨੂੰ ਭਾਰਤ ਵਿਚ ਹੁੰਗਾਰਾ ਨਹੀਂ ਮਿਲ ਰਿਹਾ ਤਾਂ ਸਿੱਖਾਂ ਨੂੰ ਇਸ ਰਾਹ, ਇਸ ਦੇ ਬਾਵਜੂਦ ਕਿਉਂ ਤੁਰਨਾ ਚਾਹੀਦਾ ਹੈ? ਦੁਨੀਆਂ ਭਰ ਵਿਚ ਬਹੁ-ਸਭਿਆਚਾਰ ਸੁਰਾਂ ਤਕੜੀਆਂ ਹੋ ਰਹੀਆਂ ਹਨ ਅਤੇ ਇਸ ਪਾਸੇ ਸਿੱਖ ਸੁਰ ਵਿਚ ਅਹਿਮ ਭੂਮਿਕਾ ਨਿਭਾਈ ਜਾ ਸਕਦੀ ਹੈ। ਆਮ ਬੰਦੇ ਨੂੰ ਸਿਧਾਂਤ ਦੇ ਸ਼ਿਕੰਜੇ ਵਿਚ ਕਸੇ ਜਾਣ ਤੋਂ ਮੁਕਤ ਕਰਨ ਦੀ ਜੋ ਸਿਧਾਂਤਕੀ ਸਿੱਖ ਧਰਮ ਨੇ ਸਾਹਮਣੇ ਲਿਆਂਦੀ ਸੀ, ਕਰਮਜੀਤ ਦਾ ਲੇਖ ਉਸ 'ਚ ਰੁਕਾਵਟਾਂ ਪਾ ਸਕਣ ਦੀ ਸਿਆਸਤ ਦੀ ਪੈਰਵਾਈ ਕਿਉਂ ਕਰਦਾ ਲੱਗਦਾ ਹੈ? ਸਿਆਸਤ ਵਿਚ ਕੱਟੜਤਾ ਦੁਆਰਾ 'ਹਮ ਹੀ ਹਮ ਹੈਂ' ਦਾ ਜ਼ਮਾਨਾ ਲੱਦ ਚੁਕਾ ਹੈ। ਸਿੱਖ ਸਿਧਾਂਤ ਵਿਚ ਉਲਾਰ ਸਿਆਸਤ ਲਈ ਕੋਈ ਥਾਂ ਨਹੀਂ ਹੈ ਕਿਉਂਕਿ ਇਸ ਸਿਆਸਤ ਦੇ ਵਹਿਣ ਵਿਚ ਪ੍ਰਾਪਤੀਆਂ ਵੀ ਲਹੂ ਭਿੱਜੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ।

ਕਰਮਜੀਤ ਸਿੰਘ ਵਰਗੇ ਚੇਤੰਨ ਸਿੱਖਾਂ ਨੂੰ ਸੋਚਣਾ ਚਾਹੀਦਾ ਹੈ ਕਿ ਸੰਗਤੀ-ਸੁਰ ਵਿਚ ਚੇਤਨ ਵਰਤਾਰਿਆਂ ਨੂੰ ਵੀ ਅੰਨ੍ਹੇ ਜੱਫਿਆਂ ਦੀ ਆਗਿਆ ਨਹੀਂ ਹੈ। ਰਿਫਰੈਂਡਮ 2020 ਨੂੰ ਲੈ ਕੇ ਇਹ ਸਵਾਲ ਬਣਿਆ ਰਹਿਣਾ ਹੈ ਕਿ ਇਹ ਸਿਆਸੀ ਲਿਫਾਫੇਬਾਜ਼ੀ ਸਿੱਖਾਂ ਦੇ ਹੱਕ ਵਿਚ ਭੁਗਤੇਗੀ ਕਿ ਸਿੱਖ ਦੋਖੀਆਂ ਦੇ ਹੱਕ ਵਿਚ? ਪੈਦਾ ਹੋ ਰਹੇ ਸਵਾਲਾਂ ਨੂੰ ਲੈ ਕੇ ਸਾਂਝੀ ਸਿੱਖ ਸਮਝ 'ਤੇ ਪਹੁੰਚਣ ਲਈ ਲੋੜੀਂਦੇ ਸੰਵਾਦ ਦੁਆਰਾ ਯਤਨ ਹੁੰਦੇ ਰਹਿਣੇ ਚਾਹੀਦੇ ਹਨ।

ਜੋ ਕੁਝ ਇੰਗਲੈਂਡ ਵਿਚ 12 ਅਗਸਤ ਨੂੰ ਹੋਇਆ ਹੈ, ਉਹ ਸੰਵਾਦ ਵੱਲ ਜਾਂਦੇ ਸਿੱਖ-ਰਾਹ ਨੂੰ ਰੋਕਦਾ ਹੈ। ਇਸ ਕਰਕੇ ਇਸ ਨਾਲ ਸਾਹਮਣੇ ਆਏ ਸਿਆਸੀ ਉਲਾਰ ਤੋਂ ਉਪਰ ਉਠ ਕੇ ਹੀ ਸਿੱਖ-ਸੁਰ ਵਿਚ ਸੰਵਾਦ ਸਿਰਜਣ ਦੇ ਮੰਤਵ ਨਾਲ ਇਹ ਲੇਖ ਲਿਖਿਆ ਗਿਆ ਹੈ।

ਰਿਫਰੈਂਡਮ 2020 ਅਤੇ ਖਾਲਿਸਤਾਨ ਦਾ ਵਪਾਰ

(ਪਿਛਲੇ ਸਫੇ ਦੀ ਬਾਕੀ)

ਲਿਆ ਪਰ ਇਹ ਸਥਿਤੀ ਜ਼ਿਆਦਾ ਦੇਰ ਨਾ ਰਹੀ। ਬਹੁ-ਧਰੁਵੀ ਸੰਸਾਰ ਉਭਰਨ ਲੱਗਾ। ਜਦੋਂ ਇਰਾਕ 'ਤੇ ਹਮਲਾ ਕਰਨ ਲਈ ਮਤਾ ਪਵਾਉਣਾ ਚਾਹਿਆ ਤਾਂ ਅਮਰੀਕਾ ਸਫਲ ਨਾ ਹੋਇਆ। ਅੱਜ ਫਿਰ ਵੱਡੀਆਂ ਤਾਕਤਾਂ ਦੀ ਖਹਿਬਾਜ਼ੀ ਕਾਰਨ ਇਸ ਦੀ ਪ੍ਰਸੰਗਿਕਤਾ ਕਾਫੀ ਘਟ ਗਈ ਹੈ।

1948 ਵਿਚ ਕਸ਼ਮੀਰ ਵਿਚ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਭਾਰਤ ਸਰਕਾਰ ਕਸ਼ਮੀਰ ਦਾ ਮਸਲਾ ਸੰਯੁਕਤ ਰਾਸ਼ਟਰ ਵਿਚ ਲੈ ਗਈ। ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੇ ਮਤਾ ਪਾਸ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੀਆਂ ਫੌਜਾਂ ਕਸ਼ਮੀਰ ਵਿਚੋਂ ਬਾਹਰ ਕੱਢਣ ਅਤੇ ਜੰਮੂ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਵਾਈ ਜਾਵੇ। 1957 ਵਿਚ ਇਕ ਵਾਰੀ ਫਿਰ ਇਸੇ ਮਤੇ ਨੂੰ ਦੁਹਰਾਇਆ ਪਰ ਨਾ ਦੋਹਾਂ ਦੇਸ਼ਾਂ ਨੇ ਫੌਜਾਂ ਬਾਹਰ ਕੱਢੀਆਂ ਅਤੇ ਨਾ ਹੀ ਰਾਇਸ਼ੁਮਾਰੀ ਹੋਈ। ਹਜ਼ਾਰਾਂ ਕਸ਼ਮੀਰੀ ਸਵੈ-ਨਿਰਣੇ ਲਈ ਕੁਰਬਾਨੀਆਂ ਦੇ ਚੁੱਕੇ ਹਨ, ਜਾਨਾਂ ਕੁਰਬਾਨ ਕਰ ਚੁੱਕੇ ਹਨ ਪਰ ਰਾਇਸ਼ੁਮਾਰੀ ਨਹੀਂ ਹੋਈ। ਫਲਸਤੀਨ ਵਿਚ ਸੰਯੁਕਤ ਰਾਸ਼ਟਰ ਦੇ ਕਈ ਮਤਿਆਂ ਦੇ ਬਾਵਜੂਦ ਇਜ਼ਰਾਈਲ ਫਲਸਤੀਨੀਆਂ 'ਤੇ ਅਕਹਿ ਜ਼ੁਲਮ ਢਾਹ ਰਿਹਾ ਹੈ। ਇਸ ਦੇ ਮਤਿਆਂ ਨੂੰ ਪੈਰਾਂ ਹੇਠ ਮਿੱਧ ਕੇ ਨਵੇਂ ਇਲਾਕਿਆਂ ਵਿਚ ਬਸਤੀਆਂ ਵਸਾ ਰਿਹਾ ਹੈ ਪਰ ਸੰਯੁਕਤ ਰਾਸ਼ਟਰ ਅਹਿਲ ਹੈ। ਅਮਰੀਕਾ ਨੇ ਇਰਾਕ ਅਤੇ ਲੀਬੀਆ ਵਿਚ ਮਨਮਰਜ਼ੀ ਨਾਲ ਵਿਧਾਨਕ ਸਰਕਾਰਾਂ ਨੂੰ ਉਲਟਾ ਕੇ ਪਿੱਠੂ ਸਰਕਾਰਾਂ ਬਣਾ ਦਿੱਤੀਆਂ ਅਤੇ ਸੀਰੀਆ ਵਿਚ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਸੰਯੁਕਤ ਰਾਸ਼ਟਰ ਅਹਿਲ ਹੈ।

ਰਿਫਰੈਂਡਮ 2020 ਵਾਲੇ ਕੋਸੋਵੋ ਵਿਚ ਸੰਯੁਕਤ ਰਾਸ਼ਟਰ ਦੇ ਨਾਂ 'ਤੇ ਰਾਇਸ਼ੁਮਾਰੀ ਦਾ ਹਵਾਲਾ ਦਿੰਦੇ ਹਨ ਪਰ ਜਿਸ ਸਿਆਸੀ ਪ੍ਰਸੰਗ ਵਿਚ ਇਹ ਵਾਪਰਿਆ, ਉਸ ਤੋਂ ਅਨਜਾਣ ਹਨ। ਜਦੋਂ ਸੋਵੀਅਤ ਕੈਂਪ ਖਿੰਡਿਆ ਅਤੇ ਸੋਵੀਅਤ ਯੂਨੀਅਨ ਟੁੱਟਿਆ ਤਾਂ ਇਸ ਕੈਂਪ ਦੇ ਮੁਲਕਾਂ ਵਿਚ ਭਾਰੀ ਉਥਲ-ਪੁਥਲ ਹੋਈ। ਚੈਕੋਸਲੋਵਾਕੀਆ ਦੋ ਮੁਲਕਾਂ-ਚੈੱਕ ਅਤੇ ਸਲੋਵਾਕ ਗਣਰਾਜ ਵਿਚ ਵੰਡਿਆ ਗਿਆ। ਸੰਸਾਰ ਵਿਚ ਹਾਵੀ ਅਮਰੀਕੀ ਅਤੇ ਯੂਰਪੀ ਸਾਮਰਾਜੀਆਂ ਦਾ ਉਦੇਸ਼ ਸੀ ਕਿ ਇਨ੍ਹਾਂ ਨੂੰ ਛੋਟੇ-ਛੋਟੇ ਮੁਲਕਾਂ ਵਿਚ ਵੰਡ ਦਿੱਤਾ ਜਾਵੇ ਤਾਂ ਜੋ ਮਰਜ਼ੀ ਨਾਲ ਉਨ੍ਹਾਂ ਨਾਲ ਖੇਡਿਆ ਜਾ ਸਕੇ ਤੇ ਉਹ ਕੋਈ ਵਿਰੋਧ ਨਾ ਕਰ ਸਕਣ। ਇਸ ਲਈ ਜਦੋਂ ਯੁਗੋਸਲਾਵੀਆ ਟੁੱਟਿਆ ਅਤੇ ਕੋਸੋਵੋ ਵਿਚ ਸਵੈ-ਨਿਰਣੇ ਦੀ ਮੰਗ ਉਠੀ ਤਾਂ ਇਨ੍ਹਾਂ ਸਾਮਰਾਜੀਆਂ ਨੇ ਕੋਸੋਵੋ ਦੇਸ਼ ਬਣਾਉਣ ਲਈ ਸੰਯੁਕਤ ਰਾਸ਼ਟਰ ਨੂੰ ਵਰਤਿਆ। ਸੰਸਾਰ ਇਕ ਧਰੁਵੀ ਬਣ ਗਿਆ ਸੀ ਅਤੇ ਰੂਸ ਵਿਰੋਧ ਕਰਨ ਦੀ ਸਥਿਤੀ ਵਿਚ ਨਹੀਂ ਸੀ। ਇਸ ਸਥਿਤੀ ਦਾ ਪੰਜਾਬ ਦੀ ਵਰਤਮਾਨ ਸਥਿਤੀ ਨਾਲ ਦੂਰ ਦਾ ਵੀ ਸਬੰਧ ਨਹੀਂ। ਇਹ ਸੰਯੁਕਤ ਰਾਸ਼ਟਰ ਦਾ ਸੁਪਨਾ ਦਿਖਾ ਕੇ ਸਿੱਖਾਂ ਨੂੰ ਗੁੰਮਰਾਹ ਕਰਨਾ ਚਾਹੁੰਦੇ ਹਨ।

ਹਾਕਮਾਂ ਦੀਆਂ ਭਟਕਾਊ ਚਾਲਾਂ ਅਤੇ ਸਿੱਖਾਂ 'ਤੇ ਜਬਰ: ਵਿਦੇਸ਼ੀ ਖਾਲਿਸਤਾਨੀ, ਸਿੱਖਾਂ 'ਤੇ ਜਬਰ ਨੂੰ ਬਹੁਤ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਭਾਰਤ ਵਿਚ ਇਕ ਲੱਖ ਤੋਂ ਵੱਧ ਸਿੱਖ ਮਾਰੇ ਗਏ ਹਨ ਜਦਕਿ ਉਸ ਕਾਲੇ ਦੌਰ ਵਿਚ 45-50 ਹਜ਼ਾਰ ਲੋਕ ਮਰੇ, ਸਮੇਤ 1984 ਦੇ ਕਤਲੇਆਮ ਦੇ। ਇਹ ਸਾਰੇ ਸਿੱਖ ਹੀ ਨਹੀਂ; ਹਿੰਦੂ, ਸਿਆਸੀ ਵਿਰੋਧੀ ਅਤੇ ਪੁਲਿਸ ਮੁਲਾਜ਼ਮ ਵੀ ਸਨ। ਇੰਦਰਾ ਗਾਂਧੀ ਦੇ ਕਤ

ਟੁੱਟ ਗਈ ਤੜੱਕ ਕਰਕੇ

ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਆਸ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਅਜਿਹੀ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। -ਸੰਪਾਦਕ

ਹੈਂ! ਇਹ ਕੀ!! ਛਿੱਕ ਕੀ ਆਈ, ਰੀੜ੍ਹ ਦੀ ਹੱਡੀ ਜਰਕ ਗਈ ਤੇ ਪੈਰ ਪੁੱਟਣਾ ਔਖਾ ਲੱਗਾ। ਬੜੀ ਹਿੰਮਤ ਨਾਲ ਘਰ ਦੇ ਵਿਹੜੇ ਵਿਚ ਥੋੜ੍ਹਾ ਸੰਭਲਦਿਆਂ, ਹੱਥ ਧਰਤੀ ਦੀ ਹਿੱਕ 'ਤੇ ਰੱਖੇ ਤੇ ਪਿੱਛੇ ਵੱਲ ਲੇਟ ਗਿਆ। ਇਕ ਦਮ ਪਸੀਨੋ ਪਸੀਨੀ ਹੋ ਗਿਆ ਤੇ ਮੱਥੇ 'ਤੇ ਤਰੇਲੀ ਆ ਗਈ। ਵਾਪਰ ਗਈ ਭਿਆਨਕਤਾ ਨੇ ਅਗਾਊਂ ਅਹਿਸਾਸ ਕਰਾ ਦਿੱਤਾ। ਕੁਝ ਬਹੁਤ ਭਿਆਨਕ ਹੋਣ ਦਾ ਖੌਫ। ਲੱਗਾ, ਪਲਾਂ 'ਚ ਹੀ ਸਭ ਮਿੱਟੀ ਹੋ ਗਿਆ: ਬੁਲੰਦੀ 'ਤੇ ਖੜ੍ਹਾ ਹੋ ਕੇ ਕਹਿੰਦਾ ਸੀ ਖੁਦਾ ਕੀ ਹੈ, ਲੋਕੀਂ ਲੰਘਦੇ ਨੇ, ਕਹਿ ਕੇ, ਮਿੱਟੀ 'ਤੇ ਪਿਆ ਕੀ ਹੈ।

ਹੈਰਾਨੀ ਦੇ ਨਾਲ-ਨਾਲ ਕੱਲ੍ਹ ਦੇ ਕੀਤੇ ਕੰਮਾਂ ਦਾ ਖਿਆਲ ਆਇਆ ਕਿ ਸਾਰਾ ਦਿਨ ਟੁੱਟੀਆਂ ਸੜਕਾਂ 'ਤੇ ਸਕੂਟਰ ਚਲਾਉਂਦਿਆਂ ਪਹਿਲਾਂ ਜੰਡੂ ਸਿੰਘਾ ਇਕ ਸਮਾਗਮ ਉਤੇ ਭਾਸ਼ਣ ਦਿੱਤਾ। ਉਥੋਂ 50 ਕਿਲੋਮੀਟਰ ਆਪਣੇ ਪਿੰਡਾਂ ਵੱਲ

ਪ੍ਰੋ. ਲਖਬੀਰ ਸਿੰਘ
ਫੋਨ: 91-98148-66230

ਸੰਗੋਜਲਾ ਕਿਸੇ ਮਰਗ 'ਤੇ ਸ਼ਰਧਾਂਜਲੀ ਭਾਸ਼ਣ ਦਿੱਤਾ। ਉਥੋਂ ਕਾਲਜ 'ਚ ਇਕ ਐਨ.ਆਰ.ਆਈ. ਦੇ ਸਨਮਾਨ ਲਈ ਰੱਖੇ ਸਮਾਗਮ ਵਿਚ ਪਹੁੰਚਿਆ ਜਿਥੇ ਸਭ ਤੋਂ ਬਾਅਦ ਧੰਨਵਾਦੀ ਸ਼ਬਦ ਮੈਂ ਹੀ ਕਹਿਣੇ ਸਨ। 155 ਕਿਲੋਮੀਟਰ ਸਕੂਟਰ ਚਲਾ ਕੇ ਘਰ ਪਹੁੰਚਿਆ। ਸੋਚ ਆਈ, ਟੁੱਟੀਆਂ ਸੜਕਾਂ ਦੇ ਇੰਨੇ ਵੱਡੇ ਝਟਕੇ ਰੀੜ੍ਹ ਦੀ ਹੱਡੀ ਝੱਲ ਗਈ, ਹੁਣ ਕੀ ਹੋ ਗਿਆ? ਇਸ ਹਾਲਤ ਨੂੰ ਭਾਂਪਦਿਆਂ ਬੜਾ ਹੈਰਾਨ-ਪ੍ਰੇਸ਼ਾਨ ਸਾਂ। ਖਿਆਲਾਂ ਦਾ ਸਿਲਸਿਲਾ ਬੜੀ ਤੇਜ਼ੀ ਨਾਲ ਦੌੜਾਂ ਲਾ ਰਿਹਾ ਸੀ, ਭਿਆਨਕਤਾ ਦਾ ਅਹਿਸਾਸ ਹੋਈ ਜਾ ਰਿਹਾ ਸੀ।

ਵਿਹੜੇ ਦੀ ਫਰਸ਼ 'ਤੇ ਡਿੱਗੇ ਪਏ, ਛੇ ਫੁੱਟ ਦੇ ਗੱਭਰੂ ਪੁੱਤ ਨੂੰ ਦੇਖਦਿਆਂ, ਲਾਗੇ ਸੈਰ ਕਰਦੀ ਮਾਂ ਨੇ ਕਿਹਾ, "ਪੁੱਤਾ ਇੰਜ ਕਿਉਂ ਪਿਆ ਏ, ਉਠ ਏਥੋਂ।" ਸੁਭਾਵਕ ਹੀ ਮੇਰੇ ਮੂੰਹੋਂ ਨਿਕਲ ਗਿਆ, "ਮਾਤਾ ਤੇਰਾ ਪੁੱਤ ਹੁਣ ਨਾ ਉਠਿਆ।"

ਐਸਾ ਖੌਫਨਾਕ ਵਾਕ ਸੁਣਦਿਆਂ ਮਾਂ ਦਾ ਤ੍ਰਾਹ ਨਿਕਲ ਗਿਆ। ਦੌੜ ਕੇ ਘਰੋਂ ਪਰਿਵਾਰ ਦੇ ਜੀਅ 'ਕੱਠੇ ਕਰ ਲਿਆਈ। ਸਰਦੀ ਦਾ ਮੌਸਮ, ਬਾਰਿਸ਼ ਦੀ ਗਿੱਲ ਨਾਲ ਮੇਰੇ ਸਰੀਰ ਦੇ ਠੰਡੇ ਹੋਣ ਦਾ ਖਿਆਲ ਕਰਦਿਆਂ ਮੇਰੀ ਪਤਨੀ ਹਰਵਿੰਦਰ ਡਰੀ ਹੋਈ ਫਟਾਫਟ ਅੰਦਰ ਦੌੜੀ ਗਈ ਅਤੇ ਅੰਦਰੋਂ ਇਲੈਟ੍ਰਿਕ ਹੀਟ-ਪੈਡ ਲੈ ਆਈ ਅਤੇ ਪਿੱਠ ਥੱਲੇ ਰੱਖਣ ਦਾ ਹੀਲਾ ਕਰਨ ਲੱਗੀ। ਮੈਂ ਹਿਲਜੁੱਲ ਤੋਂ ਬਚਦਿਆਂ ਮਨ੍ਹਾਂ ਕੀਤਾ ਤੇ ਸੋਚਾਂ ਦੇ ਘੋੜੇ ਦੌੜਾਉਂਦਿਆਂ ਹੱਡੀਆਂ ਅਤੇ ਜੋੜਾਂ ਦੇ ਮਾਹਿਰ ਤੇ ਅਧਿਆਪਨ ਦੀ ਨੌਕਰੀ ਵੇਲੇ ਦੇ ਆਪਣੇ 1986 'ਚ ਪਲੇਠੇ ਵਿਦਿਆਰਥੀ ਰਹੇ ਡਾ. ਸਤਿੰਦਰ ਸਿੰਘ ਢੀਂਗਰਾ ਨੂੰ ਫੋਨ ਮਿਲਾਇਆ, ਜਿਸ ਆਖਿਆ, "ਪ੍ਰੋ. ਸਾਹਿਬ ਕੱਲ੍ਹ ਹੀ ਹਾਲੇ ਤੁਸੀਂ ਮੈਨੂੰ ਮਿਲੇ ਸੀ। ਕੁਝ ਗੰਭੀਰ ਨਹੀਂ ਹੋ ਸਕਦਾ, ਤੁਸੀਂ ਉਠ ਜਾਓ ਤੇ ਮੇਰੇ ਕੋਲ ਆ ਜਾਓ, ਦੇਖ ਲੈਂਦੇ ਹਾਂ।" ਮੈਂ ਕਿਹਾ, "ਡਾਕਟਰ ਸਾਹਿਬ ਨਹੀਂ, ਮੈਨੂੰ ਮੇਰੀ ਰੀੜ੍ਹ ਦੀ ਹੱਡੀ ਵਿਚ ਕੁਝ ਭਿਆਨਕ ਹੋਇਆ ਜਾਪਦਾ ਹੈ, ਤੁਸੀਂ ਐਂਬੂਲੈਂਸ ਭੇਜੋ।"

ਹੈਰਾਨ ਪ੍ਰੇਸ਼ਾਨ ਡਾ. ਢੀਂਗਰਾ ਨੇ ਨਾਲ ਹੀ ਐਂਬੂਲੈਂਸ ਭੇਜ ਦਿੱਤੀ। ਹੂਟਰ ਵਜਾਉਂਦੀ ਐਂਬੂਲੈਂਸ 10 ਮਿੰਟ ਵਿਚ ਮੇਰੇ ਘਰ ਖੜ੍ਹੀ ਸੀ।

ਮੈਂ ਪਰਿਵਾਰ ਦੇ ਜੀਆਂ ਨੂੰ ਛੇ ਬੰਦੇ ਸੱਦਣ ਲਈ ਕਿਹਾ, ਅਸਲ ਵਿਚ ਚਾਰ ਬੰਦੇ ਕਹਿੰਦਿਆਂ ਡਰ ਲਗਦਾ ਸੀ ਅਤੇ ਇਕ ਮਜ਼ਬੂਤ ਚਾਦਰ ਮੈਨੂੰ ਪਾਉਣ ਲਈ ਲਿਆਉਣ ਨੂੰ ਕਿਹਾ। ਬੜੀ ਸਾਵਧਾਨੀ ਨਾਲ ਛੇ ਜਣਿਆਂ ਨੇ ਮੈਨੂੰ ਚੁੱਕ ਕੇ ਚਾਦਰ 'ਤੇ ਰੱਖਿਆ ਤੇ ਸਟਰੈਚਰ 'ਤੇ ਪਾਇਆ ਅਤੇ ਐਂਬੂਲੈਂਸ ਵਿਚ ਲਿਟਾ ਦਿੱਤਾ। ਜੋ ਬੰਦਾ ਹੁਣੇ ਤਿੰਨ ਕਿਲੋਮੀਟਰ ਦੀ ਦੌੜ ਲਾ ਕੇ ਆਇਆ ਸੀ, ਹੁਣ ਐਂਬੂਲੈਂਸ 'ਤੇ ਹਸਪਤਾਲ ਜਾ ਰਿਹਾ ਸੀ। ਕੈਸਾ ਸੱਚ ਹੈ ਵਕਤ ਦਾ, ਜਿਸ ਸੜਕ 'ਤੇ ਥੋੜ੍ਹੀ ਦੇਰ ਪਹਿਲਾਂ ਸਵੇਰ ਦੀ ਸੈਰ ਬਹਾਨੇ ਦੌੜ ਲਾ ਕੇ ਆਇਆ ਸਾਂ, ਉਸੇ ਸੜਕ 'ਤੇ ਜਦੋਂ ਐਂਬੂਲੈਂਸ ਵਿਚ ਲੇਟਿਆ ਜਾ ਰਿਹਾ ਸੀ ਤਾਂ ਇਕ ਪਾਸੇ ਸੋਚ ਦੇ ਘੋੜੇ ਬੇਲਗਾਮ ਕਈ ਸਮੀਕਰਨਾਂ ਬਣਾ ਰਹੇ ਸਨ, ਦੂਜੇ ਪਾਸੇ ਮਨ ਬੁਰੀ ਤਰ੍ਹਾਂ ਟੁੱਟੀ ਤੇ ਉਭੜ-ਖਾਬੜ ਸੜਕ ਦੇ ਝਟਕਿਆਂ ਨਾਲ ਰੀੜ੍ਹ ਦੀ ਹੱਡੀ 'ਚ ਪੈਂਦੀਆਂ ਕਸਕਾਂ ਜਾਚ ਰਿਹਾ ਸੀ। ਉਸੇ ਹਾਲਤ ਵਿਚ ਹੀ ਆਪਣੇ ਜਿਹੇ ਲੋਕਾਂ ਦਾ ਦਰਦ ਮਹਿਸੂਸ ਕਰਦਿਆਂ ਐਂਬੂਲੈਂਸ ਵਿਚੋਂ ਹੀ ਕਮਿਸ਼ਨਰ ਕਾਰਪੋਰੇਸ਼ਨ ਨੂੰ ਫੋਨ ਮਿਲਾਇਆ ਤੇ ਕਿਹਾ ਕਿ ਟੁੱਟੀਆਂ ਸੜਕਾਂ ਲੋਕਾਂ ਦੀ ਜਾਨ ਦਾ ਖੌਅ ਬਣ ਰਹੀਆਂ ਹਨ, ਇਸ ਪਾਸੇ ਧਿਆਨ ਦਿਓ।

ਗਵਾਂਢੀ ਦੀ ਧੀ ਅਤੇ ਹਮਸਾਏ ਦੇ ਪੁੱਤਰ ਦਾ ਧਿਆਨ ਰੱਖਣ ਵਾਲੇ ਗਲੀ-ਮੁਹੱਲੇ ਦੇ ਲੋਕ, ਆਂਢੀ-ਗੁਆਂਢੀ ਸਭ ਹੈਰਾਨ ਸਨ ਕਿ ਮਿੰਟਾਂ ਵਿਚ ਐਸਾ ਕੀ ਹੋ ਗਿਆ ਕਿ ਹੂਟਰ ਮਾਰਦੀ ਗੱਡੀ ਕਿਸੇ ਨੂੰ ਲੈ ਕੇ ਚਲਦੀ ਬਣੀ? ਮੇਰੀ ਗੱਲ ਸੁਣ ਕੇ ਬਾਕੀ ਸਭ ਦੀਆਂ ਸੋਚਾਂ ਪੱਥਰਾ ਗਈਆਂ ਸਨ। ਕਿਸੇ ਨੂੰ ਕੁਝ ਨਹੀਂ ਸੀ ਸੁਝ ਰਿਹਾ।

ਐਂਬੂਲੈਂਸ 'ਚ ਪਿਆਂ, ਮੈਂ ਫਿਰ ਡਾਕਟਰ ਨੂੰ ਫੋਨ ਕੀਤਾ ਕਿ ਸਭ ਤੋਂ ਵਧੀਆ, ਸਹੀ ਟੈਸਟ ਕਿਹੜਾ ਹੁੰਦਾ ਹੈ? ਕਹਿੰਦੇ, "ਆ ਜਾਓ ਐਕਸਰੇ ਕਰ ਲਵਾਂਗੇ।" ਮੈਂ ਕਿਹਾ, "ਰੀੜ੍ਹ ਦੀ ਹੱਡੀ ਦੇ ਸੂਖਮ ਟੈਸਟ ਲਈ ਐਕਸਰੇ ਤੋਂ ਵੱਧ ਕਾਰਗਰ ਵੀ ਕੁਝ ਹੁੰਦੈ?" ਡਾਕਟਰ ਕਹਿਣ ਲੱਗਾ, "ਐਮ. ਆਰ. ਆਈ।" ਮੈਂ ਕਿਹਾ, "ਚਲੋ ਮੈਂ ਐਮ. ਆਰ. ਆਈ. ਕਰਾ ਕੇ ਹੀ ਪਹੁੰਚੂ ਤੁਹਾਡੇ ਪਾਸ, ਦੱਸੋ ਕਿਥੋਂ ਕਰਾਵਾਂ?"

ਡਾਕਟਰ ਨੇ ਐਨ. ਐਮ. ਆਰ. ਜਾਂਚ ਕੇਂਦਰ ਫੋਨ ਕਰਕੇ ਮੈਨੂੰ ਦੱਸ ਦਿੱਤਾ। ਐਨ. ਐਮ. ਆਰ ਕੇਂਦਰ ਨੇ ਮੇਰੀ ਐਮ. ਆਰ. ਆਈ. ਕੀਤੀ ਤੇ ਮੈਨੂੰ ਹਸਪਤਾਲ ਭੇਜ ਦਿੱਤਾ। ਸਾਲ 2006 ਦੀ 18 ਨਵੰਬਰ, ਵਕਤ 11:30 ਵਜੇ ਤੱਕ ਰਿਪੋਰਟ ਡਾਕਟਰ ਦੇ ਹੱਥਾਂ 'ਚ ਸੀ, ਜਿਸ 'ਚ ਰੀੜ੍ਹ ਦੀ ਹੱਡੀ ਦੀ ਤਸਵੀਰ ਧੁੰਦਲੀ ਤੇ ਹੱਡੀ ਖੁਰਦ-ਬੁਰਦ ਜਾਪਦੀ ਹੋਣ ਕਾਰਨ ਡਾਕਟਰ ਨੇ ਰਿਪੋਰਟ ਨੂੰ ਨਕਾਰ ਕੇ ਮੁੜ ਜਾਂਚ ਕਰਾਉਣ ਲਈ ਵਾਪਸ ਜਾਂਚ-ਕੇਂਦਰ ਭੇਜ ਦਿੱਤਾ। ਮੁੜ ਕੀਤੀ ਐਮ. ਆਰ. ਆਈ. ਦੀ ਰਿਪੋਰਟ ਡਾਕਟਰ ਨੇ ਗਹੁ ਨਾਲ ਵੇਖੀ ਤੇ ਦੱਸਿਆ ਕਿ ਰੀੜ੍ਹ ਦੀ ਹੱਡੀ ਦੇ ਥੋਰੈਸਿਕ ਹਿੱਸੇ ਦੇ ਦੋ ਮਣਕੇ ਡੀ-12 ਅਤੇ ਡੀ-11 ਟੁੱਟ ਚੁਕੇ ਹਨ। ਕਿਉਂ ਟੁੱਟੇ ਹਨ, ਇਹ ਤਾਂ ਅਜੇ ਪਤਾ ਨਹੀਂ ਲੇਕਿਨ ਟੁੱਟ ਗਈ ਰੀੜ੍ਹ ਦੀ ਹੱਡੀ ਦਾ ਇਲਾਜ ਸਰੀਰ ਸਿੱਧਾ ਰੱਖ ਕੇ ਕਰਨ ਲਈ ਪੂਰਨ ਸਥਿਰ ਰਹਿਣਾ ਪਏਗਾ।

ਗੁਲੂਕੋਜ਼ ਤੇ ਦਰਦ ਦੀਆਂ ਦਵਾਈਆਂ ਨਾਲ ਟੁੱਟੀ ਗੰਢਣ ਦਾ ਚਾਰਾ ਸ਼ੁਰੂ ਹੋ ਗਿਆ। ਸਿਰਫ ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦਾ ਟੁੱਟ ਜਾਣਾ, ਆਪਣੇ ਆਪ ਵਿਚ ਵੱਡੀ ਖੌਫਨਾਕ ਗੱਲ ਸੀ। ਭਜਦੇ-ਨੱਠਦੇ ਰਹਿਣ ਵਾਲੇ ਮੇਰੇ ਖੁਦ ਲਈ ਲੱਕੜ ਦੀ ਗੇਲੀ ਵਾਂਗ ਸਿੱਧਿਆਂ ਇਕੋ ਹਾਲਤ ਵਿਚ ਪਿਆ ਰਹਿਣਾ ਅਤੇ ਲੇਟਿਆਂ ਹੀ ਸਭ ਕੁਝ ਖਾਣਾ-ਪੀਣਾ, ਟੱਟੀ-ਪਿਸ਼ਾਬ ਕਰਨਾ ਅਤੇ ਇਲਾਜ ਦੀਆਂ ਦੁਸ਼ਵਾਰੀਆਂ ਸਹਿਣਾ, ਵੱਡੀ ਪ੍ਰੀਖਿਆ ਸੀ। ਖਿਆਲ ਆਇਆ, ਇਸੇ ਨੂੰ ਕਹਿੰਦੇ ਆ, 'ਟੁੱਟ ਗਈ ਤੜੱਕ ਕਰਕੇ' ਬਾਕੀ ਤੇ ਸਭ ਗੱਲਾਂ ਨੇ।

ਇਹ ਇਕ ਬੜਾ ਮੁਸ਼ਕਿਲ ਕੰਮ ਸੀ ਪਰ ਕੋਈ ਹੋਰ ਰਸਤਾ ਨਜ਼ਰ ਨਾ ਆਉਂਦਾ ਦੇਖ ਕੇ ਇਕ ਪਾਸੇ ਆਪਣਾ ਲੱਕ ਟੁੱਟਣ ਨੂੰ ਸਵੀਕਾਰ ਕਰ ਲਿਆ ਅਤੇ ਦੂਜੇ ਪਾਸੇ ਖੌਫਨਾਕ, ਦਰਦਨਾਕ ਜਿਉਣ-ਮਜਬੂਰੀ ਨੂੰ ਪ੍ਰਵਾਨ ਕਰ ਲਿਆ। ਨਾਲ ਹੀ ਪਰਿਵਾਰਕ ਹਾਲਾਤ ਨੂੰ ਇਲਾਜ਼ ਦੇ ਦੌਰ ਲਈ ਤਿਆਰ ਕਰਕੇ ਸਾਰੇ ਪਰਿਵਾਰ ਦੀ ਨਵੀਂ ਰੁਟੀਨ ਬਣਾਈ। ਇਸ ਰੁਟੀਨ ਵਿਚ ਘਰ, ਹਸਪਤਾਲ ਤੇ ਹਰਵਿੰਦਰ ਦੀ ਨੌਕਰੀ ਵਾਲਾ ਸਕੂਲ ਡੀ. ਐਮ. ਐਸ. 10 ਕਿਲੋਮੀਟਰ ਦਾ ਫਾਸਲਾ, ਪਰਿਵਾਰ ਦੇ ਜੀਆਂ ਦੀ ਦੌੜ-ਭੱਜ ਦਾ ਤਿਕੋਣਾ ਸਮੀਕਰਨ ਬਣ ਗਿਆ। ਹਰ ਪਲ ਇਕ ਜੀਅ ਦਾ ਮੇਰੇ ਕੋਲ ਰਹਿਣਾ, ਦਵਾ-ਦਾਰੂ, ਰੋਟੀ-ਪਾਣੀ, ਆਉਣ-ਜਾਣ ਵਾਲਿਆਂ ਨਾਲ ਗੱਲਬਾਤ, ਸਭ ਕੁਝ ਲਈ ਇਕ ਨਵਾਂ ਰੁਟੀਨ ਤਾਂ ਬਣ ਗਿਆ ਜੋ ਬੇਹੱਦ ਅਕਾਊ ਲੱਗਦਾ। ਪਹਿਲਾਂ-ਪਹਿਲ ਬੜਾ ਮੁਸ਼ਕਿਲ ਲੱਗਾ, ਹਰ ਵਕਤ ਦਾ ਰੋਟੀ-ਪਾਣੀ ਤੇ ਬਾਕੀ ਕੁਦਰਤੀ ਕ੍ਰਿਆਵਾਂ ਬਸ 180 ਡਿਗਰੀ ਪਿਆਂ-ਪਿਆਂ ਹੀ ਕਰਦਾ। ਹਿੱਲਣ ਤੋਂ ਪੂਰਨ ਮਨਾਹੀ, ਪਰ ਕੋਈ ਚਾਰਾ ਨਾ ਦੇਖ ਸਭ ਪ੍ਰਵਾਨ ਤੇ ਉਸ ਦੀ ਰਜ਼ਾ ਵਿਚ ਰਾਜ਼ੀ ਕਹਿ ਕੇ ਹਨੇਰੀ ਸੁਰੰਗ ਵਿਚ ਦੂਰ ਕਿਤੇ ਰੋਸ਼ਨੀ ਦੀ ਕਿਰਨ ਦੇਖਣੀ ਸ਼ੁਰੂ ਕੀਤੀ ਚੂੰਕਿ ਅਜੇ ਤਾਂ ਜ਼ਿੰਦਗੀ ਦੀ ਗੱਡੀ ਉਮਰ ਦੇ ਅੱਧ 'ਚ ਵੀ ਨਹੀਂ ਸੀ ਪਹੁੰਚੀ। ਆਪਣੀ ਉਮਰ ਦੇ ਮਸਾਂ 44 ਸਾਲਾਂ ਦਾ ਸਫਰ ਕਰਕੇ 45ਵੇਂ 'ਚ ਪੈਰ ਧਰਿਆ ਸੀ ਤੇ ਟੁੱਟ ਗਈ ਤੜੱਕ ਕਰਕੇ ਵਾਲੀ ਹਾਲਤ ਹੋ ਗਈ। ਪਰ ਇਹ ਬੇਕਦਰਾਂ ਦੀ ਯਾਰੀ ਤੇ ਨਹੀਂ ਸੀ, ਹੁਣ ਗੰਢਣੀ ਹੀ ਪਵੇਗੀ। ਮੈਂ ਬੜੇ ਸਬਰ-ਸੰਤੋਖ ਨਾਲ ਮਨ ਤਕੜਾ ਕਰਕੇ, ਆਸ ਤੇ ਹਿੰਮਤ ਨਾਲ ਪਿਆ ਰਿਹਾ। ਮਨ ਸੋਚਾਂ ਵਿਚ ਦੌੜਦਾ ਰਿਹਾ ਲੇਕਿਨ ਹੱਥ ਪੱਲੇ ਕੁਝ ਨਹੀਂ ਸੀ ਪੈਂਦਾ ਕਿ ਅਚਾਨਕ ਏਦਾਂ ਕਿਉਂ ਹੋਇਆ। ਬਾਲਿਆਂ ਵਾਲੀ ਛੱਤ 'ਤੇ ਤਾਂ ਮਨ ਅੱਖਾਂ ਨਾਲ ਵਾਰ ਵਾਰ ਬਾਲੇ ਗਿਣਦਾ ਤੇ ਸਮਾਂ ਟਪਾਉਂਦਾ ਲੇਕਿਨ ਇਥੇ ਤਾਂ ਘੜੀ ਟਿੱਕ ਟਿੱਕ ਤੋਂ ਇਲਾਵਾ ਹਿਲਦੀ ਵੀ ਸੀ, ਇਕ ਪਾਸੇ ਡ੍ਰਿਪ ਵਿਚ ਤੁਪਕਿਆਂ ਦੀ ਲੜੀ, ਦੂਜੇ ਪਾਸੇ ਸਰੀਰ ਦੀਆਂ ਕੁਦਰਤੀ ਕ੍ਰਿਆਵਾਂ ਅਛੋਪਲੇ ਚੱਲ ਰਹੀਆਂ ਸਨ। ਮੈਂ ਟੁੱਟੀ ਗੰਢ ਲਉਂ, ਹਰ ਪਲ ਮਨ ਨੂੰ ਧਰਵਾਸ ਦੇਣਾ ਹੁਣ ਮੇਰੀ ਇਕ ਹੋਰ ਡਿਊਟੀ ਬਣ ਗਈ ਸੀ।

ਗੱਲ ਪਤਾ ਲੱਗੀ ਜਦੋਂ ਭੇਤ ਵਾਲੀ: 18 ਨਵੰਬਰ 2006 ਨੂੰ ਵਾਪਰੀ ਇਸ ਘਟਨਾ ਨੇ ਮੈਨੂੰ, ਪਰਿਵਾਰ ਤੇ ਮੇਰੇ ਹਮਦਰਦਾਂ ਨੂੰ ਦਹਿਲਾ ਕੇ ਰੱਖ ਦਿੱਤਾ। ਦੋਸਤ-ਮਿੱਤਰ, ਰਿਸ਼ਤੇਦਾਰ ਖਬਰ ਲੈਣ ਤਾਂ ਆਉਂਦੇ ਪਰ ਕਿਸੇ ਨੂੰ ਕੁਝ ਵੀ ਸੁੱਝਦਾ ਨਾ। ਕਿਸੇ ਦੇ ਪੱਲੇ ਹੈਰਾਨੀ ਤੋਂ ਸਿਵਾ ਕੁਝ ਨਹੀਂ ਸੀ ਪੈਂਦਾ। ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦੇ ਮਣਕੇ ਟੁੱਟ ਗਏ, ਹਰ ਕਿਸੇ ਨੂੰ ਅਚੰਭਾ ਹੁੰਦਾ। ਤੇਰਵੇਂ ਦਿਨ, 30 ਨਵੰਬਰ ਨੂੰ ਦੁਪਹਿਰ ਵੇਲੇ ਮੇਰਾ ਤੇਰਾਂ ਸਾਲ ਦਾ ਵੱਡਾ ਬੇਟਾ ਲਿਆਕਤਬੀਰ ਹਸਪਤਾਲ ਦੇ ਕਮਰੇ ਦੀ ਰਸੋਈ ਵਿਚ ਕੁਝ ਖਾਣ ਲਈ ਤਿਆਰ ਕਰ ਰਿਹਾ ਸੀ, ਮੈਂ ਦਰਵਾਜੇ ਉਤੇ ਹੋਈ ਟਿਕ-ਟਿਕ ਸੁਣ ਕੇ ਲੰਘ ਆਓ, ਕਿਹਾ। ਮੇਰਾ ਸ਼ੁਭਚਿੰਤਕ ਡਾ. ਸਤਿੰਦਰ ਸਿੰਘ ਢੀਂਗਰਾ ਹੱਥ ਵਿਚ ਇਕ ਨਿਵੇਕਲਾ ਜਿਹਾ ਕਾਗਜ਼ ਫੜ੍ਹੀ ਦਾਖਿਲ ਹੋਇਆ। ਮੈਨੂੰ ਉਸ ਦੀਆਂ ਅੱਖਾਂ ਨਮ ਦਿਸੀਆਂ। ਬੋਲਿਆ, "ਸਰ ਤੁਹਾਨੂੰ ਕੈਂਸਰ ਹੈ।"

ਸੁਣ ਕੇ ਮੈਂ ਠਠੰਬਰ ਗਿਆ। ਮਨ ਪਲ ਦੀ ਪਲ ਵੱਡੇ ਖੌਫ 'ਚ ਚਲਾ ਗਿਆ। "ਹੈਂਅ! ਕੈਂਸਰ!" ਤੇ ਕੈਂਸਰ ਵਾਲਿਆਂ ਨਾਲ ਬੀਤਣ ਵਾਲੀ ਸਾਰੀ ਕਹਾਣੀ ਅੱਖ ਦੇ ਫੋਰ 'ਚ ਫਿਲਮ ਬਣ ਜ਼ਿਹਨ 'ਚ ਘੁੰਮ ਗਈ। ਇਸ ਖਬਰ ਨੇ ਕਰੀਬ ਸਵਾ ਸਾਲ ਪਹਿਲਾਂ ਵਾਪਰੀ ਬੜੀ ਹਿਰਦੇਵੇਦਕ ਕਹਾਣੀ ਯਾਦ ਕਰਾ ਦਿੱਤੀ। ਬੜੇ ਨੇਕ ਦੋਸਤ ਡਾ. ਜਸਵਿੰਦਰ ਸੈਣੀ, ਜੋ ਅੱਜ ਕੱਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੰਜਾਬੀ ਦੇ ਪ੍ਰੋਫੈਸਰ ਹਨ, ਦੇ ਮਲੂਕੜੇ ਜਿਹੇ, ਦਸਵੀਂ ਵਿਚ ਪੜ੍ਹਦੇ 6 ਫੁੱਟ ਲੰਬੇ ਗੱਭਰੂ ਪੁੱਤ ਦੀ ਬਲੱਡ ਕੈਂਸਰ ਨਾਲ 45 ਦਿਨ ਦੀ ਜ਼ਿੰਦਗੀ-ਮੌਤ ਦੀ ਜੰਗ ਜਿਹਨ 'ਚ ਘੁੰਮ ਗਈ। ਆਪਣੇ ਇਸ ਪਿਆਰੇ ਨੂੰ 42 ਦਿਨ ਭੋਰਾ ਭੋਰਾ ਮਰਦਿਆਂ ਤੇ ਜ਼ਿੰਦਗੀ ਲਈ ਤਰਸਦਿਆਂ, ਇਸ ਛੈਲ-ਛਬੀਲੇ ਗੱਭਰੂ ਨੂੰ ਹੱਡੀਆਂ ਦੀ ਮੁੱਠ ਬਣ ਕੈਂਸਰ ਦੇ ਨਾਲ ਲੜਦਿਆਂ ਦੇਖਿਆ ਸੀ। ਉਦੋਂ ਇਹ ਪਰਿਵਾਰ ਜਲੰਧਰ ਰਹਿੰਦਾ ਸੀ।

ਪਲਾਂ 'ਚ ਹੀ ਸੰਭਲਦਿਆਂ ਡਾਕਟਰ ਦਾ ਹੱਥ ਫੜ੍ਹ ਘੁੱਟਿਆ, ਅਜੀਬ ਆਲਮ 'ਚ ਹਿਮਾਲਿਆ ਜਿੰਨੀ ਹਿੰਮਤ ਇਕੱਠੀ ਕਰ ਬੋਲਿਆ, "ਜੈਂਟਲਮੈਨ ਬੀ ਬਰੇਵ ਆਈ ਵਿਲ ਫਾਈਟ ਇੱਟ ਆਊਟ" (ਦੋਸਤਾ, ਤਕੜਾ ਹੋ, ਮੈਂ ਇਸ ਨਾਲ ਪੱਕਾ ਲੜੂੰ)।

ਕੁਝ ਹੋਰ ਬੋਲੇ ਬਿਨਾ ਡਾਕਟਰ ਜਾਣ ਲੱਗਾ ਤਾਂ ਮੈਂ ਪਿਛਿਓਂ ਆਵਾਜ਼ ਮਾਰੀ, "ਲਿਸਨ ਡੀਅਰ, ਡੌਂਟ ਟੈਲ ਮਾਈ ਵਾਈਫ, ਆਈ ਵਿਲ ਟੈਲ ਹਰ" (ਪਿਆਰੇ ਗੱਲ ਸੁਣੋ, ਮੇਰੀ ਘਰ ਵਾਲੀ ਨੂੰ ਨਾ ਦੱਸਣਾ, ਮੈਂ ਆਪੇ ਦੱਸ ਦਊਂ)।

ਇੰਨੇ ਨੂੰ ਲਿਆਕਤਬੀਰ ਬਾਹਰ ਆਇਆ, ਪੁਛਿਆ ਡਾਕਟਰ ਕੀ ਕਹਿੰਦਾ ਸੀ? ਗੱਲ ਛੁਪਾਉਂਦਿਆਂ ਮੈਂ ਕਿਹਾ, ਉਨ੍ਹਾਂ ਹੁਣੇ ਆਈ ਸੂਖਮ ਟੈਸਟਾਂ ਦੀ ਰਿਪੋਰਟ ਦੇਖੀ ਹੈ ਅਤੇ ਕਹਿੰਦੇ ਹਨ, "ਰੀੜ੍ਹ ਦੀ ਹੱਡੀ ਦੀ ਕੁਝ ਗੰਭੀਰ ਨੁਕਸ ਹੈ, ਇਲਾਜ ਲਈ ਰੀੜ੍ਹ ਦੀ ਹੱਡੀ ਦੇ ਸਪੈਸ਼ਲ ਹਸਪਤਾਲ ਜਾਣਾ ਪਵੇਗਾ, ਤੇਰੇ ਮੰਮੀ ਆ ਜਾਣ, ਆਪਾਂ ਸਲਾਹ ਕਰਦੇ ਹਾਂ ਕਿ ਕਿਥੇ ਜਾਣਾ ਹੈ।"

ਇੰਨੇ ਨੂੰ ਸਕੂਲੋਂ ਛੁੱਟੀ ਕਰ, ਘਰ ਬਜ਼

ਕੈਨੇਡਾ ਵਿਚ ਪੰਜਾਬੀ: 100 ਸਾਲ ਪਹਿਲਾਂ

ਦੇਗਾਂ ਮਸਤਾਨੀਆਂ

ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਜ਼ਿਕਰ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਅਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰੇ ਹੋ ਸਕਣ। -ਸੰਪਾਦਕ

ਜਹਾਜ਼ ਸਮੁੰਦਰ ਦੇ ਵਿਚਕਾਰ ਖੜ੍ਹਾ ਹੈ। ਬਾਹਰਲਾ ਆਦਮੀ ਅੰਦਰ ਨਹੀਂ ਆ ਸਕਦਾ, ਅੰਦਰਲਾ ਬਾਹਰ ਨਹੀਂ ਜਾ ਸਕਦਾ। ਅੰਤ ਭੰਡਾਰੇ ਕਦ ਤਕ ਪੂਰਾ ਫਟਾ ਸਕਦੇ ਸਨ। ਚਾਰ ਸੌ ਸਰੀਰ ਦਾ ਰੋਜ਼ ਦਾ ਖਰਚ ਹੈ। ਕੀ ਹੋਇਆ, ਸਿੱਖਾਂ ਤੇ ਮੁਸਲਮਾਨਾਂ ਦੀਆਂ ਸਾਂਝੀਆਂ ਦੇਗਾਂ ਮਸਤਾਨੀਆਂ ਹੋ ਗਈਆਂ। ਕਦੇ ਸਮਾਂ ਸੀ ਕਿ ਖਾਲਸਾ ਜੀ ਅਤੇ ਮੁਹੰਮਦ ਵੀਰ ਯੁਧ ਵਿਚ ਇਕ-ਦੂਜੇ ਦੇ ਭੰਡਾਰੇ ਲੁਟਿਆ ਕਰਦੇ ਸਨ। ਪਰ ਅੱਜ ਜ਼ਮਾਨੇ ਨੇ ਦੋਹਾਂ ਨੂੰ ਪੱਕਾ ਤੇ ਨਿੱਗਰ ਸਬਕ ਸਿਖਾਉਣ ਲਈ ਨਰੜ ਕੇ ਜਹਾਜ਼ ਵਿਚ ਬੰਦ ਕਰਕੇ ਦੂਰ ਪ੍ਰਦੇਸ ਵਿਚ ਇਕ ਤੀਜੀ ਕੌਮ ਦੇ ਰਹਿਮ 'ਤੇ ਸਿਟਿਆ ਹੈ। ਅੱਜ ਪੰਡਤ, ਗਿਆਨੀ ਤੇ ਮੁੱਲਾਂ ਜਿਨ੍ਹਾਂ ਦੀ ਧਰਮ ਦੀ ਸੁੱਕੀ ਹੈਂਕੜ ਭਾਰਤ ਦੇ ਜਾਇਆਂ ਨੂੰ ਸਾਹ ਨਹੀਂ ਲੈਣ ਦਿੰਦੀ, ਨੂੰ ਇਕੋ ਜਿਹੇ ਮਿਣਤੀ ਦੇ ਠੁੱਡੇ ਪੈ ਰਹੇ ਹਨ। ਅੰਦਰਲੇ ਅੰਦਰ ਤੇ ਬਾਹਰਲੇ ਦੇ ਬਾਹਰ ਰਾਸ਼ਨ ਪਾਣੀ ਨੂੰ ਜਹਾਜ਼ ਦੇ ਅੰਦਰ ਟੋਟਾ ਆ ਗਿਆ ਤੇ ਭਾਰਤ ਦੇ ਦੁਲਾਰੇ ਕੌਮੀ ਸੰਗਰਾਮ ਵਿਚ ਭੁੱਖ ਤੇ ਪਿਆਸ ਨਾਲ ਵਿਆਕੁਲ ਹੋਣ ਲੱਗੇ ਹਨ। ਇਨ੍ਹਾਂ ਦੁਖਿਆਰਿਆਂ ਦੀ ਕਿਸ ਨੂੰ ਪੀੜ ਹੈ? ਹਿੰਦ ਦੇ ਧਨੀ ਤੇ ਸਰਦਾਰ, ਰਈਸ ਤੇ ਮਾਲਦਾਰ ਸਦਾਉਣ ਵਾਲੇ ਸੋਹਣੀਆਂ ਸੇਜਾਂ 'ਤੇ ਪਏ ਮੌਜਾਂ ਮਾਣ ਰਹੇ ਹਨ। ਰੰਡੀਆਂ ਦੇ ਮੁਜਰੇ, ਵਿਸਕੀਆਂ ਦੇ ਡੁਘੂ ਭੋਰਿਆਂ ਦੀ ਭਿੰਨੀ ਹੋਣ ਵਿਚ ਸੜੇ ਹੋਏ ਬੇਗੈਰਤ ਹਿੰਦੀ ਮਤਵਾਲੇ ਹੋ ਰਹੇ ਹਨ। ਪੰਡਤ, ਮੁੱਲਾਂ ਤੇ ਭਾਈ ਹੱਥਾਂ ਵਿਚ ਮਾਲਾ ਫੜੀ ਭੁਆਟਣੀਆਂ ਖਾ ਰਹੇ ਹਨ।

ਅਨਜਾਣ ਤੇ ਖੁਦਗਰਜ਼ ਲੋਕ ਪ੍ਰਕਿਰਤੀ ਤੇ ਮੁਕਤੀ ਸਾਧਨਾਂ ਤੇ ਸੈਂਕੜੇ ਬਦਕਿਸਮਤ ਭਾਰਤ ਜਾਇਆਂ ਨੂੰ ਇਕੱਠੇ ਕਰਕੇ ਸਿਰੜ ਗਿਆਨ ਦੇ ਅਖਾੜੇ ਮਚਾ ਰਹੇ ਹਨ, ਪਰ ਬਾਹਰ ਦੁਨੀਆਂ ਵਿਚ ਉਨ੍ਹਾਂ ਦੀ ਕੌਮ ਨੂੰ ਠੁੱਡੇ ਪੈ ਰਹੇ ਹਨ। ਦੁਨੀਆਂ ਵਿਚ ਹੋਰ ਕੌਮਾਂ ਇਨ੍ਹਾਂ ਦੇ ਵੀਰਾਂ ਨੂੰ ਜੀ ਆਇਆਂ ਬੋਲ ਰਹੀਆਂ ਹਨ। ਕਿਤੇ ਖੜ੍ਹਾ ਹੋਣਾ ਤੇ ਸੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਵੈਨਕੂਵਰ ਦੇ ਬਾਹਰ ਕੀ ਹਾਲ ਹੈ, ਜਹਾਜ਼ ਵਿਚਲੇ ਭਾਰਤ ਵਾਸੀ ਕੈਦੀ ਭੁੱਖੇ ਹਨ। ਸਾਂਝੀ ਬਿਪਤਾ ਵਿਚ ਢਿੱਡੋਂ ਭੁੱਖੇ ਹਿੰਦੁਸਤਾਨੀ ਗਲ ਜੱਫੀਆਂ ਪਾਈ ਜਹਾਜ਼ ਵਿਚ ਬੈਠੇ ਸੋਚ ਰਹੇ ਹਨ ਕਿ ਭਾਰਤ ਮਾਤਾ ਦੀ ਨਿਰਾਦਰੀ ਦਾ ਕੀ ਦਾਰੂ ਹੈ? ਹਿੰਦੂ, ਮੁਸਲਮਾਨ ਤੇ ਸਿੱਖ ਅੱਜ ਠੀਕ ਇਕ ਰੂਪ ਤੇ ਇਕ ਜਾਨ ਹਿੰਦੁਸਤਾਨੀ ਕੌਮ ਬਣੇ ਦਿਸ ਰਹੇ ਹਨ। ਕਿਸੇ ਧਰਮ ਜਾਂ ਫਿਰਕੇ ਦਾ ਫਰਕ ਲੱਭਣ ਵਾਲੇ ਨੂੰ ਸੱਦ ਰਹੇ ਹਨ। ਅੰਤ 8 ਜੂਨ ਨੂੰ ਰਾਸ਼ਣ ਪਾਣੀ ਹੱਥ ਲੱਗਾ ਤੇ ਫੇਰ ਭੰਡਾਰੀ ਨੇ ਲੋਹ ਲੰਗਰ ਲਾਉਣ ਦਾ ਹੁਕਮ ਦਿੱਤਾ।

ਕਿਸ਼ਤ

ਉਧਰ ਜਹਾਜ਼ ਵਿਚ ਅੜਿੱਕੇ ਆਏ ਹਿੰਦੀ ਕੈਦੀਆਂ ਨੇ ਦੋ ਤਿੰਨ ਦਿਨਾਂ ਦੇ ਕਰੜੇ ਫਾਕੇ ਮਗਰੋਂ ਮੂੰਹ ਵਿਚ ਗਰਾਹੀ ਪਾਈ ਹੈ। ਇਧਰ ਬਾਹਰ ਦੇ ਭਰਾ ਜਹਾਜ਼ ਦੀ ਕਿਸ਼ਤ ਪੂਰਾ ਕਰਨ ਲਈ ਦੌੜੇ ਫਿਰ ਰਹੇ ਹਨ। ਕਿਸ਼ਤ ਤਾਰਨ ਦੀ ਆਖਰੀ ਤਾਰੀਖ 11 ਜੂਨ ਸੀ, ਸੋ ਬਹਾਦਰ ਹਿੰਦੀਆਂ ਨੇ ਇਸ ਦੁੱਖ ਵਿਚ ਮਾਇਆ ਦੇ ਢੇਰ ਲਾ ਦਿੱਤੇ ਤੇ ਵੈਨਕੂਵਰ ਦੇ ਵੀਰਾਂ ਨੇ ਹੁਮ ਹੁਮਾ ਕੇ ਜੋਸ਼ ਵਿਚ ਉਦਮ ਕੀਤਾ। ਬਾਹਰ ਜੰਗਲਾਂ ਵਿਚ ਬੈਠੇ ਭਰਾਵਾਂ ਨੇ ਭੀ ਸੈਂਕੜੇ ਡਾਲਰਾਂ ਦੀਆਂ ਰਕਮਾਂ ਆਪਣਾ ਧਰਮ ਜਾਣ ਕੇ ਹਾਜ਼ਰ ਕੀਤੀਆਂ। ਹਰ ਇਕ ਭਰਾ ਨੇ ਆਪਣੇ ਵੱਲੋਂ ਕੋਈ ਕਸਰ ਨਾ ਛੱਡੀ। ਇਸ ਲਈ ਮਾਸਟਰ ਹਰਨਾਮ ਸਿੰਘ, ਭਾਈ ਬਲਵੰਤ ਸਿੰਘ ਤੇ ਗੁਰਦਿੱਤ ਸਿੰਘ, ਜਵੈਦ ਸਿੰਘ ਆਦਿ ਵੀਰ ਖਾਸ ਹੁਸ਼ਿਆਰੀ ਨਾਲ ਫਿਰਦੇ ਰਹੇ। ਜਿਥੇ ਜਿਥੇ ਗਏ, ਸਭ ਨੇ ਜੀ ਆਇਆਂ ਕਹਿ ਕੇ ਮਾਇਆ ਹਾਜ਼ਰ ਕੀਤੀ ਤੇ ਅੰਤ 11 ਤਾਰੀਖ ਨੂੰ ਗਿਆਰਾਂ ਹਜ਼ਾਰ ਡਾਲਰ ਨਕਦ ਦੀ ਭਾਰੀ ਰਕਮ ਪੂਰਨ ਹੋ ਗਈ।

ਅੜਿੱਕੇ

ਜਦ ਤਕ ਕਿਸ਼ਤ ਪੂਰੀ ਨਹੀਂ ਹੋਈ ਸੀ, ਉਦੋਂ ਤਕ ਹਿੰਦੀਆਂ ਦੇ ਵੈਰੀ ਇਸ ਤਾੜ ਵਿਚ ਸਨ ਕਿ ਬਸ ਇਕ ਹੀ ਮਰੋੜੇ ਵਿਚ ਜਹਾਜ਼ ਮੁੜ ਜਾਏਗਾ, ਪਰ ਜਦ ਗਿਆਰਾਂ ਹਜ਼ਾਰ ਡਾਲਰ ਨਕਦ ਆਣ ਰਖਿਆ ਤਾਂ ਅੱਗੋਂ ਜਹਾਜ਼ ਦੇ ਏਜੰਟ ਵੱਲੋਂ ਕੁ ਮੌਕੇ ਜਿਹੇ ਉਤਰ ਮਿਲਿਆ ਕਿ 15 ਹਜ਼ਾਰ ਡਾਲਰ ਪੂਰੀ ਤਾਰੋ ਤਾਂ ਮੈਂ ਮਨਜ਼ੂਰ ਕਰਦਾ ਹਾਂ। ਇਸ ਹਾਲ ਵਿਚ ਇਸ ਚਾਣਚਕ ਪਈ ਮਰੋੜੀ ਨੂੰ ਖੋਲ੍ਹਣ ਲਈ ਹਿੰਦੀਆਂ ਨੇ ਫੇਰ ਹੱਲਾ ਕੀਤਾ ਤੇ 15 ਹਜ਼ਾਰ ਡਾਲਰ ਲਿਆ ਰਖਿਆ, ਪਰ ਇਸ ਵਕਤ ਅਸੀਂ ਡਾਹਢੇ ਹੀ ਦੁੱਖ ਤੇ ਰੰਜ ਨਾਲ ਸੁਣ ਰਹੇ ਹਾਂ ਕਿ ਇਸ 'ਤੇ ਹੋਰ ਅੜਿੱਕੇ ਪਾਏ ਗਏ ਹਨ ਤੇ ਵਿਕਟੋਰੀਆ ਟਾਈਮਜ਼ ਅਖਬਾਰ ਤੋਂ ਪਤਾ ਲੱਗਾ ਹੈ ਕਿ ਜਹਾਜ਼ ਦੇ ਮਾਲਕ ਗਵਰਨਮੈਂਟ ਨਾਲ ਰਲ ਕੇ ਅੜਿੱਕੇ ਪਾ ਰਹੇ ਹਨ ਕਿਉਂਕਿ ਹੁਣ 15 ਹਜ਼ਾਰ ਜਦ ਪੂਰਨ ਕੀਤਾ ਹੈ ਤਾਂ ਅੱਗੋਂ ਉਤਰ ਮਿਲਿਆ ਹੈ ਕਿ ਚਾਲੀ ਹਜ਼ਾਰ ਡਾਲਰ ਲਿਆਉ ਤੇ ਨਾਲ ਹੀ ਕਈ ਮਹੀਨਿਆਂ ਦੇ ਚਾਰਟਰ ਦੀ ਗਾਰੰਟੀ ਦਿਉ। ਇਥੇ ਇਹ ਭੀ ਦੱਸਣਾ ਜ਼ਰੂਰੀ ਹੈ ਕਿ ਜਹਾਜ਼ ਅੱਜ ਤਕ ਘਾਟ 'ਤੇ ਨਹੀਂ ਲੱਗਾ ਤੇ ਪਾਣੀ ਦੇ ਵਿਚਕਾਰ ਹੀ ਖੜ੍ਹਾ ਕੀਤਾ ਹੋਇਆ ਹੈ। ਕਿਸੇ ਆਦਮੀ ਨੂੰ ਬਾਹਰ ਨਿਕਲਣ ਨਹੀਂ ਦਿੱਤਾ ਹੈ। ਇਮੀਗਰੇਸ਼ਨ ਵਾਲੇ ਉਸੇ ਤਰ੍ਹਾਂ ਇਕ-ਇਕ ਆਦਮੀ ਦਾ ਹਰ ਰੋਜ਼ ਹੁਲੀਆ ਲੈਂਦੇ ਹਨ ਤੇ ਇਨ੍ਹਾਂ ਖੇਲਾਂ ਵਿਚ ਦੇਰ ਪਾਈ ਜਾ ਰਹੇ ਹਨ।

ਜਾਪਾਨੀ ਮਨਵਰ

ਜਹਾਜ਼ ਨੂੰ ਹੁਣ ਦੀ ਜਗ੍ਹਾ ਬਦਲਣ ਤੋਂ ਦੂਜੀ ਜਗ੍ਹਾ ਦਾ ਹੁਕਮ ਦਿੱਤਾ ਗਿਆ ਸੀ, ਪਰ ਅੰਦਰਲੇ ਹਿੰਦੀਆਂ ਨੇ ਇਹ ਸਮਝ ਕੇ, ਕਿ ਇਸ ਚਾਲ ਨਾਲ ਜਹਾਜ਼ ਨੂੰ ਵਾਪਸ ਮੋੜਨ ਲੱਗੇ ਹਨ। ਇੰਜਣ ਗਰਮ ਨਹੀਂ ਹੋਣ ਦਿੱਤਾ ਤੇ ਜਹਾਜ਼ ਉਥੇ ਹੀ ਖੜ੍ਹਾ ਹੈ। ਵੈਨਕੂਵਰ ਦਾ ਇਕ ਅਖਬਾਰ ਲਿਖਦਾ ਹੈ ਕਿ ਜਾਪਾਨੀ ਮਲਾਹਾਂ ਪਾਸ ਪਿਸਤੌਲਾਂ ਪਹੁੰਚਾਈਆਂ ਗਈਆਂ ਹਨ। ਇਹ ਤਾਂ ਅਸੀਂ ਦਸ ਹੀ ਆਏ ਹਾਂ ਕਿ ਇਮੀਗਰੇਸ਼ਨ ਅਫਸਰ ਹਰ ਰੋਜ਼ ਇਕ-ਇਕ ਆਦਮੀ ਦਾ ਆਪਣੀ ਕਮੇਟੀ ਦੇ ਸਾਹਮਣੇ ਹੌਲੀ-ਹੌਲੀ ਅਜਬ ਤਰ੍ਹਾਂ ਮੁਲਾਹਜਾ ਕਰ ਰਹੇ ਹਨ, ਪਰ ਹੋਰ ਭੀ ਹਨੇਰ ਇਹ ਹੈ ਕਿ ਇਨ੍ਹਾਂ ਆਦਮੀਆਂ ਦੀ ਬਾਬਤ ਕੋਈ ਫੈਸਲਾ ਨਹੀਂ ਦਿੰਦੇ ਕਿਉਂਕਿ ਜੇ ਫੈਸਲਾ ਦੇਣ ਤਾਂ ਮੁਕੱਦਮਾ ਸ਼ੁਰੂ ਹੋ ਸਕਦਾ ਹੈ। ਸੋ ਇਸ ਨਕਾਰੇ ਨੂੰ ਖੋਲ੍ਹਣ ਲਈ ਆਪਣੇ ਵਕੀਲ ਬਰਡ ਨੇ ਇਮੀਗਰੇਸ਼ਨ ਸੁਪਰਡੰਟ ਰੀਡ ਨੂੰ ਕੋਰਟ ਵਿਚ ਸੱਦਿਆ ਹੈ ਕਿ ਉਹ ਦੱਸੇ ਕਿ ਕਿਉਂ ਇਨ੍ਹਾਂ ਆਦਮੀਆਂ ਦੀ ਬਾਬਤ ਪੁੱਛਗਿਛ ਦੀ ਕਮੇਟੀ ਫੈਸਲਾ ਨਹੀਂ ਦਿੰਦੀ? ਇਸ ਦੀ ਬਾਬਤ 22 ਜੂਨ ਨੂੰ ਮੁਕੱਦਮਾ ਪੇਸ਼ ਹੋਵੇਗਾ। ਦੋ ਜਾਪਾਨੀ ਲੜਾਈ ਦੇ ਜਹਾਜ਼ ਵਿਚ ਅੱਜ ਵੈਨਕੂਵਰ ਆ ਪੁੱਜੇ ਹਨ ਜਿਨ੍ਹਾਂ ਦੀ ਗੋਰੇ ਬੜੇ ਆਦਰ ਨਾਲ ਅਗਵਾਈ ਕਰ ਰਹੇ ਹਨ ਤੇ ਹਿੰਦੀਆਂ ਦਾ ਜਿਸ ਤਰ੍ਹਾਂ ਭੀ ਹੋ ਸਕੇ, ਨਿਰਾਦਰ ਕਰਨ ਦਾ ਯਤਨ ਕਰ ਰਹੇ ਹਨ। ਕਈ ਅਖਬਾਰਾਂ ਨੇ ਬੇਸ਼ਰਮੀ ਨਾਲ ਇਹ ਛਾਪਿਆ ਹੈ ਕਿ ਜਾਪਾਨੀ ਸਿਪਾਹੀ ਰਾਈਫਲਾਂ ਸਣੇ ਜਾਪਾਨੀ ਜਹਾਜ਼ਾਂ ਵਿਚੋਂ ਲੈ ਕੇ ਕਾਮਾਗਾਟਾਮਾਰੂ 'ਤੇ ਰੱਖੇ ਜਾਣ ਤੇ ਹਿੰਦੀਆਂ ਨੂੰ ਮੋੜਿਆ ਜਾਵੇ ਤਾਂ ਕਿ ਜੇ ਰਸਤੇ ਵਿਚ ਰੌਲਾ ਪਾਉਣ ਤਾਂ ਜਾਪਾਨੀ ਸਿਪਾਹੀ ਉਨ੍ਹਾਂ ਨੂੰ ਦਬਾ ਕੇ ਠੀਕ ਕਰਨ, ਮਗਰ ਵੈਨਕੂਵਰ ਦੀ ਇਕ ਤਾਰ ਖਬਰ ਹੈ ਕਿ ਗੋਰਿਆਂ ਦੀ ਇਕ ਰਜਮੈਂਟ ਨੂੰ ਤਿਆਰ ਰਹਿਣ ਦਾ ਹੁਕਮ ਦਿੱਤਾ ਗਿਆ ਹੈ ਜਿਸ ਦੇ ਨਾਲ ਦੱਸਿਆ ਗਿਆ ਹੈ ਕਿ ਹਿੰਦੀਆਂ ਨੂੰ ਮੋੜਨ ਲੱਗਿਆਂ ਜੇ ਉਹ ਰੌਲਾ ਕਰਨ ਤਾਂ ਇਹ ਗੋਰੇ ਸਿਪਾਹੀ ਇਨ੍ਹਾਂ ਨਾਲ ਸਿਝਣਗੇ। ਜਹਾਜ਼ ਵਿਚਲੇ ਬਹਾਦਰ ਸਿੱਖ ਤੇ ਹਿੰਦੂ ਵੀਰ ਗੋਰਿਆਂ ਦੀ ਇਨ੍ਹਾਂ ਬੇਸ਼ਰਮੀ ਵਾਲੀਆਂ ਕਰਤੂਤਾਂ ਨੂੰ ਨਿਹਾਇਤ ਕਸ਼ਟ ਵਿਚ ਫਸੇ ਹੋਏ ਗਹੁ ਨਾਲ ਦੇਖ ਰਹੇ ਹਨ।

ਮਰੋੜੀਆਂ

ਮਗਰ ਦੀ ਉਟਾਵੇ ਦੀ ਤਾਰ ਖਬਰ ਹੈ ਕਿ ਕੁਝ ਚਾਲਾਂ ਪੂਰੀਆਂ ਨਿਭਣੀਆਂ ਔਖੀਆਂ ਜਾਪਦੀਆਂ ਹਨ। ਇਹ ਡਰ ਹੋ ਗਿਆ ਹੈ ਕਿ ਜੋ ਮੋੜਨ ਦਾ ਹੁਕਮ ਦਿੱਤਾ ਤਾਂ ਜਹਾਜ਼ ਵਿਚਲੇ ਹਿੰਦੀ ਜਹਾਜ਼ ਦਾ ਇੰਜਣ ਨਹੀਂ ਭਖਣ ਦੇਣਗੇ ਤੇ ਜਹਾਜ਼ ਨੂੰ ਤੁਰਨ ਨਹੀਂ ਦੇਣਗੇ ਤੇ ਉਨ੍ਹਾਂ ਨੂੰ ਘੂਰਨ ਤੇ ਦਬਾਉਣ ਲਈ ਉਧਰ ਹੋਰ ਸਿਪਾਹੀਆਂ ਦੇ ਬੈਠਣ ਜੋਗੀ ਜਗ੍ਹਾ ਨਹੀਂ ਹੈ ਤੇ ਜੇ ਇਕ ਵਾਰ ਉਤਰ ਲੈਣ ਦਿੱਤੇ ਗਏ ਤਾਂ ਮੁਕੱਦਮਾ ਸ਼ੁਰੂ ਹੋ ਜਾਏਗਾ। ਇਸ ਰੱਦੀ ਜੁਗਤ ਤੇ ਕੁਲ ਦੁਨੀਆਂ ਲਾਨ੍ਹਤ ਪਾਵੇਗੀ ਕਿ ਬਹਾਦਰ ਸਿੱਖਾਂ ਨੂੰ ਜਾਪਾਨੀਆਂ ਨੇ ਡਰ ਨਾਲ ਪਿਛਾਂ(ਹ) ਮੋੜਿਆ ਜਾਵੇ।

ਅਖਬਾਰਾਂ ਦੀਆਂ ਰਮਜ਼ਾਂ

ਬ੍ਰਿਟਿਸ਼ ਕੋਲੰਬੀਆ ਦੇ ਕਈ ਅਖਬਾਰ ਨਿਹਾਇਤ ਬੇਸ਼ਰਮੀ ਨਾਲ ਹਿੰਦੀਆਂ ਬਾਬਤ ਨੀਚਤਾ ਭਰੇ ਮਜ਼ਮੂਨ ਲਿਖ ਰਹੇ ਹਨ। ਇਕ ਅਖਬਾਰ ਕਈ ਦਿਨਾਂ ਤੋਂ ਝੂਠੀਆਂ ਤੇ ਬਨਾਉਟੀ ਟਿਚਰਾਂ ਭਰੀਆਂ ਕਹਾਣੀਆਂ ਛਾਪ ਰਿਹਾ ਹੈ। ਇਨ੍ਹਾਂ ਖਿਆਲਾਂ ਨੂੰ ਦੇਖ ਕੇ ਹਰ ਕੋਈ ਕਹਿ ਉਠਦਾ ਹੈ ਕਿ ਇਹ ਗੋਰੇ ਰੰਗ ਦੀ ਹੈਂਕੜ ਵਿਚ ਅੰਧੇ ਹੋ ਰਹੇ ਹਨ ਤੇ ਹਿੰਦੀਆਂ ਦੇ ਉਲਟ ਜੋ ਕੁਝ ਭੀ ਹੋ ਸਕਦਾ ਹੈ, ਕਰਨ ਨੂੰ ਤਿਆਰ ਹਨ। ਈਸਟ (ਪੂਰਬੀ) ਕੈਨੇਡਾ ਦੇ ਵੱਡੇ-ਵੱਡੇ ਜ਼ਬਰਦਸਤ ਅਖਬਾਰਾਂ ਦਾ ਰੁਖ ਬਦਲ ਗਿਆ ਹੈ। ਡਾਕਟਰ ਸੁੰਦਰ ਸਿੰਘ ਜੀ ਨੇ ਇਸ ਜ਼ੁਲਮ ਨੂੰ ਖੋਲ੍ਹਦਿਆਂ ਹੋਇਆ ਉਹ ਉੱਦਮ ਕੀਤਾ ਹੈ, ਇਸ 'ਤੇ ਈਸਟ ਕੈਨੇਡਾ ਦੇ ਅਖਬਾਰ ਜ਼ੁਲਮ-ਜ਼ੁਲਮ ਪੁਕਾਰ ਉਠੇ ਹਨ। ਉਟਾਵੇ ਦੇ 'ਫਰੀਡਮ ਰੇਸ' ਨੇ ਬੜਾ ਜ਼ਬਰਦਸਤ ਐਡੀਟਰੀ ਲੇਖ ਲਿਖਿਆ ਹੈ ਕਿ ਡਾਕਟਰ ਸੁੰਦਰ ਸਿੰਘ ਨੇ ਆਪਣੀ ਕੌਮ 'ਤੇ ਹੋ ਰਹੇ ਜ਼ੁਲਮ ਨੂੰ ਇਸ ਤਰ੍ਹਾਂ ਖੋਲ੍ਹ ਕੇ ਦਸਿਆ ਹੈ ਕਿ ਅਸੀਂ ਉਸ ਤੋਂ ਨਾਂਹ ਨਹੀਂ ਕਰ ਸਕਦੇ। ਗਵਰਨਮੈਂਟ ਨੂੰ ਚਾਹੀਦਾ ਹੈ ਕਿ ਆਪਣੀ ਧਿਕੋਜ਼ੋਰੀ ਚਾਲ ਛੱਡ ਕੇ ਅਸਲੀਅਤ 'ਤੇ ਫੈਸਲਾ ਕਰੇ। ਮੋਂਟਰੀਆਲ ਦਾ ਉੱਘਾ 'ਸਟਾਰ' ਅਖਬਾਰ ਲਿਖਦਾ ਹੈ ਕਿ ਡਾਕਟਰ ਸੁੰਦਰ ਸਿੰਘ ਨੇ ਆਪਣੀ ਕੌਮ 'ਤੇ ਹੋ ਰਹੀ ਬੇ-ਇਨਸਾਫੀ ਦੇ ਚਾਰਜ ਸਾਡੇ 'ਤੇ ਲਾਏ ਹਨ, ਉਹ ਸੱਚ ਹਨ ਤੇ ਸਾਨੂੰ ਉਨ੍ਹਾਂ ਤੋਂ ਝਟਪਟ ਬਰੀ ਹੋਣਾ ਚਾਹੀਦਾ ਹੈ ਤੇ ਹਿੰਦੁਸਤਾਨੀਆਂ ਨਾਲ ਜੋ ਸਖਤੀ ਕਰ ਰਹੇ ਹਾਂ, ਉਸ ਵੱਲੋਂ ਹਟਣਾ ਚਾਹੀਦਾ ਹੈ।

ਈਸਟ ਦੇ ਹੋਰ ਮਸ਼ਹੂਰ ਅਖਬਾਰ 'ਮੋਂਟਰੀਆਲ ਮੇਲ ਹੈਰਲਡ', 'ਟੋਰੰਟੋ ਸਟਾਰ, 'ਮੇਲ', 'ਐਮਪਾਇਰ ਟੈਲੀਗਰਾਮ' ਆਦਿਕ ਅਨੇਕ ਅਖਬਾਰਾਂ ਦੇ ਐਡੀਟਰ ਡਾਕਟਰ ਸੁੰਦਰ ਸਿੰਘ ਜੀ ਦੀਆਂ ਜ਼ਬਰਦਸਤ ਤੇ ਸੱਚੀਆਂ ਦਲੀਲਾਂ ਸੁਣ ਕੇ ਆਪਣੀਆਂ ਕਲਮਾਂ ਨੂੰ ਭੁਆ ਬੈਠੇ ਹਨ। ਡਾਕਟਰ ਜੀ ਰਾਤ ਦਿਨ ਰੁਝੇ ਹੋਏ ਹਨ। ਮੋਂਟਰੀਆਲ, ਟੋਰੰਟੋ, ਉਟਾਵੇ ਆਦਿ ਸ਼ਹਿਰਾਂ ਵਿਚ ਜਗ੍ਹਾ-ਜਗ੍ਹਾ ਹਵਾ ਵਾਂਗਰ ਫਿਰ ਨਿਕਲੇ ਹਨ। ਆਪਣੀ ਕੌਮ 'ਤੇ ਹੋ ਰਹੀ ਧੱਕੇਬਾਜ਼ੀ ਤੇ ਕਾਮਾਗਾਟਾ ਮਾਰੂ ਦੇ ਵੀਰਾਂ ਦੀ ਰੋਕ ਦੇ ਉਲਟ ਜ਼ੋਰਦਾਰ ਦੁਹਾਈ ਪਾ ਰਹੇ ਹਨ। ਵੱਡੇ-ਵੱਡੇ ਐਡੀਟਰਾਂ, ਆਗੂਆਂ ਤੇ ਇਲਮਦਾਰ ਕੈਨੇਡਾ ਦੇ ਲੋਕਾਂ ਨੂੰ ਬਹਿਸ ਤੇ ਚਰਚੇ ਕਰ ਕੇ ਝਗੜ ਕੇ ਡਾਕਟਰ ਜੀ ਨੇ ਜਿਤਿਆ ਹੈ ਤੇ ਪ੍ਰਤੱਖ ਉਨ੍ਹਾਂ ਦੇ ਮੂੰਹ ਤੋਂ ਅਖਵਾਇਆ ਤੇ ਲਿਖਵਾਇਆ ਹੈ ਕਿ ਹਿੰਦੁਸਤਾਨੀਆਂ ਨਾਲ ਕੀ-ਕੀ ਧੱਕੇਬਾਜ਼ੀ ਕਰ ਰਹੇ ਹਨ। ਪੂਰਬੀ ਈਸਟ ਕੈਨੇਡਾ ਤੋਂ ਸਾਡੇ ਕੋਲ ਥੱਬਿਆਂ ਦੇ ਥੱਬੇ ਅਖਬਾਰਾਂ ਦੇ ਆ ਰਹੇ ਹਨ ਜਿਨ੍ਹਾਂ ਵਿਚ ਡਾਕਟਰ ਸੁੰਦਰ ਸਿੰਘ ਦੇ ਲੈਕਚਰ, ਮਜ਼ਮੂਨ ਦੇ ਚਰਚੇ ਛਪ ਰਹੇ ਹਨ। ਹਿੰਦੀਆਂ ਦਾ ਇਕ ਨਿਰਮਾਣ ਸੇਵਾ ਆਪਣਾ ਧਰਮ ਜਾਣ ਕੇ ਆਪਣੀ ਕੌਮ 'ਤੇ ਹੋ ਰਹੇ ਜ਼ੁਲਮ ਦਾ ਢੰਡੋਰਾ ਸਿਰਫ ਆਪਣੀ ਇਕੱਲੀ ਜਾਨ ਤੇ ਡਾਹਢੀ ਹਿੰਮਤ, ਹੁਸ਼ਿਆਰੀ ਤੇ ਫੁਰਤੀ ਨਾਲ ਕੁਲ ਪੂਰਬੀ ਕੈਨੇਡਾ ਵਿਚ ਫੇਰ ਰਿਹਾ ਹੈ।

ਅਸੀਂ ਪੰਜ ਛੇ ਲੇਖ ਅੰਗਰੇਜ਼ੀ ਵਿਚ ਇਸ ਪਰਚੇ ਵਿਚ ਛਾਪੇ ਹਨ। ਗੁਰਮੁਖੀ ਵਿਚ ਜਗ੍ਹਾ ਨਾ ਹੋਣ ਕਰਕੇ ਉਲਥਾ ਕਰਨ ਦਾ ਮੈਨੂੰ ਇਕੱਲੇ ਨੂੰ ਕੰਮ ਬਹੁਤ ਹੋਣ ਕਰਕੇ ਨਹੀਂ ਛਪ ਸਕੇ। ਅਗਲੇ ਪਰਚੇ ਵਿਚ ਛਾਪਣ ਦਾ ਯਤਨ ਕਰਾਂਗਾ। ਭਾਵੇਂ ਬ੍ਰਿਟਿਸ਼ ਕੋਲੰਬੀਆ ਦੇ ਬਹੁਤੇ ਲੋਕ ਧਿਕੋਜ਼ੋਰੀ ਸਾਡੇ ਨਾਲ ਸਭ ਕਿਸਮ ਦੀ ਕਾਰਵਾਈ ਕਰ

ਬਰਕਤ, ਬਰਕਤ ਸਿੰਘ ਉਰਫ ਬਾਬਾ ਬਰਕਤ

ਦਰਦ ਵਿਛੋੜਾ

ਬਾਬੇ ਬਰਕਤ ਦੀ ਇਹ ਕਹਾਣੀ ਬਹੁਤ ਜਜ਼ਬਾਤੀ ਹੈ। ਸੰਤਾਲੀ ਦੀ ਵੰਡ ਨੇ ਪਤਾ ਨਹੀਂ ਕਿੰਨੇ ਦਿਲਾਂ ਅੰਦਰ ਜਗਦੇ ਸਾਂਝਾਂ ਦੇ ਦੀਵੇ ਅਚਾਨਕ ਬੁਝਾ ਦਿੱਤੇ ਅਤੇ ਇਨ੍ਹਾਂ ਜਿਉੜਿਆਂ ਨਾਲ ਦੁੱਖਾਂ ਤੇ ਗਮਾਂ ਦੀਆਂ ਲੜੀਆਂ ਸਦਾ-ਸਦਾ ਲਈ ਜੁੜ ਗਈਆਂ। ਦੋਹਾਂ ਪਾਸਿਆਂ ਦੀਆਂ ਸਰਕਾਰਾਂ ਦੀਆਂ ਦੁਸ਼ਮਣੀਆਂ ਨੇ ਇਨ੍ਹਾਂ ਆਪਣੇ ਲੋਕਾਂ ਨੂੰ ਮਿਲਣ ਦੇ ਮੌਕੇ ਵੀ ਨਸੀਬ ਨਾ ਹੋਣ ਦਿੱਤੇ। ਜਸਵੰਤ ਸਿੰਘ ਸੰਧੂ ਨੇ ਇਸ ਲੇਖ ਵਿਚ ਇਨ੍ਹਾਂ ਤੜਫਦੇ ਜਿਉੜਿਆਂ ਦੀ ਬਾਤ ਸੁਣਾਈ ਹੈ। -ਸੰਪਾਦਕ

ਜਸਵੰਤ ਸਿੰਘ ਸੰਧੂ, ਘਰਿੰਡਾ
ਫੋਨ: 510-516-5971

ਸਾਲ 1947 ਵਿਚ ਪੰਜਾਬ ਦੀ ਵੰਡ ਹੋਈ। ਸਦੀਆਂ ਤੋਂ ਇਕੱਠੇ ਰਹਿੰਦੇ ਪੰਜਾਬੀਆਂ ਨੂੰ ਆਪਣੀ ਜੰਮਣ ਭੋਂ ਅਤੇ ਆਂਢ-ਗੁਆਂਢ ਵਸਦੇ ਜਿਗਰੀ ਦੋਸਤਾਂ ਤੋਂ ਵਿਛੜਨਾ ਪਿਆ। ਉਸ ਵਕਤ 10 ਲੱਖ ਬੇਗੁਨਾਹ ਮਾਰੇ ਗਏ। ਆਪਣੀ ਜਨਮ ਭੋਂ 'ਤੇ ਮੁੜ ਆਪਣੇ ਗੁਆਂਢੀਆਂ ਨੂੰ ਮਿਲਣ ਲਈ ਤਰਸਦੇ ਪਤਾ ਨਹੀਂ ਕਿੰਨੇ ਲੋਕ ਮਤ੍ਰੀਆਂ ਵਿਚ ਸੜ ਗਏ ਅਤੇ ਕਬਰਾਂ ਵਿਚ ਸੌਂ ਗਏ।

ਬਚਪਨ ਦੀਆਂ ਯਾਦਾਂ ਮਨੁੱਖ ਦਾ ਅਖੀਰ ਉਮਰ ਤਕ ਖਹਿੜਾ ਨਹੀਂ ਛੱਡਦੀਆਂ। ਬਚਪਨ ਦੇ ਸਾਥੀ ਯਾਦ ਆਉਂਦੇ ਰਹਿੰਦੇ ਨੇ (ਖਾਸ ਕਰਕੇ ਉਸ ਜਗ੍ਹਾ ਦੇ ਜਿਥੇ ਅਸੀਂ ਵੰਡ ਕਾਰਨ ਜਾ ਨਹੀਂ ਸਕਦੇ) ਜਿਨ੍ਹਾਂ ਨਾਲ ਲੁਕਣ-ਮੀਟੀਆਂ ਖੇਡੀਆਂ। ਜਿਨ੍ਹਾਂ ਨਾਲੋਂ ਅਸੀਂ ਵਿਛੜ ਜਾਂਦੇ ਹਾਂ, ਸਾਡੀ ਯਾਦਦਾਸ਼ਤ ਵਿਚ ਉਨ੍ਹਾਂ ਦੀਆਂ ਕਹਾਣੀਆਂ ਬਾਕੀ ਰਹਿ ਜਾਂਦੀਆਂ ਨੇ। ਉਨ੍ਹਾਂ ਦੀਆਂ ਬਾਤਾਂ ਪਾ-ਪਾ ਕੇ ਅਸੀਂ ਬੀਤੇ ਸੁਪਨੇ ਦੇਖਣ ਦੀ ਕੋਸ਼ਿਸ਼ ਕਰਦੇ ਹਾਂ।

ਪੰਜਾਬ ਦੀ ਵੰਡ ਦੇ ਦਰਦ ਨੂੰ ਮਹਿਸੂਸ ਕਰਦਿਆਂ ਕਈ ਲੇਖਕਾਂ ਨੇ ਇਸ ਦਰਦ ਨੂੰ ਘਟਾਉਣ ਵਾਸਤੇ ਕਹਾਣੀਆਂ ਅਤੇ ਨਾਵਲ ਲਿਖੇ। ਕੁਲਵੰਤ ਸਿੰਘ ਵਿਰਕ ਅਤੇ ਨਾਨਕ ਸਿੰਘ ਨਾਵਲਿਸਟ ਜਿਹੇ ਲੇਖਕਾਂ ਨੇ ਕਈ ਯਾਦਗਾਰੀ ਰਚਨਾਵਾਂ ਕੀਤੀਆਂ। ਇਨ੍ਹਾਂ ਵਿਚ ਕਲਪਨਾ ਘੱਟ ਅਤੇ ਹੋਈ-ਬੀਤੀ ਜ਼ਿਆਦਾ ਸੀ। ਇਨਸਾਨ ਦੇ ਅੰਦਰ ਕਿੰਨਾ ਉਦਰੇਵਾਂ ਹੁੰਦਾ ਹੈ, ਆਪਣਿਆਂ ਨਾਲ ਦਿਲ ਦੀਆਂ ਗੱਲਾਂ ਕਰਨ ਦਾ? ਮੁਲਕ ਆਜ਼ਾਦ ਹੋ ਗਿਆ ਪਰ ਜਿਨ੍ਹਾਂ ਨੂੰ ਇਸ ਆਜ਼ਾਦੀ ਬਦਲੇ ਅਸਹਿ ਤੇ ਅਕਹਿ ਕਸ਼ਟ ਝੱਲਣੇ ਪਏ ਅਤੇ ਕੁਰਬਾਨੀ ਦਾ ਬੱਕਰਾ ਬਣਨਾ ਪਿਆ, ਉਨ੍ਹਾਂ ਦੇ ਅੰਦਰ ਪੈਂਦੀਆਂ ਤਰਾਟਾਂ ਅਜੇ ਤਕ ਮੱਠੀਆਂ ਨਹੀਂ ਪਈਆਂ ਤੇ ਨਾ ਹੀ ਪੈਣਗੀਆਂ।

ਪਾਕਿਸਤਾਨ ਵਿਚ ਲਾਇਲਪੁਰ (ਅੱਜ ਕੱਲ੍ਹ ਫੈਸਲਾਬਾਦ) ਦੇ ਨਾਸਿਰ ਢਿੱਲੋਂ ਅਤੇ ਨਨਕਾਣਾ ਸਾਹਿਬ ਦੇ ਭੁਪਿੰਦਰ ਸਿੰਘ ਲਵਲੀ ਨੇ 'ਪੰਜਾਬੀ ਲਹਿਰ' ਨਾਂ ਦੀ ਸੰਸਥਾ ਬਣਾਈ ਹੈ ਜਿਸ ਵਿਚ ਉਹ 1947 ਤੋਂ ਪਹਿਲਾਂ ਦੇ ਬਜ਼ੁਰਗਾਂ ਨਾਲ ਮੁਲਾਕਾਤਾਂ ਕਰਕੇ, ਯੂਟਿਊਬ ਰਾਹੀਂ ਸਾਂਝੀਆਂ ਕਰਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਵਿਚ ਪੁਰਾਣੀ ਸਾਂਝ ਪੈਦਾ ਕਰਕੇ ਅਮਨ ਬਹਾਲ ਕਰਨ ਦੀ ਤਕੜੀ ਮੁਹਿੰਮ ਚਲਾ ਰਹੇ ਹਨ। ਮੈਂ ਇਹ ਕਾਫੀ ਮੁਲਾਕਾਤਾਂ ਸੁਣੀਆਂ ਨੇ। ਨਾਸਿਰ ਢਿੱਲੋਂ ਜਿਹੜਾ ਸਵਾਲ ਅਖੀਰ ਵਿਚ ਪੁੱਛਦੇ ਨੇ ਕਿ "ਹੁਣ ਵਾਲਾ ਵਸੇਬਾ ਸਹੀ ਹੈ ਕਿ ਵੰਡ ਤੋਂ ਪਹਿਲਾਂ ਵਾਲਾ?" ਤਾਂ ਹਰ ਬਜ਼ੁਰਗ ਦਾ ਇਕੋ ਜਵਾਬ ਹੁੰਦਾ ਹੈ, "ਵੰਡ ਤੋਂ ਪਹਿਲਾਂ ਵਾਲਾ ਠੀਕ ਸੀ, ਹੁਣ ਵਾਲਾ ਨਹੀਂ। ਉਦੋਂ ਮੁਹੱਬਤ ਪਿਆਰ ਸੀ ਪਰ ਹੁਣ ਉਹ ਗੱਲਾਂ ਨਹੀਂ ਰਹੀਆਂ।" ਉਹ ਆਪਣੇ ਪਿੰਡ ਅਤੇ ਸਾਥੀਆਂ ਨੂੰ ਦੇਖਣਾ ਅਤੇ ਮਿਲਣਾ ਚਾਹੁੰਦੇ ਨੇ ਪਰ ਦੋਹਾਂ ਮੁਲਕਾਂ ਦੇ ਹਾਲਤ ਮੁਤਾਬਕ ਉਹ ਆ-ਜਾ ਹੀ ਨਹੀਂ ਸਕਦੇ। ਅੱਜ ਵੀ ਪੁਰਾਣੇ ਪਿੰਡਾਂ ਅਤੇ ਸਾਥੀਆਂ ਨੂੰ ਯਾਦ ਕਰਕੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰਦੇ ਨੇ।

ਮੈਨੂੰ ਸਾਹਿਤ ਪੜ੍ਹਨ ਦਾ ਸ਼ੌਕ ਹੈ। ਮੈਂ ਵੱਖ-ਵੱਖ ਲੇਖਕਾਂ ਦੀਆਂ ਕਹਾਣੀਆਂ, ਨਾਵਲ ਤੇ ਜੀਵਨ-ਗਾਥਾਵਾਂ ਪੜ੍ਹੀਆਂ ਨੇ। ਇਨ੍ਹਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਸੋਹਣ ਸਿੰਘ ਸੀਤਲ ਆਦਿ ਲਿਖਾਰੀਆਂ ਦੀਆਂ ਕਿਤਾਬਾਂ ਸ਼ਾਮਲ ਹਨ। ਜਦ ਮੈਂ ਸੋਹਣ ਸਿੰਘ ਸੀਤਲ ਦੀ ਜੀਵਨ-ਕਹਾਣੀ 'ਵੇਖੀ ਮਾਣੀ ਦੁਨੀਆਂ' ਪੜ੍ਹੀ ਤਾਂ ਉਸ ਵਿਚ ਵੀ 1947 ਦੀ ਵੰਡ ਦਾ ਜ਼ਿਕਰ ਉਨ੍ਹਾਂ ਕੀਤਾ ਹੈ, "ਸਾਡੇ ਪਿੰਡ ਬਾਰੇ ਪਹਿਲਾਂ ਅਫਵਾਹ ਸੀ ਕਿ ਇਹ ਭਾਰਤ ਵਿਚ ਰਹੇਗਾ ਪਰ ਅਚਾਨਕ 17 ਅਗਸਤ ਨੂੰ ਖਬਰ ਆ ਗਈ ਕਿ ਸਾਡਾ ਪਿੰਡ (ਕਾਦੀਵਿੰਡ, ਜ਼ਿਲ੍ਹਾ ਕਸੂਰ, ਪਹਿਲਾਂ ਲਾਹੌਰ) ਪਾਕਿਸਤਾਨ ਵਿਚ ਆ ਗਿਆ ਹੈ। ਸਾਡੇ 'ਤੇ ਬਿਨ ਬਦਲੋਂ ਬਿਜਲੀ ਡਿੱਗ ਪਈ। ਢਾਡੀ ਜਥਾ ਬਣਾਉਣ ਤੋਂ ਬਾਅਦ ਮੈਂ ਵਾਹੀ ਛੱਡੀ ਹੋਈ ਸੀ। ਮੇਰੀ ਜਮੀਨ ਵਾਹੁਣ ਵਾਲੇ ਸਾਰੇ ਮੁਸਲਮਾਨ ਸਨ। ਪਿੰਡ ਵਿਚ ਉਨ੍ਹਾਂ ਦੀ ਗਿਣਤੀ ਵੀ ਸਿੱਖਾਂ ਤੋਂ ਵੱਧ ਸੀ। ਮੇਰੇ ਪਾਸ ਅੱਲ੍ਹਾ ਦਿਤਾ, ਉਸ ਦਾ ਲੜਕਾ ਕਰਮਦੀਨ, ਰੂੜਾ ਤੇ ਮੰਗੂ ਘੁਮਿਆਰ ਆਏ ਤੇ ਕਹਿਣ ਲੱਗੇ, 'ਸਰਦਾਰ ਜੀ! ਅਸੀ ਬਾਰਾਂ-ਤੇਰਾਂ ਸਾਲਾਂ ਤੋਂ ਆਪ ਦਾ ਨਮਕ ਖਾ ਰਹੇ ਹਾਂ। ਇਸ ਔਖ ਵੇਲੇ ਕੰਮ ਨਾ ਆਏ ਤਾਂ ਅਸੀਂ ਕੀ ਹੋਏ। ਜੋ ਹੁਕਮ ਕਰੋ, ਅਸੀਂ ਹਾਜ਼ਰ ਹਾਂ।' ਭਾਰਤ ਵਿਚ 4 ਮੀਲ ਦੀ ਵਿੱਥ 'ਤੇ ਸਨਖਤਰੇ ਪਿੰਡ ਵਿਚ ਮੇਰੀ ਪਤਨੀ ਦੀ ਭੈਣ ਵਿਆਹੀ ਹੋਈ ਸੀ। ਸਨਖਤਰੇ ਵਾਲਾ ਸਬੰਧੀ ਪੂਰਨ ਸਿੰਘ ਗੱਡਾ ਲੈ ਕੇ ਆ ਗਿਆ। ਸਾਰਾ ਸਮਾਨ ਲੱਦ ਕੇ ਅਸੀਂ ਸਨਖਤਰੇ ਆ ਗਏ। ਜਾਣ ਲੱਗੇ ਉਹ ਸਾਰੇ ਰੋ ਰਹੇ ਸਨ।...

ਮਹੀਂ ਦਾ ਵਾਗੀ ਸੀ ਮੀਆਂ ਮੰਗੂ ਦਾ ਪੁੱਤਰ ਬਰਕਤ। ਉਹ ਵੀ ਬਰਕਤ ਸਮੇਤ ਹੱਦ 'ਤੇ ਛੱਡਣ ਵੇਲੇ ਆਪਣੇ ਪੁੱਤਰ ਦੀ ਬਾਂਹ ਮੈਨੂੰ ਫੜ੍ਹਾ ਕੇ ਭਰੀਆਂ ਅੱਖਾਂ ਨਾਲ ਕਹਿਣ ਲੱਗਾ, 'ਸਰਦਾਰ ਜੀ! ਇਹ ਬਾਰਾਂ ਵਰ੍ਹਿਆਂ ਦਾ ਸੀ ਜਦੋਂ ਤੁਹਾਡੇ ਮਾਲ ਮਗਰ ਲੱਗਾ ਸੀ। ਤਿੰਨ ਸਾਲ ਬੀਤੇ ਗਏ ਨੇ, ਤੁਸਾਂ ਇਹਨੂੰ ਪੁੱਤਰਾਂ ਵਾਂਗ ਪਾਲਿਆ ਹੈ। ਪੁੱਤਰਾਂ ਦੇ ਬਰਾਬਰ ਦੁੱਧ ਤੇ ਉਨ੍ਹਾਂ ਵਰਗੇ ਹੀ ਕੱਪੜੇ ਦਿੱਤੇ ਨੇ, ਤੁਸਾਂ ਇਸ ਨੂੰ ਬੜਾ ਪਿਆਰ ਦਿੱਤਾ ਹੈ। ਅੱਜ ਤੋਂ ਇਹ ਤੁਹਾਡਾ ਪੁੱਤਰ ਹੋਇਆ। ਇਸ ਨੂੰ ਅੰਮ੍ਰਿਤ ਛਕਾ ਕੇ ਸਿੱਖ ਬਣਾ ਲਉ।' ਅੱਖਾਂ ਪੁੰਝਦੀ ਮੰਗੂ ਦੀ ਘਰਵਾਲੀ ਬੋਲੀ, 'ਸਰਦਾਰ ਜੀ! ਮੈਂ ਇਹਨੂੰ ਬੱਤੀ ਧਾਰਾਂ ਬਖਸ਼ੀਆਂ। ਇਹ ਅੱਜ ਤੋਂ ਤੁਹਾਡਾ ਹੋਇਆ (ਉਸ ਵੇਲੇ ਮੈਂ ਸੋਚ ਰਿਹਾ ਸਾਂ, ਜੋ ਇਨਸਾਨੀਅਤ ਆਮ ਮਨੁੱਖਾਂ ਵਿਚ ਹੈ, ਉਹ ਕਿਤੇ ਨੀਤੀਵਾਨਾਂ ਵਿਚ ਹੁੰਦੀ ਤਾਂ ਇਸ ਮੁਲਕ ਦੇ ਟੁਕੜੇ ਨਾ ਹੁੰਦੇ। ਨੀਤੀਵਾਨਾਂ ਦੀ ਤੰਗਦਿਲੀ ਨੇ ਮੁਲਕ ਦੀ ਖੂਬਸੂਰਤੀ ਮਾਰ ਦਿੱਤੀ ਹੈ)।

ਇਸ ਪਾਸੇ ਆ ਕੇ ਬਰਕਤ ਤਿੰਨ ਦਿਨ ਸਾਡੇ ਕੋਲ ਰਿਹਾ। ਉਹ ਬਹੁਤ ਖੁਸ਼ ਸੀ ਕਿ ਉਹ ਸਾਰੀ ਉਮਰ ਸਾਡੇ ਨਾਲ ਰਹੇਗਾ। ਉਸ ਵੇਲੇ ਉਹਦੇ ਸਿਰ ਦੇ ਵਾਲ ਵਾਹਵਾ ਛੇ-ਛੇ ਇੰਚ ਲੰਮੇ ਸਨ। ਉਹ ਧਾਗੇ ਨਾਲ ਇਕੱਠੇ ਕਰਕੇ ਬੰਨ੍ਹ ਲੈਂਦਾ ਤੇ ਪੱਗ ਬੜੀ ਘੋਟ ਕੇ ਬੰਨ੍ਹਦਾ।

ਤੀਸਰੇ ਦਿਨ ਅਜਿਹੀ ਘਟਨਾ ਘਟੀ ਜਿਸ ਕਾਰਨ ਮੈਂ ਬਰਕਤ ਨੂੰ ਵਾਪਸ ਭੇਜਣ ਦਾ ਫੈਸਲਾ ਕਰ ਲਿਆ। ਇਕ ਬੁਢੜਾ ਜਿਹਾ ਫਕੀਰ ਪਾਕਿਸਤਾਨ ਨੂੰ ਜਾ ਰਿਹਾ ਸੀ। ਮਾੜੀ ਜਿਹੀ ਟੈਰ ਸੀ ਉਹਦੇ ਥੱਲੇ। ਪਿੰਡ ਦੇ ਮੁੰਡਿਆਂ ਦੀ ਨਜ਼ਰ ਪੈ ਗਿਆ। ਚਾਰ-ਪੰਜ ਮੁੰਡੇ ਪੰਦਰਾਂ ਸਾਲ ਤੋਂ ਛੋਟੀ ਉਮਰ ਦੇ ਸਨ। ਐਵੇਂ ਖੇਡ (ਦੋਹੀਂ ਪਾਸੀਂ ਬੇਗੁਨਾਹ ਇਨਸਾਨ ਨੂੰ ਮਾਰਨਾ ਉਸ ਵਕਤ ਖੇਡ ਹੀ ਬਣ ਗਈ ਸੀ) ਵਜੋਂ ਹੀ ਉਨ੍ਹਾਂ ਬਰਛੀਆਂ ਮਾਰ ਕੇ ਉਸ ਫਕੀਰ ਨੂੰ ਮਾਰ ਦਿੱਤਾ ਤੇ ਮਰੀ ਜਿਹੀ ਟੈਰ ਖੋਹ ਕੇ ਲੈ ਆਏ। ਮਰਨ ਵਾਲੇ ਦੀ ਸਾਰੀ ਜਾਇਦਾਦ ਨਿਕਲੀ, ਦੋ-ਤਿੰਨ ਰੁਪਏ ਦਾ ਭਾਨ, ਦੋ ਕੁ ਸੇਰ ਆਟਾ ਗੁਥਲੀ ਵਿਚ ਤੇ ਦੋ ਮੈਲੀਆਂ ਜਿਹੀਆਂ ਜੁੱਲੀਆਂ।

ਸਾਰੀ ਰਾਤ ਮੈਂ ਸੋਚਦਾ ਰਿਹਾ, ਜੇ ਕਿਸੇ ਨੇ ਬਰਕਤ ਨੂੰ ਮਾਰ ਦਿੱਤਾ ਤਾਂ ਸਾਰੀ ਉਮਰ ਇਹ ਭਾਰ ਮੇਰੀ ਆਤਮਾ ਤੋਂ ਨਹੀਂ ਲਹੇਗਾ।

ਅਗਲੇ ਦਿਨ ਮੈਂ ਬਰਕਤ ਨੂੰ ਫੈਸਲਾ ਸੁਣਾਇਆ ਤਾਂ ਉਹ ਕਹੇ, ਮੈਂ ਨਹੀਂ ਜਾਣਾ। ਉਹਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, 'ਐਡੇ-ਐਡੇ ਮੇਰੇ ਵਾਲ ਨੇ। ਦਾੜ੍ਹੀ ਅਜੇ ਮੈਨੂੰ ਆਈ ਨਹੀਂ। ਪੁੱਛਣ ਵਾਲਿਆਂ ਨੂੰ ਮੈਂ ਦੱਸਦਾ ਹਾਂ, ਮੈਂ ਗਿਆਨੀ ਜੀ ਦਾ ਛੋਟਾ ਪੁੱਤਰ ਆਂ। ਮੇਰਾ ਨਾਂ ਬਰਕਤ ਸਿੰਘ ਏ।'

ਅਖੀਰ ਮੈਂ ਉਸ ਨੂੰ ਦਿਲਾਸਾ ਦੇ ਕੇ ਕਿਹਾ, 'ਜ਼ਰਾ ਠੰਢ-ਠੰਢੋੜਾ ਹੋ ਲੈਣ ਦੇ। ਜੇ ਦੋਹਾਂ ਸਰਕਾਰਾਂ ਨੇ ਆਗਿਆ ਦਿੱਤੀ ਤਾਂ ਅਸੀਂ ਤੈਨੂੰ ਆਪਣੇ ਕੋਲ ਸੱਦ ਲਵਾਂਗੇ।'

ਮੁੱਕਦੀ ਗੱਲ: ਦੋ ਆਦਮੀ ਨਾਲ ਦੇ ਕੇ ਮੈਂ ਉਹਨੂੰ ਵਾਪਸ ਪਿੰਡ ਭੇਜ ਦਿੱਤਾ।"

ਮੈਂ ਜਜ਼ਬਾਤੀ ਕਿਸਮ ਦਾ ਬੰਦਾ ਹਾਂ। ਸੰਤਾਲੀ ਵਿਚ ਵਾਪਰੀਆਂ ਅਜਿਹੀਆਂ ਘਟਨਾਵਾਂ ਮੇਰੇ ਮਨ 'ਤੇ ਡੂੰਘਾ ਅਸਰ ਕਰਦੀਆਂ ਨੇ। 'ਵੇਖੀ ਮਾਣੀ ਦੁਨੀਆਂ' ਵਿਚ ਬਰਕਤ ਦਾ ਉਪਰੋਕਤ ਜ਼ਿਕਰ ਪੜ੍ਹ ਕੇ ਮੇਰੇ ਮਨ ਵਿਚ ਖਿਆਲ ਆਇਆ ਕਿ ਬਾਪੂ ਸੀਤਲ ਜੀ (ਜਿਨ੍ਹਾਂ ਦਾ ਮੈਂ ਵੱਡਾ ਪ੍ਰਸ਼ੰਸਕ ਹਾਂ) ਦੇ ਇਸ 'ਵੇਖੀ ਮਾਣੀ ਦੁਨੀਆਂ' ਦੇ ਪਾਤਰ ਬਰਕਤ ਦਾ ਪਤਾ ਕੀਤਾ ਜਾਵੇ। ਫੇਸਬੁਕ 'ਤੇ ਸੀਤਲ ਜੀ ਦੇ ਪਿੰਡ ਲਾਗਲੇ ਪਿੰਡ ਖੁੱਡੀਆਂ ਦਾ ਸਈਅਦ ਦਿਲਦਾਰ ਹੁਸੈਨ ਸ਼ਾਹ ਮੇਰਾ ਫੇਸਬੁੱਕ ਫਰੈਂਡ ਬਣ ਗਿਆ। ਮੈਂ ਉਸ ਨੂੰ ਬਰਕਤ ਬਾਰੇ ਪਤਾ ਕਰਨ ਲਈ ਕਿਹਾ। ਉਹ ਕਾਦੀਵਿੰਡ ਗਏ ਅਤੇ ਪਤਾ ਲੱਗਾ ਕਿ ਬਾਬਾ ਬਰਕਤ ਜਿਉਂਦਾ ਹੈ। ਹੁਣ ਉਸ ਦੀ ਉਮਰ ਪੱਚਾਸੀ ਸਾਲ ਹੋ ਚੁਕੀ ਸੀ। ਮੈਨੂੰ ਉਨ੍ਹਾਂ ਖੁਸ਼ਖਬਰੀ ਦਿੱਤੀ ਕਿ ਉਹਨੇ ਅੱਜ ਹੀ ਬਾਬੇ ਬਰਕਤ ਨੂੰ ਸੱਦ ਕੇ 'ਵੇਖੀ ਮਾਣੀ ਦੁਨੀਆਂ' ਵਿਚ ਲਿਖੀਆਂ ਗੱਲਾਂ ਦੱਸੀਆਂ ਤਾਂ ਉਸ ਨੇ ਸੀਤਲ ਜੀ ਦੇ ਚਾਚੇ ਵਧਾਵਾ ਸਿੰਘ ਅਤੇ ਉਸ ਵਕਤ ਦੇ ਢਾਡੀ ਜਥੇ ਦੇ ਸਾਥੀਆਂ ਦੇ ਨਾਂ ਦੱਸੇ। ਉਹ ਹੀ ਉਹ ਬਾਬੇ ਬਰਕਤ ਸਮੇਤ ਸਾਰੇ ਕਾਦੀਵਿੰਡ ਪਿੰਡ ਦੀ ਡਾਕੂਮੈਂਟਰੀ ਫਿਲਮ ਬਣਾਉਣ ਵਾਸਤੇ ਟਾਈਮ ਦੇ ਕੇ ਆਇਆ ਪਰ 30 ਜੁਲਾਈ ਉਸ ਦੇ ਕਾਦੀਵਿੰਡ ਵਾਲੇ ਰਿਸ਼ਤੇਦਾਰ ਨੇ ਖਬਰ ਦਿੱਤੀ ਕਿ ਬਾਬੇ ਬਰਕਤ ਦੀ ਮੌਤ ਹੋ ਗਈ ਹੈ। ਪਿੰਡ ਵਿਚ ਗੱਲਾਂ ਹੋ ਰਹੀਆਂ ਨੇ ਕਿ 1947 ਵਿਚ ਸੀਤਲ ਜੀ ਦਾ ਪੁੱਤ ਬਣਨ ਤੇ ਵਾਪਸ ਕਾਦੀਵਿੰਡ ਪਿੰਡ ਆਉਣ ਦੀਆਂ ਗੱਲਾਂ ਸੁਣ ਕੇ ਬਾਬੇ ਦਾ 'ਹਉਕਾ' ਨਿਕਲ ਗਿਆ ਅਤੇ ਉਹ ਪੂਰਾ ਹੋ ਗਿਆ। ਮੌਤ ਦੀ ਖਬਰ ਨੇ ਸਾਰੇ ਪਿੰਡ ਨੂੰ ਹੈਰਾਨ ਕਰ ਦਿੱਤਾ। ਮੈਨੂੰ ਵੀ ਉਸ ਦੀ ਮੌਤ ਦਾ ਡੂੰਘਾ ਅਫਸੋਸ ਹੋਇਆ। ਸਰੀਰਕ ਸੱਟ ਨਾਲੋਂ ਮਾਨਸਿਕ ਸੱਟ ਮਨੁੱਖੀ ਮਨ 'ਤੇ ਵੱਧ ਅਸਰ ਕਰਦੀ ਹੈ। ਸਦਮੇ ਨਾਲ ਹੁੰਦੀਆਂ ਮੌਤਾਂ ਆਮ ਅਖਬਾਰਾਂ ਵਿਚ ਛਪਦੀਆਂ ਹਨ। ਬਨੇਰੇ ਨੂੰ ਹੱਥ ਪੈਣ ਵਾਲਾ ਸੀ, ਕਮੰਦ ਟੁੱਟ ਗਈ।

ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਜੀਵਨ-ਕਹਾਣੀ 'ਮੰਜ਼ਲ ਦਿਸ ਪਈ' ਵਿਚ ਅਜਿਹੀ ਘਟਨਾ ਦਾ ਜ਼ਿਕਰ ਕੀਤਾ ਹੈ: "ਗੁਰਦੁਆਰਾ ਪੰਜਾ ਸਾਹਿਬ 1935 ਵਿਚ ਮੇਰੀ ਨਿਗਰਾਨੀ ਹੇਠ ਬਣਿਆ। ਇਸ ਦੇ ਪ੍ਰਬੰਧਕ ਸ. ਤਰਲੋਕ ਸਿੰਘ ਗੁਰੂਘਰ ਦੇ ਅਣਥੱਕ ਤੇ ਨਿਸ਼ਕਾਮ ਸੇਵਕ ਸਨ। ਮੈਂ ਉਨ੍ਹਾਂ ਨੂੰ ਅਣਥੱਕ ਕੰਮ ਕਰਦਿਆਂ ਦੇਖਿਆ। ਉਹ ਯਾਤਰੂਆਂ ਦਾ ਅਸਬਾਬ ਆਪਣੇ ਸਿਰ 'ਤੇ ਚੁੱਕਣੋਂ ਵੀ ਸੰਕੋਚ ਨਾ ਕਰਦੇ। ਹਰ ਇਕ ਨਾਲ ਨਿਮਰਤਾ ਨਾਲ ਮਿੱਠਾ ਬੋਲਦੇ। ਉਨ੍ਹਾਂ ਦੇ ਉਦਮ ਨਾਲ ਸੈਂਕੜੇ ਕਮਰੇ ਉਸਰ ਗਏ। ਪੱਖਿਆਂ ਸਮੇਤ ਕਈ ਸਹੂਲਤਾਂ ਪੈਦਾ ਕਰ ਦਿੱਤੀਆਂ। ਯਾਤਰੂਆਂ ਦੀ ਗਿਣਤੀ ਵੀ ਵਧ ਗਈ ਪਰ ਇਸ ਤੋਂ ਪਹਿਲਾਂ ਕੋਠੇ ਭਾਵੇਂ ਕੱਚੇ ਸਨ, ਯਾਤਰੂ ਸਾਰੀ ਰਾਤ ਸ਼ਬਦ ਪੜ੍ਹਦੇ ਰਹਿੰਦੇ। ਉਨ੍ਹਾਂ ਦੇ ਚਿਹਰਿਆਂ 'ਤੇ ਸ਼ਰਧਾ ਦੀ ਕੋਈ ਖਾਸ ਮਿਠਾਸ ਹੁੰਦੀ ਸੀ।

ਉਨ੍ਹਾਂ ਨੇ ਮੇਰੇ ਨਾਲ ਸ਼ੰਕਾ ਪ੍ਰਗਟ ਕੀਤਾ, 'ਏਸ ਗੁਰਦੁਆਰੇ ਦੀ ਵਧੀ ਆਮਦਨ ਤੇ ਰੌਣਕ ਮੈਨੂੰ ਤਸੱਲੀ ਤਾਂ ਬਹੁਤ ਦੇਂਦੀ ਹੈ। ਕਦੇ-ਕਦੇ ਕਮੇਟੀ ਦੇ ਮੈਂਬਰਾਂ ਵਿਚ ਵਧਦੀ ਖਿਚੋਤਾਣ, ਯਾਤਰੂਆਂ ਵਿਚ ਸ਼ਰਧਾ ਦੀ ਥਾਂ ਕਵੱਲੀਆਂ ਰੁਚੀਆਂ। ਧਾਰਮਿਕ ਆੜ ਹੇਠ ਐਸ਼ ਭਰੀ ਛੁੱਟੀ ਮਨਾਉਣ ਆਉਂਦੇ ਨੇ। ਕਈ ਘਟਨਾਵਾਂ ਮੈਨੂੰ ਉਪਰਾਮ ਕਰ ਦੇਂਦੀਆਂ ਹਨ। ਮੈਂ ਛੱਡ ਕੇ ਕਿਧਰੇ ਚਲਾ ਜਾਣਾ ਚਾਹੁੰਦਾ ਹਾਂ। ਕਤਲ ਹੋਇਆ ਹੈ, ਵਿਭਚਾਰ ਦੀਆਂ ਸ਼ਿਕਾਇਤਾਂ ਆਉਂਦੀਆਂ ਨੇ। ਕਮਰੇ, ਬਰਤਨਾਂ ਤੇ ਬਿਸਤਰਿਆਂ ਤੋਂ ਲੋਕ ਲਾਲੋ-ਲਾਲ ਹੋ ਕੇ ਅੱਖਾਂ ਕੱਢਣ ਲੱਗ ਪੈਂਦੇ ਨੇ। ਲੜਾਈ ਤਕ ਦੀ ਨੌਬਤ ਆ ਜਾਂਦੀ ਹੈ। ਮੇਰੇ ਉਦਮ ਨੇ ਨਿਜੀ ਖੁਸ਼ੀਆਂ ਦੇ ਲੋਚਕਾਂ ਦੀ ਭੀੜ ਗੁਰੂ ਨਾਨਕ ਦੇ ਘਰ ਲਿਆ ਇਕੱਠੀ ਕੀਤੀ ਹੈ ਤੇ ਇਸ ਭੀੜ-ਭੜੱਕੇ ਤੋਂ ਉਕਤਾ ਕੇ ਗੁਰੂ ਨਾਨਕ ਦੀ ਰੂਹ ਇਥੋਂ ਕਿਸੇ ਹੋਰ ਥਾਂ ਚਲੀ ਗਈ ਹੈ।"

ਸ. ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ, ਉਨ੍ਹਾਂ ਦੇ ਅੰਤਹਕਰਨ ਵਿਚ ਕਿਸੇ ਬੇ-ਅਨੁਕੂਲਤਾ ਦੀ ਬੇਚੈਨੀ ਸੀ। ਮੇਰਾ ਯਕੀਨ ਇਹੋ ਹੈ ਕਿ ਇਸੇ ਆਤਮਿਕ ਵਿਪਰੀਤੀ ਕਾਰਨ ਉਨ੍ਹਾਂ ਦੀ ਮੌਤ ਛੇਤੀ ਹੀ ਹੋ ਗਈ।

ਮੇਰਾ ਵੀ ਖਿਆਲ ਹੈ ਕਿ ਸ਼ਾਇਦ ਬਾਬਾ ਬਰਕਤ ਦੀ ਮੌਤ ਇਸੇ ਕਰਕੇ ਹੋਈ ਹੈ। ਸੀਤਲ ਜੀ ਦੀ 'ਵੇਖੀ ਮਾਣੀ ਦੁਨੀਆਂ' ਵਾਲਾ ਤੇਰਾਂ ਸਾਲਾ, ਪੱਗ ਬੰਨ੍ਹਣ ਵਾਲਾ ਬਰਕਤ ਜ਼ਿੰਦਗੀ ਭਰ ਮੇਰੀ ਯਾਦਦਾਸ਼ਤ 'ਚ ਉਕ

ਇੰਜ ਹੋਇਆ ਸੀ ਅਮਰੀਕਾ ਵਿਚੋਂ ਗੁਲਾਮੀ ਦਾ ਅੰਤ

ਅਮਰੀਕਾ ਵਿਚ ਗੁਲਾਮਾਂ ਦਾ ਵਪਾਰ ਕਰੀਬ 250 ਸਾਲ ਚਲਦਾ ਰਿਹਾ। ਸਭ ਤੋਂ ਪਹਿਲਾਂ ਸੰਨ 1619 ਵਿਚ ਵਰਜੀਨੀਆ 'ਚ ਗੁਲਾਮ ਅਫਰੀਕਾ ਤੋਂ ਲਿਆਂਦੇ ਗਏ। ਅਠਾਰ੍ਹਵੀਂ ਸਦੀ ਵਿਚ 11 ਮਿਲੀਅਨ (ਇਕ ਕਰੋੜ ਦਸ ਲੱਖ) ਅਫਰੀਕੀ ਗੁਲਾਮ ਅਮਰੀਕਾ ਵਿਚ ਲਿਆਂਦੇ ਗਏ। ਗੁਲਾਮ ਵੋਟ ਨਹੀਂ ਪਾ ਸਕਦੇ ਸਨ। ਉਨ੍ਹਾਂ ਨੂੰ ਪਸ਼ੂਆਂ ਵਾਂਗ ਖਰੀਦਿਆ-ਵੇਚਿਆ ਜਾ ਸਕਦਾ ਸੀ। ਉਹ ਕੋਈ ਜਾਇਦਾਦ ਆਪਣੇ ਨਾਂ ਨਹੀਂ ਸੀ ਲੈ ਸਕਦੇ। ਉਸ ਸਮੇਂ ਦੇ ਅਖਬਾਰਾਂ ਵਿਚ ਗੁਲਾਮਾਂ ਦੀ ਵਿਕਰੀ ਲਈ ਇਸ਼ਤਿਹਾਰ ਛਪਦੇ ਸਨ। ਮਾਲਕ ਇਕ ਸਟੇਟ ਤੋਂ ਦੂਜੀ ਸਟੇਟ ਵਿਚ ਜਾਣ ਸਮੇਂ ਆਪਣੇ ਗੁਲਾਮਾਂ ਨੂੰ ਵੀ ਨਾਲ ਲਿਜਾ ਸਕਦੇ ਸਨ। ਇੰਗਲੈਂਡ, ਫਰਾਂਸ ਅਤੇ ਸਪੇਨ ਵਿਚੋਂ ਇੰਗਲੈਂਡ ਨੇ ਸਭ ਤੋਂ ਪਹਿਲਾਂ ਗੁਲਾਮੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਈਸਾਈ ਮਿਸ਼ਨਰੀਆਂ ਨੇ ਗੁਲਾਮਾਂ ਦੀ ਆਜ਼ਾਦੀ ਲਈ ਸ਼ਲਾਘਾਯੋਗ ਕੰਮ ਕੀਤਾ।

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਆਮ ਧਾਰਨਾ ਤਾਂ ਇਹੀ ਹੈ ਕਿ ਗੋਰੇ ਲੋਕ ਹੀ ਗੁਲਾਮਾਂ ਦੇ ਮਾਲਕ ਸਨ ਅਤੇ ਉਹ ਹੀ ਇਨ੍ਹਾਂ ਦੀ ਖਰੀਦੋ-ਫਰੋਖਤ ਕਰਦੇ ਸਨ। ਲੂਸੀਆਨਾ ਸਟੇਟ ਵਿਚ 6 ਕਾਲੇ ਅਜਿਹੇ ਸਨ, ਜਿਨ੍ਹਾਂ ਕੋਲ 65 ਤੋਂ ਵੱਧ ਕਾਲੇ ਗੁਲਾਮ ਸਨ। ਸੰਨ 1860 ਵਿਚ ਦੱਖਣੀ ਕੈਰੋਲਾਈਨਾ ਵਿਚ 125 ਆਜ਼ਾਦ ਕਾਲੇ ਕਿਸਾਨਾਂ ਨੇ ਗੁਲਾਮ ਰੱਖੇ ਹੋਏ ਸਨ। ਉਨ੍ਹਾਂ ਵਿਚੋਂ 6 ਕੋਲ 10 ਤੋਂ ਵੱਧ ਗੁਲਾਮ ਸਨ।

ਸੰਨ 1824 ਤੋਂ ਅਮਰੀਕਾ ਦੀਆਂ ਦੱਖਣੀ ਅਤੇ ਉਤਰੀ ਸਟੇਟਾਂ ਵਿਚਕਾਰ ਮਤਭੇਦ ਉਭਰਨੇ ਸ਼ੁਰੂ ਹੋ ਗਏ, ਜਿਨ੍ਹਾਂ ਦੇ ਦੋ ਮੁੱਖ ਕਾਰਨ ਸਨ- ਪਹਿਲਾ, ਗੁਲਾਮਾਂ ਦਾ ਅਤੇ ਦੂਜਾ, ਵਿਦੇਸ਼ਾਂ ਤੋਂ ਆਉਣ ਵਾਲੇ ਮਾਲ ਉਤੇ ਕਰ (ਟੈਕਸ)। ਦੱਖਣੀ ਸਟੇਟਾਂ ਦੀ ਆਰਥਕਤਾ ਖੇਤੀਬਾੜੀ 'ਤੇ ਆਧਾਰਤ ਅਤੇ ਉਤਰੀ ਸਟੇਟਾਂ ਦੀ ਆਰਥਕਤਾ ਉਦਯੋਗ 'ਤੇ ਆਧਾਰਤ ਸੀ। ਸੰਨ 1860 'ਚ ਦੋਵਾਂ ਖਿੱਤਿਆਂ ਬਾਰੇ ਅੰਕੜਿਆਂ ਦਾ ਵੇਰਵਾ ਇਸ ਤਰ੍ਹਾਂ ਸੀ:

	ਦੱਖਣ	ਉਤਰ
ਆਬਾਦੀ	29%	71%
ਧਨ ਦੌਲਤ	25%	75%
ਰੇਲ ਗੱਡੀਆਂ	28%	72%
ਉਦਯੋਗ	15%	85%

ਸੰਖੇਪ ਵਿਚ ਉਤਰੀ ਅਮਰੀਕਾ ਵਾਲੇ ਦੱਖਣ ਵਾਲਿਆਂ ਨਾਲੋਂ ਹਰ ਪੱਖੋਂ ਸੁਖਾਲੇ ਸਨ। ਦੱਖਣੀ ਹਿੱਸੇ ਵਾਲਿਆਂ ਨੂੰ ਖੇਤੀਬਾੜੀ ਲਈ ਗੁਲਾਮਾਂ ਦੀ ਲੋੜ ਸੀ, ਜੋ ਬਹੁਤੇ ਅਫਰੀਕੀ ਸਨ। ਸਪੇਨ ਤੋਂ ਆਏ ਆਬਾਦਕਾਰਾਂ ਨੇ ਅਮਰੀਕਾ ਦੇ ਮੂਲ ਵਾਸੀ ਰੈਡ ਇੰਡੀਅਨਜ਼ ਨੂੰ ਗੁਲਾਮ ਬਣਾ ਕੇ ਉਨ੍ਹਾਂ ਤੋਂ ਕੰਮ ਲੈਣਾ ਚਾਹਿਆ ਤਾਂ ਉਹ ਜਾਂ ਤਾਂ ਲੜ ਕੇ ਮਰ ਜਾਂਦੇ ਜਾਂ ਭੱਜ ਜਾਂਦੇ। ਖੇਤੀ ਦੇ ਕੰਮ ਲਈ ਅਫਰੀਕੀ ਕਾਲੇ ਠੀਕ ਸਾਬਤ ਹੋਏ। ਉਤਰੀ ਭਾਗ ਵਿਚ ਫਾਰਮ ਛੋਟੇ-ਛੋਟੇ ਸਨ, ਜਿਨ੍ਹਾਂ ਵਿਚ ਮਾਲਕ ਆਪ ਜਾਂ ਆਪਣੇ ਬੱਚਿਆਂ ਨਾਲ ਕੰਮ ਕਰਕੇ ਗੁਜ਼ਾਰਾ ਕਰ ਲੈਂਦੇ ਸਨ। ਇਸ ਲਈ ਉਤਰ ਵਾਲੇ ਗੁਲਾਮੀ ਹਟਾਉਣ ਦੇ ਹੱਕ ਵਿਚ ਸਨ ਅਤੇ ਦੱਖਣ ਵਾਲੇ ਗੁਲਾਮਾਂ ਨੂੰ ਆਜ਼ਾਦ ਕਰਨ ਦੇ ਸਖਤ ਖਿਲਾਫ ਸਨ।

ਉਸ ਸਮੇਂ ਅਮਰੀਕਾ ਦੀਆਂ 22 ਸਟੇਟਾਂ ਸਨ: 11 ਆਜ਼ਾਦ ਅਤੇ 11 ਗੁਲਾਮੀ ਵਾਲੀਆਂ। ਪ੍ਰਤੀਨਿਧ ਸਭਾ ਵਿਚ ਉਤਰੀ ਸਟੇਟਾਂ ਦੀ ਬਹੁਗਿਣਤੀ ਸੀ, ਕਿਉਂਕਿ ਪ੍ਰਤੀਨਿਧ ਸਭਾ ਦੇ ਮੈਂਬਰ ਵੋਟਰਾਂ ਦੀ ਕੁਲ ਗਿਣਤੀ ਦੇ ਹਿਸਾਬ ਨਾਲ ਚੁਣੇ ਜਾਂਦੇ ਸਨ। ਆਮ ਤੌਰ 'ਤੇ ਖਾਨਜੰਗੀ (ਸਿਵਲ ਵਾਰ) ਨੂੰ ਵੱਡੇ ਜ਼ਿਮੀਦਾਰਾਂ ਅਤੇ ਉਦਯੋਗਪਤੀਆਂ ਵਿਚਕਾਰ ਜੰਗ ਵੀ ਸਮਝਿਆ ਜਾਂਦਾ ਸੀ। ਰਾਸ਼ਟਰਪਤੀ ਜੈਫਰਸਨ ਨੇ ਹਾਲਾਤ ਨੂੰ ਦੇਖਦਿਆਂ ਕਿਹਾ ਸੀ, "ਦੱਖਣ ਵਾਲਿਆਂ ਨੇ ਬਘਿਆੜ ਨੂੰ ਕੰਨ ਤੋਂ ਫੜਿਆ ਹੋਇਆ ਹੈ", ਜਿਸ ਦਾ ਭਾਵ ਸੀ ਕਿ ਗੁਲਾਮੀ ਨੂੰ ਜਾਰੀ ਰਖਣਾ ਵੀ ਖਤਰਨਾਕ ਹੈ ਅਤੇ ਇਸ ਨੂੰ ਹਟਾਉਣਾ ਵੀ ਖਤਰਨਾਕ। ਰਾਸ਼ਟਰਪਤੀ ਵਾਸ਼ਿੰਗਟਨ ਵੀ ਗੁਲਾਮੀ ਦੇ ਖਿਲਾਫ ਸੀ ਅਤੇ ਉਸ ਨੇ ਕਿਹਾ ਸੀ, "ਗੁਲਾਮ ਇਸ ਮੁਲਕ ਵਿਚ ਯੂਰਪੀਅਨ ਲਿਆਏ। ਇਨ੍ਹਾਂ ਨੂੰ ਆਜ਼ਾਦ ਕਰਨ ਲਈ ਸਮਾਂ ਚਾਹੀਦਾ ਹੈ। ਮੇਰੇ ਨਾਲੋਂ ਵੱਧ ਸ਼ਾਇਦ ਹੀ ਕੋਈ ਆਪਣੇ ਦਿਲੋਂ ਇਨ੍ਹਾਂ ਦੀ ਆਜ਼ਾਦੀ ਬਾਰੇ ਚਾਹੁੰਦਾ ਹੋਵੇ। ਮੈਂ ਸੋਚਦਾ ਹਾਂ ਕਿ ਗੁਲਾਮੀ ਹਟਾ ਕੇ ਹੀ ਅਸੀਂ ਆਪਣੇ ਦੇਸ਼ ਨੂੰ ਇਕਮੁੱਠ ਰੱਖ ਸਕਦੇ ਹਾਂ।"

ਦੱਖਣੀ ਭਾਗ ਦੀ ਮੁੱਖ ਫਸਲ ਕਪਾਹ ਸੀ। ਮਸ਼ੀਨਰੀ ਆਉਣ ਨਾਲ ਕਪਾਹ ਦੀ ਮੰਗ ਹੋਰ ਵਧ ਗਈ, ਜਿਸ ਦੇ ਫਲਸਰੂਪ ਗੁਲਾਮਾਂ ਦੀ ਮੰਗ ਵੀ ਵਧ ਗਈ। ਸੰਨ 1800 ਤੋਂ 1860 ਵਿਚਕਾਰ ਇਕ ਗੁਲਾਮ ਦਾ ਮੁੱਲ 500 ਡਾਲਰ ਤੋਂ 1500 ਡਾਲਰ ਹੋ ਗਿਆ। ਕਿਸਾਨ ਹੋਰ ਧਰਤੀ ਖੇਤੀ ਅਧੀਨ ਲਿਆ ਕੇ ਵੱਧ ਮੁਨਾਫਾ ਕਮਾਉਣਾ ਚਾਹੁੰਦੇ ਸਨ। ਉਹ ਪੱਛਮੀ ਭਾਗ ਵੱਲ ਨਵੀਆਂ ਉਪਜਾਊ ਜਮੀਨਾਂ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਸਨ ਅਤੇ ਉਹ ਆਪਣੇ ਗੁਲਾਮਾਂ ਨੂੰ ਵੀ ਨਾਲ ਲਿਜਾ ਸਕਦੇ ਸਨ। ਉਤਰੀ ਭਾਗਾਂ ਵਿਚ ਗੁਲਾਮੀ ਵਿਰੁਧ ਲਹਿਰ ਪਹਿਲਾਂ ਚੱਲੀ ਅਤੇ ਕਈ ਥਾਂਵਾਂ ਉਤੇ ਗੁਲਾਮ ਵਿਰੋਧੀ ਸਭਾਵਾਂ ਸਥਾਪਤ ਹੋਈਆਂ। ਕੁਝ ਲੋਕ ਦੱਖਣ ਤੋਂ ਗੁਲਾਮਾਂ ਨੂੰ ਭਜਾ ਕੇ ਉਤਰ ਵਿਚ ਜਾਂ ਕੈਨੇਡਾ ਵਿਚ ਜਾਣ ਦੀ ਮਦਦ ਕਰਦੇ। ਗੁਲਾਮਾਂ ਨੂੰ ਆਜ਼ਾਦ ਕਰਾਉਣ ਵਾਲੇ ਗੋਰੇ ਰਾਤਾਂ ਨੂੰ ਉਨ੍ਹਾਂ ਨਾਲ ਸਫਰ ਕਰਦੇ ਅਤੇ ਦਿਨ ਵੇਲੇ ਉਨ੍ਹਾਂ ਨੂੰ ਕਿਸੇ ਥਾਂ ਲੁਕਾ ਦਿੰਦੇ। ਗੁਲਾਮਾਂ ਦੇ ਮਾਲਕਾਂ ਨੇ ਔਖੇ ਹੋਣਾ ਹੀ ਸੀ। ਉਹ ਆਪਣੇ ਗੁਲਾਮਾਂ ਨੂੰ ਭਜਾਉਣ ਵਾਲਿਆਂ ਨੂੰ ਚੋਰ ਸਮਝਦੇ ਸਨ।

ਸੰਨ 1828 ਵਿਚ ਕਾਂਗਰਸ ਨੇ ਬਾਹਰੋਂ ਆਉਣ ਵਾਲੇ ਮਾਲ 'ਤੇ ਟੈਕਸ ਦੀ ਦਰ ਬਹੁਤ ਵਧਾ ਦਿੱਤੀ। ਇਸ ਨਾਲ ਉਤਰ ਦੇ ਕਾਰਖਾਨੇਦਾਰਾਂ ਨੂੰ ਤਾਂ ਲਾਭ ਹੋਇਆ, ਪਰ ਦੱਖਣ ਵਾਲਿਆਂ ਨੂੰ ਵਿਦੇਸ਼ੀ ਮਾਲ ਦੁੱਗਣੀ ਕੀਮਤ ਉਤੇ ਖਰੀਦਣਾ ਪੈਂਦਾ ਸੀ ਅਤੇ ਇਹ ਉਨ੍ਹਾਂ ਦੀ ਨਾਰਾਜ਼ਗੀ ਦਾ ਕਾਰਨ ਸੀ। ਦੱਖਣੀ ਕੈਰੋਲਾਈਨਾ ਦੀ ਸਟੇਟ ਨੇ ਕੇਂਦਰ ਸਰਕਾਰ ਵੱਲੋਂ ਵਧਾਏ ਕਰ ਵਿਰੁਧ ਮਤਾ ਪਾਸ ਕਰ ਦਿੱਤਾ। ਇਸ ਤਰ੍ਹਾਂ ਕੇਂਦਰ ਅਤੇ ਸਟੇਟ ਵਿਚਕਾਰ ਸਿੱਧੀ ਟੱਕਰ ਹੋ ਗਈ। ਰਾਸ਼ਟਰਪਤੀ ਐਂਡਰੀਊ ਜੈਕਸਨ ਭਾਵੇਂ ਦੱਖਣ ਦਾ ਸੀ, ਪਰ ਉਸ ਨੇ ਸੰਵਿਧਾਨ ਦੀ ਰੱਖਿਆ ਦੀ ਕਸਮ ਖਾਧੀ ਹੋਈ ਸੀ। ਉਸ ਨੇ ਦੱਖਣੀ ਕੈਰੋਲਾਈਨਾ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਕਿ ਉਹ ਕੇਂਦਰੀ ਸਰਕਾਰ ਦੀ ਅਥਾਰਟੀ ਦਾ ਵਿਰੋਧ ਨਾ ਕਰਨ। ਉਸ ਨੇ ਚਾਰਲੈਸਟਨ ਦੀ ਬੰਦਰਗਾਹ ਵੱਲ ਨੂੰ ਜੰਗੀ ਜਹਾਜ ਵੀ ਰਵਾਨਾ ਕਰ ਦਿੱਤੇ ਅਤੇ ਦੱਖਣੀ ਕੈਰੋਲਾਈਨਾ ਦੇ ਇਕ ਲੀਡਰ ਨੂੰ ਕਿਹਾ, "ਉਨ੍ਹਾਂ ਨੂੰ ਕਹਿ ਦਿਓ ਕਿ ਜੇ ਅਮਰੀਕਨ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਇਕ ਕਤਰਾ ਖੂਨ ਵੀ ਵਗਾਇਆ ਤਾਂ ਮੈਂ ਉਸ ਪਹਿਲੇ ਆਦਮੀ ਨੂੰ, ਜੋ ਵੀ ਰੁੱਖ ਮੈਨੂੰ ਪਹਿਲਾਂ ਨਜ਼ਰ ਆਇਆ, ਨਾਲ ਲਟਕਾ ਕੇ ਫਾਂਸੀ ਲਾ ਦਿਆਂਗਾ।"

ਹਾਲਾਂਕਿ ਰਾਸ਼ਟਰਪਤੀ ਇਸ ਤਰ੍ਹਾਂ ਨਹੀਂ ਸੀ ਕਰ ਸਕਦਾ, ਪਰ ਉਸ ਦੇ ਤਾੜਨਾ ਭਰੇ ਲਫਜ਼ਾਂ ਨੇ ਬਾਗੀਆਂ ਦੀ ਫੂਕ ਕੱਢ ਦਿੱਤੀ ਅਤੇ ਦੱਖਣੀ ਕੈਰੋਲਾਈਨਾ ਸਟੇਟ ਨੇ ਆਪਣਾ ਮਤਾ ਵਾਪਸ ਲੈ ਲਿਆ। ਦੱਖਣ ਵਾਲਿਆਂ ਦੀ ਦਲੀਲ ਸੀ ਕਿ ਰਾਜ ਪਹਿਲਾਂ ਹੋਂਦ ਵਿਚ ਆਏ, ਕੇਂਦਰ ਬਾਅਦ ਵਿਚ। ਰਾਜਾਂ ਨੇ ਹੀ ਕੇਂਦਰ ਸਥਾਪਤ ਕੀਤਾ ਹੈ ਅਤੇ ਸੰਵਿਧਾਨ 'ਤੇ ਸਹਿਮਤੀ ਪ੍ਰਗਟਾਈ ਹੈ, ਇਸ ਲਈ ਕੇਂਦਰ ਸਰਕਾਰ ਰਾਜਾਂ ਨੂੰ ਉਹ ਕਰਨ 'ਤੇ ਮਜਬੂਰ ਨਹੀਂ ਕਰ ਸਕਦੀ, ਜੋ ਉਹ ਨਹੀਂ ਚਾਹੁੰਦੇ। ਸਮਾਂ ਅਜਿਹਾ ਆ ਗਿਆ ਕਿ ਕਾਂਗਰਸ ਵਿਚ ਕਿਸੇ ਵੀ ਮਸਲੇ 'ਤੇ ਵਿਚਾਰ ਹੁੰਦੀ, ਗੱਲ ਮੁੜ-ਘਿੜ ਕੇ ਗੁਲਾਮੀ ਦੇ ਮਸਲੇ 'ਤੇ ਆ ਜਾਂਦੀ। ਕੁਝ ਸਿਆਣੇ ਲੀਡਰ ਕਿਸੇ ਤਰ੍ਹਾਂ ਸਮਝੌਤਾ ਕਰਵਾ ਦਿੰਦੇ ਰਹੇ। ਸੰਨ 1854 ਵਿਚ ਰਿਪਬਲਿਕਨ ਪਾਰਟੀ ਹੋਂਦ ਵਿਚ ਆਈ, ਜਿਸ ਵਿਚ ਉਤਰ ਵਾਲੇ ਕਾਲੇ ਬਹੁਤੇ ਸਨ। ਦੱਖਣ ਵਾਲੇ ਸਮਝਦੇ ਸਨ ਕਿ ਜੇ ਇਨ੍ਹਾਂ ਦੇ ਹੱਥ ਕੇਂਦਰ ਦੀ ਵਾਗਡੋਰ ਆ ਗਈ ਤਾਂ ਇਨ੍ਹਾਂ ਨੇ ਸਾਰੇ ਗੁਲਾਮ ਆਜ਼ਾਦ ਕਰਵਾ ਦੇਣੇ ਹਨ। ਦੱਖਣ ਵਾਲੇ ਚਾਹੁੰਦੇ ਸਨ ਕਿ ਗੁਲਾਮੀ ਦਾ ਵਿਸ਼ਾ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਜਾਵੇ। ਉਹ ਚਾਹੁਣ ਤਾਂ ਗੁਲਾਮ ਰਹਿਣ ਦੇਣ, ਨਹੀਂ ਤਾਂ ਗੁਲਾਮਾਂ ਨੂੰ ਆਜ਼ਾਦ ਕਰ ਦੇਣ। ਕਾਲੇ ਗੁਲਾਮਾਂ ਨੂੰ ਤਾਂ ਵੋਟ ਦਾ ਅਧਿਕਾਰ ਹੀ ਨਹੀਂ ਸੀ।

ਇਸ ਮਸਲੇ 'ਤੇ ਸੁਪਰੀਮ ਕੋਰਟ ਦੇ 'ਡਰੈੱਡ ਸਕਾਟ' ਦੇ ਫੈਸਲੇ ਨੇ ਬਲਦੀ ਅੱਗ 'ਤੇ ਘਿਓ ਪਾਉਣ ਵਾਲਾ ਕੰਮ ਕੀਤਾ। ਸੁਪਰੀਮ ਕੋਰਟ ਨੇ ਡਰੈੱਡ ਸਕਾਟ ਬਾਰੇ ਫੈਸਲੇ ਵਿਚ ਲਿਖਿਆ: (1) ਡਰੈੱਡ ਗੁਲਾਮ ਹੈ ਅਤੇ ਉਹ ਅਮਰੀਕਾ ਦਾ ਸਿਟੀਜ਼ਨ ਨਹੀਂ। (2) ਕੋਈ ਵੀ ਸ਼ਹਿਰੀ ਆਪਣੀ ਪ੍ਰਾਪਰਟੀ ਕਿਤੇ ਵੀ ਲੈ ਸਕਦਾ ਹੈ (ਭਾਵ ਗੁਲਾਮ ਨੂੰ ਵੀ)। ਡਰੈੱਡ ਦਾ ਮਾਲਕ ਉਸ ਨੂੰ ਮਿਜ਼ੌਰੀ ਸਟੇਟ ਤੋਂ ਇਲੀਨਾਏ ਸਟੇਟ, ਜੋ ਫਰੀ ਸਟੇਟ ਸੀ, ਵਿਚ ਲੈ ਗਿਆ। ਉਥੋਂ ਉਹ ਫੇਰ ਮਿਜ਼ੌਰੀ ਆ ਗਿਆ ਅਤੇ ਡਰੈੱਡ ਨੂੰ ਉਸ ਦੇ ਬੱਚਿਆਂ ਸਮੇਤ ਕਿਸੇ ਹੋਰ ਨੂੰ ਵੇਚ ਦਿੱਤਾ। ਕੁਝ ਗੋਰਿਆਂ ਨੇ ਇਸ ਨੂੰ ਟੈਸਟ ਕੇਸ ਬਣਾ ਕੇ ਕੋਰਟ ਦਾ ਦਰਵਾਜਾ ਖੜਕਾਇਆ। ਹੇਠਲੀਆਂ ਅਦਾਲਤਾਂ ਤੋਂ ਬਾਅਦ ਉਹ ਸੁਪਰੀਮ ਕੋਰਟ ਤੱਕ ਕੇਸ ਲੈ ਕੇ ਗਏ। ਇਸ ਫੈਸਲੇ 'ਤੇ ਦੱਖਣ ਵਾਲਿਆਂ ਨੇ ਖੁਸ਼ੀ ਮਨਾਈ, ਜਦਕਿ ਉਤਰ ਵਾਲੇ ਇਸ ਨੂੰ ਨਾਇਨਸਾਫੀ ਸਮਝਦੇ ਸਨ। ਸੰਨ 1858 ਵਿਚ ਸਟੀਫਨ ਡਗਲਸ ਇਲੀਨਾਏ ਤੋਂ ਡੈਮੋਕਰੇਟਿਕ ਪਾਰਟੀ ਵੱਲੋਂ ਸੈਨੇਟਰ ਲਈ ਖੜ੍ਹਾ ਹੋਇਆ।

ਉਸ ਦੇ ਮੁਕਾਬਲੇ 'ਤੇ ਰਿਪਬਲਿਕਨ ਪਾਰਟੀ ਵੱਲੋਂ ਲਿੰਕਨ ਖੜ੍ਹਾ ਹੋਇਆ। ਆਪਣੇ ਚੋਣ ਪ੍ਰਚਾਰ ਵਿਚ ਡਗਲਸ, ਡਰੈੱਡ ਸਕਾਟ ਕੇਸ ਬਾਰੇ ਕੋਈ ਗੱਲ ਹੀ ਨਾ ਕਰਦਾ। ਆਹਮੋ-ਸਾਹਮਣੀ ਬਹਿਸ ਵਿਚ ਲਿੰਕਨ ਨੇ ਉਸ ਨੂੰ ਡਰੈੱਡ ਸਕਾਟ ਕੇਸ ਬਾਰੇ ਆਪਣੇ ਵਿਚਾਰ ਸਪਸ਼ਟ ਕਰਨ ਲਈ ਕਿਹਾ ਤਾਂ ਡਗਲਸ ਦਾ ਉਤਰ ਸੀ ਕਿ ਉਹ ਇਸ ਗੱਲ ਦਾ ਹਾਮੀ ਹੈ ਕਿ ਉਹ ਇਸ ਗੱਲ ਦੇ ਹੱਕ ਵਿਚ ਹੈ ਕਿ ਹਰ ਸਟੇਟ ਦੇ ਲੋਕ ਆਜ਼ਾਦ ਹਨ। ਉਹ ਫੈਸਲਾ ਕਰ ਸਕਦੇ ਹਨ ਕਿ ਉਨ੍ਹਾਂ ਨੇ ਆਪਣੀ ਸਟੇਟ ਵਿਚ ਗੁਲਾਮੀ ਰੱਖਣੀ ਹੈ ਜਾਂ ਫਰੀ ਸਟੇਟ ਬਣਨਾ ਹੈ। ਇਸ ਬਹਿਸ ਨੇ ਦੱਖਣ ਅਤੇ ਉਤਰ ਦਾ ਪਾੜਾ ਹੋਰ ਵਧਾ ਦਿੱਤਾ। ਲਿੰਕਨ ਦਾ ਕਹਿਣਾ ਸੀ, "ਮੈਂ ਕੁਦਰਤੀ ਤੌਰ 'ਤੇ ਗੁਲਾਮੀ ਦੇ ਵਿਰੁਧ ਹਾਂ। ਜੇ ਗੁਲਾਮੀ ਗਲਤ ਨਹੀਂ ਤਾਂ ਕੁਝ ਵੀ ਗਲਤ ਨਹੀਂ।"

ਜਾਹਨ ਬਰਾਊਨ ਨਾਮੀ ਕਾਲੇ ਨੇ ਹਥਿਆਰਬੰਦ ਸੰਘਰਸ਼ ਦਾ ਮਨ ਬਣਾਇਆ। ਉਸ ਦੇ ਦੋ ਪੁੱਤਰ ਕੈਨਸਸ ਵਿਚ ਚੋਣ ਸਮੇਂ ਝੜਪ ਵਿਚ ਮਾਰੇ ਗਏ ਸਨ, ਪਰ ਉਸ ਨੇ ਉਥੇ ਪੰਜ ਗੋਰੇ ਮਾਰੇ ਸਨ। ਉਸ ਨੇ ਕੁਝ ਕਾਲਿਆਂ ਨੂੰ ਆਪਣੇ ਗਰੋਹ ਵਿਚ ਮਿਲਾਇਆ ਅਤੇ ਪੂਰਬ ਵੱਲ ਆ ਗਿਆ। ਸਭ ਤੋਂ ਪਹਿਲਾਂ ਉਸ ਨੇ ਸਰਕਾਰੀ ਭੰਡਾਰ 'ਚੋਂ ਹਥਿਆਰ ਅਤੇ ਗੋਲੀ ਸਿੱਕਾ ਲੁੱਟਣ ਦੀ ਸਕੀਮ ਬਣਾਈ। ਹਾਰਪਰ ਫੈਰੀ ਲਾਗੇ ਇਕ ਫਾਰਮ ਵਿਚੋਂ ਉਸ ਨੇ 30 ਬੰਦੇ ਇਕੱਠੇ ਕੀਤੇ। ਹਾਰਪਰ ਫੈਰੀ ਵਿਖੇ ਸਰਕਾਰੀ ਅਸਲੇ ਦਾ ਭੰਡਾਰ ਸੀ। ਉਸ ਨੇ ਕਮਾਲ ਦੀ ਹੁਸ਼ਿਆਰੀ ਅਤੇ ਫੁਰਤੀ ਨਾਲ ਅਸਲਾ ਤਾਂ ਲੁੱਟ ਲਿਆ, ਪਰ ਅਸਲਾ ਚੁੱਕ ਕੇ ਲਿਜਾਣ ਵਾਲਿਆਂ ਨੇ ਉਸ ਦਾ ਸਾਥ ਨਾ ਦਿੱਤਾ। ਉਹ ਸਮਝ ਗਿਆ ਕਿ ਇਨ੍ਹਾਂ ਅੰਦਰ ਅਜੇ ਏਨਾ ਸਾਹਸ ਨਹੀਂ। ਇਸ ਝੜਪ ਵਿਚ ਉਹ ਜ਼ਖਮੀ ਹੋਇਆ ਅਤੇ 1859 ਵਿਚ ਉਸ ਨੂੰ ਵਰਜੀਨੀਆ ਵਿਚ ਫਾਂਸੀ ਲਾ ਦਿੱਤਾ ਗਿਆ।

ਸਿਵਲ ਵਾਰ: ਦੱਖਣੀ ਅਤੇ ਉਤਰੀ ਰਾਜਾਂ ਵਿਚ ਜੰਗ ਸ਼ੁਰੂ ਹੋ ਗਈ, ਜਿਸ ਨੂੰ ਸਿਵਲ ਵਾਰ ਕਿਹਾ ਜਾਂਦਾ ਹੈ। ਖਾਨਾਜੰਗੀ 12 ਅਪਰੈਲ ਸੰਨ 1861 ਨੂੰ ਫੋਰਟ ਸਮਟਰ, ਸਾਊਥ ਕੈਰੋਲਾਈਨਾ ਤੋਂ ਸ਼ੁਰੂ ਹੋਈ ਅਤੇ 9 ਅਪਰੈਲ ਸੰਨ 1865 ਨੂੰ ਐਪੋਮੈਟਕਸ ਵਿਖੇ ਖਤਮ ਹੋਈ। ਉਤਰ ਵਾਲੇ ਧਨ-ਦੌਲਤ, ਆਬਾਦੀ, ਉਦਯੋਗ ਅਤੇ ਖਾਣ ਸਮੱਗਰੀ ਆਦਿ ਹਰ ਪੱਖੋਂ ਦੱਖਣ ਨਾਲ ਚੰਗੀ ਹਾਲਤ ਵਿਚ ਸਨ। ਦੱਖਣ ਵਾਲੇ ਭਾਵੇਂ ਹਰ ਪੱਖੋਂ ਕਮਜ਼ੋਰ ਸਨ, ਪਰ ਉਨ੍ਹਾਂ ਦਾ ਹੌਸਲਾ ਹੀ ਉਨ੍ਹਾਂ ਦਾ ਧਨ ਪਦਾਰਥ ਸੀ। ਉਨ੍ਹਾਂ ਕੋਲ ਲੀ ਵਰਗਾ ਦਲੇਰ ਜਰਨੈਲ ਸੀ, ਜਿਸ ਦੇ ਮੁਕਾਬਲੇ ਦਾ ਉਤਰ ਵਾਲਿਆਂ ਕੋਲ ਕੋਈ ਨਹੀਂ ਸੀ।

ਉਤਰ ਵਾਲਿਆਂ ਪਾਸ ਲਿੰਕਨ ਸੀ, ਉਸ ਨੇ ਬਤੌਰ ਰਾਸ਼ਟਰਪਤੀ ਆਪਣੇ ਪਹਿਲੇ ਭਾਸ਼ਣ ਵਿਚ ਦੱਖਣ ਵਾਲਿਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਯੂਨੀਅਨ ਨੂੰ ਬਰਬਾਦ ਕਰਨ ਦੀ ਕਸਮ ਸਵਰਗ ਵਿਚ ਰਜਿਸਟਰ ਨਹੀਂ ਕਰਵਾਈ, ਜਦੋਂ ਕਿ ਮੈਂ ਇਸ ਦੀ ਰਾਖੀ, ਹਿਫਾਜ਼ਤ ਅਤੇ ਸੁਰੱਖਿਆ ਦੀ ਕਸਮ ਖਾਧੀ ਸੀ।"

ਲੜਾਈ ਦੌਰਾਨ ਸੰਨ 1862 ਵਿਚ ਉਸ ਨੇ ਕਿਹਾ: "ਇਸ ਸਮੇਂ ਮੇਰਾ ਸਭ ਤੋਂ ਪਹਿਲਾ ਉਦੇਸ਼ ਯੂਨੀਅਨ ਨੂੰ ਕਾਇਮ ਰੱਖਣਾ ਹੈ, ਨਾ ਕਿ ਗੁਲਾਮੀ ਨੂੰ ਬਚਾਉਣਾ ਅਤੇ ਹਟਾਉਣਾ। ਜੇ ਮੈਂ ਗੁਲਾਮਾਂ ਨੂੰ ਰਿਹਾ ਕੀਤੇ ਬਿਨਾ ਯੂਨੀਅਨ ਨੂੰ ਕਾਇਮ ਰੱਖ ਸਕਦਾ ਹੋਵਾਂ, ਮੈਂ ਇੰਜ ਕਰਾਂਗਾ ਅਤੇ ਜੇ ਸਾਰੇ ਗੁਲਾਮਾਂ ਨੂੰ ਆਜ਼ਾਦ ਕਰਕੇ ਯੂਨੀਅਨ ਕਾਇਮ ਰੱਖ ਸਕਦਾ ਹੋਵਾਂ ਤਾਂ ਮੈਂ ਇਸੇ ਤਰ੍ਹਾਂ ਕਰਾਂਗਾ ਅਤੇ ਜੇ ਮੈਂ ਕੁਝ ਗੁਲਾਮਾਂ ਨੂੰ ਆਜ਼ਾਦ ਕਰਕੇ ਤੇ ਬਾਕੀਆਂ ਨੂੰ ਇਕੱਲੇ ਛੱਡ ਕੇ ਯੂਨੀਅਨ ਕਾਇਮ ਰੱਖ ਸਕਦਾ ਹ

ਝਰੀਟਾਂ

ਦਲਜੀਤ ਸਿੰਘ ਸ਼ਾਹੀ ਇਕ ਉਭਰਦਾ ਪੰਜਾਬੀ ਕਹਾਣੀਕਾਰ ਹੈ। ਇਸ ਕਹਾਣੀ ਵਿਚ ਉਸ ਨੇ ਪੰਜਾਬੀ ਕਿਸਾਨੀ, ਖਾਸ ਕਰ ਨਿਮਨ ਕਿਸਾਨੀ ਦੇ ਦੁੱਖੜੇ ਫਰੋਲੇ ਹਨ ਕਿ ਕਿਵੇਂ ਉਹ ਘੱਟ ਜਮੀਨ ਹੋਣ ਕਰਕੇ ਥੱਲੇ ਹੀ ਥੱਲੇ ਲਗਦੇ ਜਾਂਦੇ ਹਨ। ਕਹਾਣੀ ਦਾ ਅੰਤ ਇਕ ਅਜਿਹੇ ਮਾਰਮਿਕ ਮੋੜ ਨਾਲ ਹੁੰਦਾ ਹੈ ਕਿ ਪਾਠਕ ਦੇ ਮਨ 'ਤੇ ਝਰੀਟਾਂ ਪੈ ਜਾਂਦੀਆਂ ਹਨ। -ਸੰਪਾਦਕ

ਦਲਜੀਤ ਸਿੰਘ ਸ਼ਾਹੀ (ਐਡਵੋਕੇਟ)
ਫੋਨ: 91-98141-29511

"ਉਏ ਚਾਚੇ ਅਜ ਫੇਰ ਲੇਟ ਐਂ?"

"ਲੈ ਤੁਰ ਕੇ ਆਉਣ ਨੂੰ ਕਿਤੇ ਸਾਲਾ ਜੀ ਕਰਦੈ, ਬੰਦੇ ਕੋਲ ਆਪਣੀ ਸਵਾਰੀ ਹੋਵੇ, ਬੰਦਾ ਆਉਂਦੈ ਸੂਕਦਾ, ਛੜੇ ਦੀ ਹਿੱਕ ਫੂਕਦਾ।" ਜਰਦੇ ਦਾ ਆਖਰੀ ਰਗੜਾ ਮਾਰਦੇ ਭਾਗ ਨੇ ਸਰਦਾਰਾਂ ਦੇ ਮੁੰਡੇ ਵਲ ਨਿਗ੍ਹਾ ਮਾਰ ਕੇ ਕਿਹਾ।

ਭਾਗ, ਜਿਸ ਦਾ ਪੱਕਾ ਨਾਂ ਭਗਵਾਨ ਸਿੰਘ ਹੈ, ਜਦੋਂ ਦੀ ਉਹਦੀ ਜਮੀਨ ਵਿਕੀ ਆ, ਇਹ ਭਾਗਾ ਬਣ ਗਿਆ। ਉਹ ਢਿੱਡ ਭਰਨ ਵਾਸਤੇ ਲੋਕਾਂ ਦੇ ਖੇਤਾਂ 'ਚ ਦਿਹਾੜੀ ਦਾ ਕੰਮ ਕਰਦੈ, ਪਰ ਕੁਝ ਦੇਰ ਤੋਂ ਪੱਕੇ ਤੌਰ 'ਤੇ ਸਰਦਾਰਾਂ ਨਾਲ ਸੀਰੀ ਰਲ ਗਿਐ। ਏਸ ਬਾਰੇ ਵੀ ਇਕ ਭਾਵੁਕ ਕਰਨ ਵਾਲੀ ਕਹਾਣੀ ਐ, ਬਾਅਦ 'ਚ ਦੱਸਦਾਂ।

ਭਾਗ ਕੋਲ ਤਿੰਨ ਕਿੱਲੇ ਜਮੀਨ ਸੀ। ਅੱਧੀ ਕੁ ਤਾਂ ਬਾਪੂ ਦਾ ਕਰਜ਼ਾ ਲਾਹੁਣ 'ਚ ਖਤਮ ਹੋ'ਗੀ ਤੇ ਬਾਕੀ ਕਬੀਲਦਾਰੀ ਲੈ ਗਈ। ਭਾਗ ਨੂੰ ਜਰਦੇ ਤੋਂ ਬਿਨਾ ਹੋਰ ਕੋਈ ਐਬ ਵੀ ਨ੍ਹੀਂ। ਕਦੇ-ਕਦੇ ਸਰਦਾਰਾਂ ਦਾ ਮੁੰਡਾ ਭੁੱਕੀ ਦਾ ਫੱਕਾ ਲਵਾ ਦਏ ਤਾਂ ਅਲੱਗ ਗੱਲ ਹੈ ਜਾਂ ਕਣਕ ਦੇ ਦਾਣੇ ਜਿੰਨੀ ਫੀਮ ਖਾ ਲਵੇ, ਉਹ ਵੀ ਸਰਦਾਰਾਂ ਦਾ ਮੁੰਡਾ ਸਾਰੇ ਮਜ਼ਦੂਰਾਂ ਤੋਂ ਵੱਧ ਕੰਮ ਲੈਣ ਵਾਸਤੇ ਪ੍ਰਸ਼ਾਦ ਵਾਂਗ ਹੀ ਵੰਡਦੈ, ਫੇਰ ਸਾਰੇ ਇੱਕ ਦੂਜੇ ਤੋਂ ਮੋਹਰੇ ਹੋ-ਹੋ ਕੰਮ ਕਰਦੇ ਨੇ।

ਭਾਗ ਦਾ ਇਕ ਮੁੰਡਾ ਬਲਬੀਰ ਸਿੰਘ ਐ, ਪਰ ਲੋਕ ਉਸ ਨੂੰ ਭੀਡਾ ਹੀ ਕਹਿੰਦੇ ਨੇ ਤੇ ਇੱਕ ਵਿਚਾਰੀ ਭਾਗੇ ਦੀ ਘਰ ਵਾਲੀ। ਮੁੰਡਾ ਧੱਕੇ ਮੁੱਕੀ ਨਾਲ ਜਮਾਤਾਂ ਪਾਸ ਕਰ ਰਿਹਾ ਹੈ। ਭਾਗ ਦੀ ਬੜੀ ਇੱਛਾ ਹੈ ਕਿ ਇਹ ਪੜ੍ਹੇ ਤੇ ਉਹਨੂੰ ਵੀ ਏਸ ਗਰੀਬੀ ਦੇ ਖਲਜਗਣ 'ਚੋਂ ਕੱਢੇ, ਉਹ ਆਪ ਤਾਂ ਪੜ੍ਹ ਨਾ ਸਕਿਆ। ਘਰ 'ਚ ਤੰਗੀ ਹੀ ਐਨੀ ਸੀ ਕਿ ਬਾਪੂ ਦੀ ਹਿੰਮਤ ਹੀ ਨ੍ਹੀਂ ਪਈ ਅੱਗੇ ਪੜ੍ਹਾਉਣ ਦੀ। ਬਾਪੂ ਭਾਗ ਨੂੰ ਕਹਿੰਦਾ, "ਭਾਗ ਜੋ ਬੰਦਾ ਪੜ੍ਹ ਜਾਂਦੈ, ਅਗਲੀਆਂ ਪੀੜ੍ਹੀਆਂ ਸੁਧਾਰ ਜਾਂਦੈ। ਤੂੰ ਦੇਖ ਲੈ ਨਿਗ੍ਹਾ ਮਾਰ ਕੇ ਆਪਣੇ ਪਿੰਡ ਜਿਹੜਾ ਬੰਦਾ ਪੜ੍ਹ ਗਿਆ, ਉਹ ਕਿੰਨਾ ਸੁਖੀ ਵੱਸਦੈ, ਜਿਹੜੇ ਆਪਣੇ ਵਾਂਗ ਨੇ, ਉਹ ਖੇਤੀ 'ਚ ਝੱਖ ਮਾਰ ਰਹੇ ਨੇ।"

ਉਸ ਉਮਰੇ ਕਿਸ ਨੂੰ ਸਮਝ ਲਗਦੀਆਂ ਨੇ ਫਿਲਾਸਫੀਆਂ? ਭਾਗ ਨੇ ਗਲਾਸ ਚਾਹ ਲਈ ਅੱਗੇ ਕੀਤਾ। ਡੋਲੂ 'ਚੋਂ ਸਾਰਿਆਂ ਨੂੰ ਚਾਹ ਪੌਂਦੇ ਕਾਕਾ ਜੀ ਨੇ ਹੁਕਮ ਕੀਤਾ, ਅੱਜ ਆਪਾਂ ਆਹ ਕਿਲੇ ਆਲੂਆਂ ਦੇ ਪੁੱਟ ਕੇ ਹਟਣਾ। ਆਲੂ ਪੁੱਟਣ ਵਾਸਤੇ ਲੇਬਰ ਦੀ ਕਾਫੀ ਲੋੜ ਹੁੰਦੀ ਆ। ਵੈਸੇ ਵੀ ਐਤਕੀਂ ਆਲੂ ਨੇ ਤਾਂ ਸਰਦਾਰਾਂ ਦੀ ਬੱਲੇ-ਬੱਲੇ ਕਰਵਾ ਦਿੱਤੀ ਆ ਤੇ ਕਾਕਾ ਜੀ ਪੂਰੇ ਹੌਂਸਲੇ 'ਚ ਨੇ ਕਿ ਬਾਪੂ ਜੀ ਦਾ ਆਲੂ ਲੌਣ ਦਾ ਫੈਸਲਾ ਸਹੀ ਸੀ।

ਕਾਕਾ ਜੀ ਕਾਲਜ 'ਚ ਸ਼ਹਿਰ ਪੜ੍ਹਦੇ ਨੇ ਪਰ ਆਲੂ ਪੁੱਟਣ ਵੇਲੇ ਉਹ ਸਰਦਾਰ ਦੇ ਨਾਲ ਜ਼ਰੂਰ ਹੱਥ ਬਟੌਂਦੈ। ਸਰਦਾਰ ਕੋਲ ਆਪਣੀ ਵੀਹ ਕਿਲੇ ਜਮੀਨ ਆ ਤੇ ਉਹ ਕੁਝ ਜਮੀਨ ਠੇਕੇ 'ਤੇ ਲੈ ਲੈਂਦੈ। ਵਧੀਆ ਖੇਤੀ ਕਰਦੈ, ਸਾਰੇ ਸੰਦ ਘਰ ਨੇ, ਹਰੇਕ ਚੀਜ਼ ਦੀ ਸਹੂਲਤ ਐ ਘਰ 'ਚ।

ਕਾਕਾ ਜੀ ਨੇ ਪਰੇ ਲਿਜਾ ਕੇ ਬਾਪੂ ਨੂੰ ਕਿਹਾ, "ਭਾਗ ਅੱਜ ਫੇਰ ਲੇਟ ਆਇਆ, ਮੈਂ ਸੋਚਦਾਂ ਬਾਪੂ ਜੀ ਜਿਹੜਾ ਆਪਣੇ ਘਰੇ ਪੁਰਾਣਾ ਸਾਈਕਲ ਪਿਆ, ਉਹ ਨਾ ਇਹਨੂੰ ਦੇ ਦਈਏ? ਇਹਦਾ ਰੋਜ਼-ਰੋਜ਼ ਲੇਟ ਆਉਣ ਦਾ ਜੱਭ ਮੁਕਾ ਦਿਨਾਂ।"

ਵੱਡਾ ਸਰਦਾਰ ਕਾਕੇ ਵੱਲ ਨਿਗ੍ਹਾ ਮਾਰ ਕੇ ਕਹਿਣ ਲੱਗਾ, "ਤੂੰ ਸਮਝਦਾਰ ਹੋਈ ਜਾਨਾਂ।"

"ਚਾਚਾ ਅੱਜ ਤੈਨੂੰ ਇਕ ਸੁਗਾਤ ਦੇਣੀ ਆ।"

"ਕੀ ਓਏ ਭਤੀਜ?"

"ਬੰਬੂਕਾਟ ਐ ਬੰਬੂਕਾਟ!" ਉਹਨੂੰ ਲੱਗਾ ਜਿਵੇਂ ਉਹ ਉਸ ਨੂੰ ਪੁਰਾਣਾ ਸਕੂਟਰ ਦੇਣਗੇ ਜੋ ਉਨ੍ਹਾਂ ਦੇ ਘਰ ਖੜ੍ਹਾ ਹੈ। ਪਰ ਆਥਣੇ ਕਾਕਾ ਜੀ ਨੇ ਤੂੜੀ ਵਾਲੇ ਕੋਠੇ 'ਚੋਂ ਪੁਰਾਣਾ ਸਾਈਕਲ ਕੱਢ ਕੇ ਦਿੰਦੇ ਨੇ ਕਿਹਾ, "ਆਹ ਸਾਈਕਲ ਮੇਰੀ ਦਾਦੀ ਦੇ ਦਾਜ 'ਚ ਆਇਆ ਸੀ।" ਭਾਗ ਕਦੇ ਸਾਈਕਲ ਵੱਲ ਦੇਖੇ ਤੇ ਕਦੇ ਕਾਕਾ ਜੀ ਵੱਲ। ਸਾਈਕਲ ਦੇ ਨਾ ਤਾਂ ਮਡਗਾਰਡ ਨੇ, ਤੇ ਨਾ ਹੀ ਪੈਡਲ। ਪੈਡਲਾਂ ਦੀ ਥਾਂ 'ਤੇ ਕੱਲੀਆਂ ਕਿੱਲੀਆਂ ਹੀ ਨੇ।

ਕਾਕਾ ਜੀ ਨੇ ਸੌ ਰੁਪਏ ਭਾਗ ਨੂੰ ਦਿੰਦਿਆਂ ਕਿਹਾ, "ਚਾਚਾ ਇਹਦੇ ਚੱਕਿਆਂ ਨੂੰ ਗਰੀਸ ਵਗੈਰਾ ਕਰਵਾ ਲੈ, ਇਹ ਤਾਂ ਸਾਲਾ ਬੰਬੂਕਾਟ ਤੋਂ ਵੱਧ ਭੱਜੂ।"

ਭਾਗ ਨੇ ਸੋਚਿਆ, ਚੱਲ ਜੋ ਮਿਲਦਾ ਠੀਕ ਐ। ਸਵੇਰੇ-ਸਵੇਰੇ ਲੱਤਾਂ ਤੁੜੌਂਣ ਨਾਲੋਂ ਤਾਂ ਰਮਾਨ ਨਾਲ ਆ ਜਾਇਆ ਕਰਾਂਗੇ। ਉਹਨੇ ਸਰਦਾਰਾਂ ਦੇ ਫਾਟਕ ਤੋਂ ਬਾਹਰ ਆ ਕੇ ਇਕ ਵਾਰ ਸਾਈਕਲ ਵੱਲ ਧਿਆਨ ਨਾਲ ਦੇਖਿਆ ਤੇ ਇਕ ਹੱਥ ਨਾਲ ਸਾਈਕਲ ਦਾ ਹੈਂਡਲ ਫੜ੍ਹ ਕੇ ਤੁਰ ਪਿਆ ਤੇ ਸਿੱਧਾ ਪੀਤੂ ਝਿਓਰ ਦੀ ਹੱਟੀ 'ਤੇ ਰੁਕਿਆ।

"ਲੈ ਬਈ ਪੀਤੂ ਸਿਆਂ! ਸਾਈਕਲ ਨਮਾ ਬਣਾ ਦੇ। ਇਕ ਤਾਂ ਟਾਇਰ ਟਿਊਬ ਬਦਲ ਦੇ, ਕਾਠੀ ਨਮੀ ਪਾ ਦੇ, ਮਰਗਾਟ ਬਦਲ ਦੇ। ਆਹ ਚੱਕ ਸੌ ਰਪਈਆ।"

ਪੀਤੂ ਟਾਇਰ ਨੂੰ ਪੈਂਚਰ ਲਾ ਰਿਹਾ ਸੀ, ਉਹਨੇ ਇਕ ਝਾਤ ਸਾਈਕਲ ਵੱਲ ਮਾਰੀ ਤੇ ਕਹਿਣ ਲੱਗਾ, "ਆਹ ਸਾਰੇ ਕੁਝ ਦਾ ਤਾਂ ਪੰਜ ਸੌ ਲੱਗਣੈ।"

"ਲੈ ਤੂੰ ਕਿਤੇ ਜਹਾਜ ਦੇ ਟਾਇਰ ਬਦਲਨੇ ਆ?"

ਪੀਤੂ ਵੀ ਅੱਗਿਓਂ ਹੱਸ ਪਿਆ, "ਪੰਜ ਸੌ 'ਚ ਤਾਂ ਜਹਾਜ ਦੇ ਟਾਇਰਾਂ ਦੀ ਫੋਟੂ ਵੀ ਨ੍ਹੀਂ ਆਉਂਦੀ ਭਾਗ ਸਿਆਂ।"

"ਫੇਰ ਕੀ ਜ਼ਰੂਰੀ ਆ ਤੇ ਕੀ ਨਹੀਂ? ਤੂੰ ਹੀ ਦੱਸ ਦੇ।" ਭਾਗੇ ਨੇ ਹੱਟੀ 'ਤੇ ਬੈਠੇ ਹੋਰ ਗਾਹਕਾਂ ਨਾਲ ਨਜ਼ਰਾਂ ਮਿਲਾਉਂਦਿਆਂ ਕਿਹਾ।

ਪੀਤੂ ਨੇ ਸਾਈਕਲ ਵੱਲ ਨਿਗਾ ਮਾਰ ਕੇ ਕਿਹਾ, "ਤੂੰ ਇਕੱਲੀ ਟਾਇਰ ਟਿਊਬ ਤੇ ਗਰੀਸ ਕਰਾ ਲੈ, ਬਾਕੀ ਦਾ ਕੰਮ ਫੇਰ ਪੈਸੇ ਆਏ 'ਤੇ ਕਰਵਾ ਲਈਂ।"

ਭਾਗ ਬੋਲਿਆ, "ਠੀਕ ਆ, ਤੂੰ ਇਹੀ ਪਾ ਦੇ। ਇਹ ਤਾਂ ਪੈ ਜੂ ਸੌ 'ਚ?"

ਪੀਤੂ ਕਹਿੰਦਾ, "ਨਹੀਂ, ਸੌ ਹੋਰ ਲੱਗੂ।"

"ਚੱਲ ਤੂੰ ਪਾ ਦੇ ਕੱਲ ਨੂੰ ਕਾਕਾ ਜੀ ਤੋਂ ਹੋਰ ਸੌ ਲੈ ਕੇ ਦੇ ਦੂੰਗਾ।" ਭਾਗ ਨੇ ਪੀਤੂ ਵੱਲ ਧਿਆਨ ਨਾਲ ਦੇਖਦਿਆਂ ਸੋਚਿਆ, 'ਮੇਰੇ ਨਾਲੋਂ ਤਾਂ ਆਹ ਸਾਲਾ ਝਿਓਰ ਚੰਗਾ। ਸਾਲੇ ਕੋਲ ਦਿਹਾੜੀ ਦਾ ਚਾਰ ਪੰਜ ਸੌ ਤਾਂ ਆ ਜਾਂਦਾ ਹੋਣਾ, ਏਦੂੰ ਤਾਂ ਭਾਗ ਸਿਆਂ ਪੈਂਚਰ ਲੌਣੇ ਹੀ ਸਿੱਖ ਲੈਂਦਾ।'

ਭਾਗ ਆਪਣੇ ਬਚਪਨ 'ਚ ਚਲਾ ਗਿਆ। ਉਹ ਸਕੂਲ ਨ੍ਹੀਂ ਜਾ ਰਿਹਾ, ਬੇਬੇ ਬਾਪੂ ਧੱਕੇ ਨਾਲ ਓਸ ਨੂੰ ਸਕੂਲ ਛੱਡਣ ਜਾ ਰਹੇ ਨੇ ਤੇ ਬਾਪੂ ਕਹਿ ਰਿਹਾ, ਭਾਗਿਆ ਬਿਨਾ ਪੜ੍ਹਾਈ ਤੋਂ ਕਿਸੇ ਨੇ ਪੈਂਚਰ ਲਾਉਣ 'ਤੇ ਵੀ ਨ੍ਹੀਂ ਰੱਖਣਾ। ਉਹੀ ਗੱਲ ਹੋ ਰਹੀ ਆ ਤੇਰੇ ਨਾਲ ਤਾਂ ਭਾਗ ਸਿਆਂ। ਉਹਨੇ ਜੇਬ੍ਹ 'ਚੋਂ ਜਰਦੇ ਦੀ ਪੁੜੀ ਕੱਢੀ ਤੇ ਮਲ ਕੇ ਬੁੱਲ੍ਹਾਂ ਹੇਠ ਰੱਖਣ ਲੱਗਾ ਤਾਂ ਕੋਲ ਬੈਠਾ ਸਿਰੀਆ ਬੋਲਿਆ, "ਭਾਗਿਆ ਦੇਖ ਲੈ ਕਿਸਮਤ ਦੀਆਂ ਗੱਲਾਂ ਨੇ, ਆਪਣੇ ਨਾਲ ਹੀ ਜਗੀਰ ਸਿੰਘ ਪੜ੍ਹਦਾ ਸੀ, ਆਪਣੇ ਨਾਲੋਂ ਪੜ੍ਹਨ 'ਚ ਵੀ ਨਾਲਾਇਕ ਸੀ। ਉਹ ਕਿੱਥੇ ਬੈਠਾ!

ਆਪਾਂ ਆਹ ਰੁਲਦੇ ਫਿਰਦੇ ਆਂ। ਸਿਰੀਏ ਦਾ ਪੂਰਾ ਨਾਂ ਸ੍ਰੀਰਾਮ ਸੀ ਹੁਣ ਜੇ ਕੋਈ ਉਹਨੂੰ ਏਸ ਨਾਂ ਨਾਲ ਬੁਲਾਵੇ ਸ਼ਾਇਦ ਉਹ ਆਪ ਵੀ ਨਾ ਬੋਲੇ ਕਿਉਂਕਿ ਇਹ ਨਾਂ ਤਾਂ ਸਿਰਫ ਕਾਗਜ਼ਾਂ 'ਚ ਹੀ ਲਿਖਿਆ, ਓਸ ਨੂੰ ਇਹ ਨਾਂ ਲੈ ਕੇ ਕਦੇ ਨ੍ਹੀਂ ਕਿਸੇ ਨੇ ਬੁਲਾਇਆ।

ਭਾਗ ਬੋਲਿਆ, "ਹਾਂ ਉਹ ਤਾਂ ਹੈ।" ਪਰ ਤੂੰ ਦੇਖ ਲੈ ਇਕ ਵਾਰ ਅੱਧੀ ਛੁੱਟੀ ਵੇਲੇ ਜਗੀਰੇ ਨੇ ਮੇਰੇ ਬਾਪੂ ਨੂੰ ਗਾਲ੍ਹ ਕੱਢੀ ਸੀ, ਮੈਂ ਸਾਲੇ ਦਾ ਕੁੱਟ-ਕੁੱਟ ਕੇ ਸੀਂਢ ਕੱਢ'ਤਾ ਸੀ।

"ਲੈ ਸੀਂਢ ਕੱਢ'ਤਾ ਸੀ ਤੈਂ! ਜਾਂਦੇ-ਜਾਂਦੇ ਨੇ ਥੱਪੜ ਮਾਰਿਆ ਸੀ। ਤੇਰੀ ਗੱਲ ਵਧਾ ਕੇ ਕਰਨ ਦੀ ਆਦਤ ਨਾ ਗਈ। ਪਰ ਤੂੰ ਮਾਰਿਆ ਬੜਾ ਟਿਕਾ ਕੇ ਸੀ।" ਪੀਤੂ ਵੀ ਹੁਣ ਗੱਲ 'ਚ ਸ਼ਾਮਿਲ ਹੋ ਗਿਆ ਸੀ। ਉਹਦੀ ਏਸ ਗੱਲ 'ਚ ਦਿਲਚਸਪੀ ਸੀ, ਬਈ ਬੜੇ ਬੰਦੇ ਦੇ ਥੱਪੜ ਕਿਵੇਂ ਪੈਂਦਾ?

ਸ੍ਰੀਰਾਮ ਬੋਲਿਆ, "ਭਾਈ ਪੀਤੂ ਜਦ ਇਹਨੇ ਮੈਨੂੰ ਦੱਸਿਆ ਬਈ ਜਗੀਰਾ ਮੇਰੇ ਬਾਪੂ ਨੂੰ ਗਾਲ੍ਹਾਂ ਕੱਢਦਾ, ਮੈਂ ਕਿਹਾ ਛੁੱਟੀ ਵੇਲੇ ਜਦ ਜਾਊਗਾ ਤਾਂ ਸਾਈਕਲ ਮਗਰੋਂ ਭਜਾ ਕੇ ਕੰਨ 'ਤੇ ਜੜੀਂ ਮੇਰੇ ਸਾਲੇ ਦੇ। ਜੋਰ ਦੀ ਭੁਆਂਟਣੀਂ ਖਾ ਕੇ ਡਿੱਗੇ ਤੇ ਮਿੰਟ ਹੋਸ਼ ਈ ਨਾ ਆਵੇ। ਇਹਦਾ ਬਾਪੂ ਸੱਥ 'ਚ ਬੈਠਾ ਪੂਰੀ ਫੜ੍ਹ ਮਾਰਿਆ ਕਰੇ ਭਾਈ। ਮੁੰਡੇ ਮੇਰੇ ਨੇ ਸਰਦਾਰਾਂ ਦੇ ਮੁੰਡੇ ਦਾ ਕੁੱਟ-ਕੁੱਟ ਕੇ ਕੱਢ'ਤਾ ਸੀਂਢ।" ਪੀਤੂ ਆਹ ਗੱਲ ਸੁਣ ਕੇ ਬਹੁਤ ਹੱਸਿਆ।

"ਲੈ ਬਈ ਭਾਗਿਆ ਆਹ ਤਾਂ ਤੂੰ ਸੁਆਦ ਲਿਆ ਤਾ ਮੈਨੂੰ ਤਾਂ ਤੂੰ ਨਹੀਂ ਗੱਲਾਂ ਆਲਾ ਈ ਲੱਗਿਆ ਸੀ। ਸਿਰੀਆ ਤਾਂ ਤੇਰੇ ਬਾਰੇ ਗੱਲਾਂ ਦੱਸਦਾ ਰਹਿੰਦਾ। ਉਹ ਗੱਲ ਕਿਵੇਂ ਸੀ, ਸਿਰੀਆ ਤੁਸੀਂ ਇਹਦੀ ਸਾਲੀ ਵਾਸਤੇ ਜਦ ਮੁੰਡਾ ਦੇਖਣ ਗਏ ਸੀ?" ਪੀਤੂ ਚਾਹੁੰਦਾ ਸੀ ਕਿ ਹੱਟੀ 'ਤੇ ਰੌਣਕ ਲੱਗੀ ਰਹੇ। ਉਹ ਤਾਂ ਕੰਮ ਕਰ ਹੀ ਰਿਹਾ।

ਸਿਰੀਆ ਲੋਟ ਜਿਹਾ ਹੋ ਕੇ ਬੈਠ ਗਿਆ ਜਿਵੇਂ ਕਥਾ ਸੁਣਾਉਣ ਲੱਗਾ ਹੋਵੇ ਪਰ ਭਾਗ ਨ੍ਹੀਂ ਸੀ ਚਾਹੁੰਦਾ ਕਿ ਸਿਰੀਆ ਉਹਦੀ ਆਹ ਗੱਲ ਸੁਣਾਵੇ ਪਰ ਉਹ ਤਾਂ ਪਹਿਲਾਂ ਹੀ ਦੱਸੀ ਫਿਰਦੈ, ਚਲੋ ਸੁਣਾ ਲੈਣ ਦੇ।

"ਲੈ ਭਾਈ ਇਹਦਾ ਸੌਰਾ ਕਹਿੰਦਾ ਪਰੌਣਿਆ ਆਪਾਂ ਲੜਕੀ ਵਾਸਤੇ ਲੜਕਾ ਦੇਖਣ ਜਾਣਾ, ਤੂੰ ਸਾਡੇ ਨਾਲ ਚੱਲ। ਇਹ ਕਹਿਣ ਲੱਗਾ, ਸਿਰੀਆ ਨੂੰ ਵੀ ਨਾਲ ਲੈ ਲੈਂਨੇ ਆਂ। ਉਹ ਕਹਿਣ ਲੱਗਾ, ਮੈਨੂੰ ਕੀ ਇਤਰਾਜ਼ ਐ? ਬੰਦਾ ਵੱਧ ਹੋਵੇ ਤਾਂ ਵਧੀਆ ਸਲਾਹ ਹੋ ਜਾਂਦੀ ਆ। ਲੜਕੀ ਦੀ ਜ਼ਿੰਦਗੀ ਦਾ ਸਵਾਲ ਐ। ਲੈ ਤੈਨੂੰ ਤਾਂ ਪਤਾ ਈ ਆ ਪੀਤੂ ਕਿ ਭਰਜਾਈ ਦਾ ਕੱਦ ਕਿੰਨਾ ਕੁ ਸੀ?"

ਪੀਤੂ ਬੋਲਿਆ, "ਹਾਂ ਮਧਰੀ ਸੀ।"

"ਤੇ ਸਾਲੀ ਸਾਹਿਬਾਂ ਉਹਦੇ ਤੋਂ ਵੀ ਦੋ ਇੰਚ ਘੱਟ ਤੇ ਅਸੀਂ ਜਦ ਮੁੰਡਾ ਦੇਖਿਆ ਮੁੰਡਾ ਛੇ ਫੁੱਟ। ਮੁੰਡੇ ਦਾ ਪਿਓ ਪੁੱਛਣ ਲੱਗਾ, 'ਭਾਈ ਲੜਕੀ ਦਾ ਕੱਦ ਕਿੰਨਾ ਕੁ ਆ?' ਭਾਗ ਬੋਲਿਆ, 'ਬੱਸ ਜੀ ਮੰਨ ਲੋ ਲੜਕੇ ਤੋਂ ਦੋ ਚਾਰ ਉਂਗਲਾਂ ਘੱਟ ਹੋਊ।'

"ਇਨ੍ਹਾਂ ਗੱਲਾਂ ਨੇ ਤਾਂ ਪੱਟਿਆ ਇਨ੍ਹਾਂ ਦੇ ਲਾਣੇ ਨੂੰ। ਗੱਲ ਨੂੰ ਸਾਲੀ ਨੂੰ ਵਧਾ ਕੇ ਐਂ ਦਸਦੇ ਨੇ ਬਈ ਪੁੱਛੋਂ ਕੁਝ ਨਾ। ਤਾਂ ਹੀ ਤਾਂ ਆਹ ਹਾਲ ਹੋ ਗਿਆ।" ਹੁਣ ਸਿਰੀਏ ਨੇ ਚੋਟ ਜਮਾ ਉਹਦੇ ਦੁਖਦੀ ਰਗ 'ਤੇ ਮਾਰ'ਤੀ ਸੀ।

ਭਾਗ ਅੱਗ ਬਬੂਲਾ ਹੋ ਗਿਆ, "ਤੂੰ ਫੇਰ ਕੀ ਮਹਿਲ ਪਾ ਦਿੱਤੇ, ਜਿਹੜੇ ਮੇਰੇ ਤੋਂ ਨ੍ਹੀਂ ਪਏ।" ਕਹਿੰਦਾ ਉਹ ਉਥੋਂ ਤੁਰ ਪਿਆ। ਮਗਰੋਂ ਪੀਤੂ ਤੇ ਸਿਰੀਆ ਗੱਲਾਂ ਕਰਨ ਲੱਗੇ, "ਬੰਦਾ ਮਾੜਾ ਨ੍ਹੀਂ ਪਰ ਸਾਲੇ ਦੀ ਗੱਲ ਵਧਾ ਕੇ ਕਰਨ ਦੀ ਆਦਤ ਨ੍ਹੀਂ ਜਾਂਦੀ।"

ਭਾਗ ਹੁਣ ਸਰਦਾਰਾਂ ਦੇ ਉਸੇ ਸਾਈਕਲ ਤੇ ਕੰਮ ਜਾਣ ਲਗਿਆ ਸੀ। ਨਵੇਂ ਟਾਇਰ ਟਿਊਬ ਤੇ ਗਰੀਸ ਕਰਨ ਨਾਲ ਸਾਈਕਲ ਤੁਰਦਾ ਰਵਾਂ ਸੀ। ਆਲੂ ਪੁੱਟ ਕੇ ਜਦ ਉਹ ਹਟੇ ਤਾਂ ਆਖਰੀ ਟਰਾਲੀ ਵੇਲੇ ਭਾਗ ਨੇ ਕਾਕਾ ਜੀ ਨੂੰ ਕਿਹਾ, "ਮੈਂ ਪੀਤੂ ਝੂਰ ਦਾ ਸੌ ਰੁਪਿਆ ਦੇਣਾ, ਉਹ ਦੇ ਦਿੰਦਾ।"

ਕਾਕਾ ਜੀ ਟਾਲਾ ਲਾਉਣ ਦੇ ਮੂਡ 'ਚ ਐ। ਕਾਕਾ ਜੀ ਗੱਲ ਟਾਲਦਾ ਭਾਗੇ ਤੋਂ ਪੁੱਛਣ ਲੱਗਾ, "ਚਾਚਾ ਆਪਣੇ ਕਿੱਲੇ 'ਚੋਂ ਕਿੰਨਾ ਕੁ ਝਾੜ ਨਿਕਲ ਗਿਆ ਹੋਣਾ?" ਭਾਗ ਆਪਣੀ ਮਟਮੈਲੀ ਜਿਹੀ ਦਾੜ੍ਹੀ ਖਿੱਚਦਾ ਬੋਲਿਆ, "ਭਤੀਜ ਵੀਹ ਬਾਈ ਤਾਂ ਕਿਧਰੇ ਨ੍ਹੀਂ ਗਈ।"

ਫੇਰ ਕਾਕਾ ਜੀ ਭਾਗ ਨੂੰ ਥੱਲੇ ਲਾਉਣ ਲਈ ਪੁੱਛ ਬੈਠਾ, "ਵੈਸੇ ਚਾਚਾ ਜਦ ਤੇਰੇ ਕੋਲ ਜਮੀਨ ਸੀ ਤਾਂ ਉਦੋਂ ਕਿੰਨਾ ਕੁ ਝਾੜ ਨਿਕਲਦਾ ਸੀ?" ਭਾਗ ਬੋਲਿਆ, "ਲੈ ਭਤੀਜ ਮੇਰੀ ਜਮੀਨ 'ਚੋਂ ਤਾਂ ਕਦੇ ਵੀ ਬੱਤੀ ਤੇਤੀ ਤੋਂ ਘੱਟ ਨ੍ਹੀਂ ਸੀ ਨਿਕਲਿਆ।"

ਕਾਕਾ ਜੀ ਬੋਲਿਆ, "ਫੁੱਦੂ ਹੋਊ ਜਿਹੜਾ ਅੱਜ ਤੋਂ ਝਾੜ ਪਹਿਲਾਂ ਦੱਸੇ।"

ਸਾਰੇ ਆਲੂ ਵੇਚ ਕੇ ਕਾਕਾ ਜੀ ਪੂਰੇ ਖੁਸ਼ ਸੀ ਤੇ ਚਾਚੇ ਨੂੰ ਕਹਿਣ ਲੱਗਾ, "ਚਾਚਾ ਅੱਜ ਮੈਂ ਝਟਕਾ ਲੈ ਕੇ ਆਉਂਗਾ ਮੋਟਰ 'ਤੇ, ਗਲਾਸੀ ਖੜਕਾਵਾਂਗੇ। ਤੂੰ ਗੰਢੇ ਛਿੱਲ ਕੇ ਰੱਖੀਂ। ਨਾਲੇ ਤੈਨੂੰ ਇਕ ਹੋਰ ਸ਼ੈ ਦਖੋਣੀ ਐ।"

"ਉਹ ਕਿਹੜੀ ਭਤੀਜ?"

"ਮੈਂ ਨਮਾਂ ਬੰਬੂਕਾਟ ਲਿਆਂਦਾ ਬੁਲੇਟ।"

ਸ਼ਾਮ ਨੂੰ ਕਾਕਾ ਜੀ ਨਵੇਂ ਬੁਲੇਟ 'ਤੇ ਖੇਤ ਨੂੰ ਆਇਆ। ਉਸ ਨੇ ਮੋਟਰਸਾਈਕਲ ਭਾਗ ਦੇ ਸਾਈਕਲ ਨਾਲ ਹੀ ਖੜ੍ਹਾ ਕਰ'ਤਾ। ਭਾਗ ਸਾਈਕਲ ਕੋਲ ਆ ਕੇ ਰੁਕ ਗਿਆ। ਓਸ ਨੇ ਬੈਠ ਕੇ ਪਹਿਲਾਂ ਤਾਂ ਸਾਈਕਲ ਦੀ ਚੈਨ ਚੜ੍ਹਾਈ, ਫੇਰ ਆਪਣੇ ਸਾਈਕਲ ਦੇ ਪੈਡਲਾਂ ਵੱਲ ਦੇਖਿਆ ਜੋ ਸਿਰਫ ਕੀਲੀਆਂ ਹੀ ਸਨ, ਪੈਡਲ ਦਾ ਤਾਂ ਨਾਂ ਨਿਸ਼ਾਨ ਵੀ ਨਹੀਂ ਸੀ। ਮਰਗਾਟਾਂ ਤੋਂ ਬਿਨਾ ਸਾਈਕਲ ਉਜੜਿਆ ਜਿਹਾ ਲਗਦਾ ਸੀ, ਸਾਈਕਲ ਕਾਹਦਾ ਸੀ, ਬੱਸ ਨਾਂ ਦਾ ਹੀ। ਉਂ ਤਾਂ ਕਬਾੜ ਹੀ ਸੀ। ਚੈਨ ਚੜ੍ਹਾ ਕੇ ਭਾਗ ਨੇ ਨਵੇਂ ਬੁਲੇਟ ਮੋਟਰਸਾਈਕਲ ਦੇ ਉਪਰੋਂ ਦੀ ਪਰਿਕਰਮਾ ਕੀਤ

ਸੁਪਨੇ ਦਾ ਸੱਚ

ਕਹਾਵਤ ਹੈ, ਸੁਪਨੇ ਵੀ ਕਦੀ ਸੱਚੇ ਹੁੰਦੇ ਹਨ! ਸੁਪਨਾ ਨੀਂਦ ਦੇ ਹਨੇਰੇ ਵਿਚ ਅਜਿਹਾ ਚਲਚਿੱਤਰ ਹੈ, ਜਿਸ ਵਿਚ ਸੌਂ ਰਿਹਾ ਵਿਅਕਤੀ ਖੁਦ ਕਾਗਜ਼ੀ ਨਾਇਕ ਜਾਂ ਖਲਨਾਇਕ ਬਣਿਆ ਹੁੰਦਾ ਹੈ। ਸੁਪਨੇ ਦੁਖਾਂਤਕ, ਸੁਖਾਂਤਕ, ਮਿਲੇ-ਜੁਲੇ, ਊਲ-ਜਲੂਲ, ਇਥੋਂ ਤੱਕ ਕਿ ਵੀਭਤਸੀ ਵੀ ਹੋ ਸਕਦੇ ਹਨ। ਫਿਲਮਾਂ ਵਾਂਗ ਹੀ ਸੁਪਨਾ ਅਜਿਹਾ ਅਨੁਭਵ ਹੈ, ਜਿਸ ਦੀ ਸੱਚਾਈ ਦਾ ਭਰਮ ਨੀਂਦ ਟੁੱਟਣ ਦੇ ਝਟ ਪਿੱਛੋਂ ਮਿਟ ਜਾਂਦਾ ਹੈ। ਸੁਪਨੀਲਾ ਅਨੁਭਵ ਨੀਂਦ ਅਵਸਥਾ ਵਿਚ ਮਨ ਦੀ ਉਧੇੜ-ਬੁਣ ਹੈ, ਜਿਸ ਰਾਹੀਂ ਦਿਮਾਗ ਆਪਣੇ



ਅੰਦਰ ਜਮ੍ਹਾਂ ਹੋਏ ਕੂੜ-ਕਬਾੜ ਦੀ ਛਾਂਟੀ ਕਰਦਾ ਰਹਿੰਦਾ ਹੈ, ਐਨ ਕੰਪਿਊਟਰ ਵਾਂਗ, ਜੋ ਫਾਲਤੂ ਡਾਟੇ ਨੂੰ ਬਿਲੇ ਲਾਉਂਦਾ ਰਹਿੰਦਾ ਹੈ। ਸਮਝੋ ਸੁਪਨੇ ਮਨ ਦਾ ਜੁਲਾਬ ਹਨ। ਇੰਜ ਸਾਫ ਹੋ ਗਏ ਦਿਮਾਗ ਨਾਲ ਮਨ ਸੰਤੁਲਤ ਤੇ ਚੁਸਤ-ਫੁਰਤ ਰਹਿੰਦਾ ਹੈ। ਕਈ ਸੁਪਨੇ ਬੇਸਿਰ-ਪੈਰ, ਟੁੱਟਵੇਂ ਅਤੇ ਥੋੜ੍ਹ ਚਿਰੇ ਹੁੰਦੇ ਹਨ ਪਰ ਕਈ ਸੁਸੰਗਤ, ਰਵਾਂ ਅਤੇ ਨਾਵਲੀ ਵਿਸਤਾਰ ਵਾਲੇ ਵੀ ਹੁੰਦੇ ਹਨ। ਕਹਿੰਦੇ ਹਨ, ਸਮੁੱਚੀ ਨੀਂਦ ਦੌਰਾਨ ਮਨੁੱਖ ਲਗਾਤਾਰ ਅਨੇਕਾਂ ਸੁਪਨੇ ਲੈਂਦਾ ਹੈ ਪਰ ਜਾਗਣ 'ਤੇ ਉਨ੍ਹਾਂ ਨੂੰ ਯਾਦ ਨਹੀਂ ਰੱਖ ਸਕਦਾ।

ਸੁਪਨੇ ਅਤੇ ਨੀਂਦ ਦੀ ਪ੍ਰਕ੍ਰਿਆ ਦੇ ਪ੍ਰਕਾਰਜ ਤੇ ਮਨੋਰਥ ਬਾਰੇ ਅਜੇ ਬਹੁਤੀ ਸਮਝ ਨਹੀਂ ਬਣੀ। ਪਿਛਲੀ ਸਦੀ ਦੇ ਮਨੋਚਿਕਿਤਸਕ ਸਿਗਮੰਡ ਫਰਾਇਡ ਅਤੇ ਜੁੰਗ ਦਾ ਵਿਚਾਰ ਸੀ ਕਿ ਸੁਪਨਿਆਂ ਦੁਆਰਾ ਅਸੀਂ ਗੁਪਤ ਖਾਹਿਸ਼ਾਂ ਨੂੰ ਸੁਖਦਾਇਕ ਪ੍ਰਤੀਕਾਂ ਦਾ ਬਦਲ ਦੇ ਦਿੰਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਮਨ ਨੂੰ ਸਤਾ ਰਹੀਆਂ ਬਿਰਤੀਆਂ ਨੂੰ ਛੁਪਾ ਲੈਂਦੇ ਹਾਂ। ਉਸ ਨੇ ਸੁਪਨਿਆਂ ਨੂੰ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਦੱਸਿਆ। ਮਨੁੱਖ ਦੀ ਜ਼ਿੰਦਗੀ ਵਿਚ ਕਾਮ ਬਿਰਤੀ ਦਾ ਹੀ ਸਭ ਤੋਂ ਵੱਡਾ ਦਮਨ ਹੁੰਦਾ ਹੈ ਤੇ ਸੁਪਨੇ ਇਨ੍ਹਾਂ ਦੀ ਅਭਿਵਿਅਕਤੀ ਕਰਦੇ ਹਨ। 'ਸੁਪਨੇ ਵੀ ਕਦੀ ਸੱਚੇ ਹੁੰਦੇ ਹਨ', ਵਾਲੀ ਉਕਤੀ ਵਿਚ ਫਰਾਇਡ ਦੇ ਇਸੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ। 'ਬਿੱਲੀਆਂ ਨੂੰ ਚੂਹਿਆਂ ਦੇ ਸੁਪਨੇ' ਐਵੇਂ ਨਹੀਂ ਆਉਂਦੇ!

ਸੁਪਨਾ ਸ਼ਬਦ ਤੋਂ ਹੋਰ ਮੁਰਾਦਾਂ ਵੀ ਹਨ। ਜ਼ਿੰਦਗੀ ਜਾਂ ਸਮਾਜ ਲਈ ਚਿਤਵੇ ਆਦਰਸ਼ ਜਾਂ ਨਿਸ਼ਾਨੇ ਵੀ ਸੁਪਨਾ ਹੁੰਦੇ ਹਨ। ਕੋਈ ਡਾਕਟਰ ਤੇ ਕੋਈ ਡਾਕੂ ਬਣਨ ਦੇ ਸੁਪਨੇ ਲੈਂਦਾ ਹੈ। 'ਸੁਪਨੇ ਲੈਣੇ' ਤੋਂ ਭਾਵ ਹੈ ਦਾਈਏ ਬੰਨ੍ਹਣੇ ਜਾਂ ਆਸਾਂ ਬੰਨ੍ਹਣੀਆਂ। ਅਚਾਨਕ ਨੀਂਦ ਖੁਲ੍ਹਣ ਨਾਲ ਸੁਖਾਂਤਮਈ ਸੁਪਨਾ ਟੁੱਟ ਜਾਂਦਾ ਹੈ ਤਾਂ ਮਨੁੱਖ ਦੀ ਤੜਪ ਦੇਖਣ ਵਾਲੀ ਹੁੰਦੀ ਹੈ। 'ਸੁਪਨੇ ਟੁੱਟਣੇ' ਉਕਤੀ ਵਿਚ ਏਹੀ ਭਾਵ ਹੈ। ਇੰਜ ਸੁਪਨਾ ਇੱਕ ਤਰ੍ਹਾਂ ਕਲਪਨਾ ਮਾਤਰ ਵੀ ਹੈ। 'ਸੁਪਨਿਆਂ ਦੀ ਦੁਨੀਆਂ' ਖਿਆਲੀ ਪੁਲਾਓ ਦੀ ਤਰ੍ਹਾਂ ਹੁੰਦੀ ਹੈ। ਇਨ੍ਹਾਂ ਲਈ ਜਾਗ੍ਰਿਤ ਸੁਪਨੇ ਜਾਂ ਦਿਨ ਦੇ ਸੁਪਨੇ ਉਕਤੀਆਂ ਵੀ ਚਲਦੀਆਂ ਹਨ। ਕਈ ਪਿਆਰੇ ਸੁਪਨੇ ਹੀ ਹੋ ਜਾਂਦੇ ਹਨ, ਮਤਲਬ ਉਨ੍ਹਾਂ ਦੇ ਮੁੜ ਮਿਲਣ ਦੀ ਆਸ ਘਟ ਜਾਂਦੀ ਜਾਂ ਖਤਮ ਹੀ ਹੋ ਜਾਂਦੀ ਹੈ,

ਇਕ ਦਿਨ ਤੈਨੂੰ ਸੁਪਨਾ ਥੀਸਣ
ਗਲੀਆਂ ਬਾਬਲ ਵਾਲੀਆਂ।
ਉਡ ਗਏ ਭੌਰ ਫੁੱਲਾਂ ਦੇ ਕੋਲੋਂ,
ਸਣ ਪੱਤਰਾਂ ਸਣ ਡਾਲੀਆਂ।

ਅਧਿਆਤਮਕ ਪ੍ਰਸੰਗ ਵਿਚ ਇਸ ਮੋਹ ਮਾਇਆ ਵਾਲੇ ਸੰਸਾਰ ਨੂੰ ਝੂਠਾ ਮੰਨਦਿਆਂ ਇਸ ਦੀ ਸੁਪਨੇ ਨਾਲ ਉਪਮਾ ਕੀਤੀ ਜਾਂਦੀ ਹੈ,

ਰਾਮੁ ਗਇਓ ਰਾਵਨੁ ਗਇਓ
ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ
ਸੁਪਨੇ ਜਿਉ ਸੰਸਾਰੁ॥

ਹੋਰ ਦੇਖੋ,

ਝੂਠੈ ਮਾਨੁ ਕਹਾ ਕਰੈ
ਜਗੁ ਸੁਪਨੇ ਜਿਉ ਜਾਨੁ॥
ਇਨ ਮੈ ਕਛੁ ਤੇਰੋ ਨਹੀ
ਨਾਨਕ ਕਹਿਓ ਬਖਾਨਿ॥

ਵਾਰਸ ਸ਼ਾਹ ਵੀ ਏਹੀ ਸਮਝਾਉਂਦਾ ਹੈ,

ਰਾਂਝਾ ਆਖਦਾ ਇਹ ਜਹਾਨ ਸੁਫਨਾ,
ਪਰ ਜਾਵਣਾ ਹੈ ਮਤਵਾਲੀਏ ਨੀ।

ਸੁਪਨੇ ਚਾਹੇ ਭਰਮ ਹੋਣ ਜਾਂ ਇਨ੍ਹਾਂ ਦੇ ਪ੍ਰਤੀਕ ਸਾਰਥਕ, ਇਨ੍ਹਾਂ ਵਿਚੋਂ ਗੁਜ਼ਰਨਾ ਆਪਣੇ ਆਪ ਵਿਚ ਇੱਕ ਯਥਾਰਥਕ ਅਨੁਭਵ ਹੈ, ਜੋ ਹਰ ਕੋਈ, ਹਰ ਰੋਜ਼ ਹੰਢਾਉਂਦਾ ਹੈ। ਸੁਪਨ-ਵਿਚਾਰ ਅਨੁਸਾਰ ਸੁਪਨੇ 'ਚ ਆਈਆਂ ਗੱਲਾਂ ਭਵਿੱਖਵਾਣੀ ਸਮਾਨ ਹਨ। ਮਾਨਤਾ ਹੈ ਕਿ ਜੋ ਕੁਝ ਸੁਪਨੇ ਵਿਚ ਦੇਖਿਆ, ਸੱਚਾ ਹੋਵੇਗਾ। ਦੁਹ-ਸੁਪਨਾ ਅਰਥਾਤ ਅਮੰਗਲਕ ਜਾਂ ਖੋਟੇ ਸੁਪਨੇ ਨੂੰ ਕਿਸੇ ਆ ਰਹੀ ਬਿਪਤਾ ਦੀ ਚਿਤਾਵਨੀ ਮੰਨਿਆ ਜਾਂਦਾ ਹੈ। ਸੁਪਨੇ ਵਿਚ ਕਿਸੇ ਕਰੀਬੀ ਦੀ ਮੌਤ ਜਾਂ ਦੁਰਘਟਨਾ ਨੂੰ ਕਈ ਵਾਰੀ ਗੰਭੀਰਤਾ ਨਾਲ ਲਿਆ ਜਾਂਦਾ ਹੈ। ਪਰ ਹਰ ਰਵਾਇਤੀ ਸਮਝ ਵਿਗਿਆਨਕ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ। ਸੁਪਨਦੋਸ਼ ਅਰਥਾਤ ਸੁਪਨੇ ਵਿਚ ਧਾਤ ਪੈਣ ਨੂੰ ਵੈਦ ਹਕੀਮ ਗੱਭਰੂ ਨੂੰ ਕਮਜ਼ੋਰ ਕਰਨ ਵਾਲੀ ਭਿਆਨਕ ਬੀਮਾਰੀ ਸਮਝਦੇ ਹਨ, ਪਰ ਵਿਗਿਆਨਕ ਤੌਰ 'ਤੇ ਇਹ ਇਕ ਤਰ੍ਹਾਂ ਮਾਨਸਿਕ ਬੋਝ ਹਲਕਾ ਕਰਨ ਦਾ ਵਸੀਲਾ ਹੈ, ਇਸ ਲਈ ਸਿਹਤਮੰਦ ਕ੍ਰਿਆ ਹੈ।

ਜ਼ਰਾ ਸੁਪਨਾ ਸ਼ਬਦ ਦਾ ਆਪਣਾ ਸੱਚ ਜਾਣੀਏ। ਪੰਜਾਬੀ ਵਿਚ ਅੱਜ ਅਸੀਂ ਸੁਪਨਾ ਸ਼ਬਦ ਨੂੰ ਬਹੁਤਾ ਸੁਫਨਾ ਵਜੋਂ ਉਚਾਰਦੇ ਤੇ ਲਿਖਦੇ ਹਾਂ। ਮੈਂ ਨਿਆਣਪੁਣੇ ਵਿਚ ਇਸ ਨੂੰ ਸੁਖਨਾ ਕਿਹਾ ਕਰਦਾ ਸਾਂ। ਸ਼ਾਇਦ ਹੋਰ ਬੱਚੇ ਵੀ ਅਜਿਹਾ ਕਹਿੰਦੇ ਹੋਣ, ਇਹ ਬਾਲ ਭਾਸ਼ਾ ਦਾ ਸ਼ਬਦ ਹੈ। ਸੁਪਨੇ ਦਾ ਮੁਢਲਾ ਅਰਥ ਨੀਂਦ ਲੈਣਾ ਜਾਂ ਸੌਣਾ ਹੀ ਹੈ, "ਜਾਗਨ ਤੇ ਸੁਪਨਾ ਭਲਾ॥" (ਗੁਰੂ ਅਰਜਨ ਦੇਵ), ਭਾਵੇਂ ਅੱਜ ਇਹ ਨੀਂਦ ਨਾਲੋਂ ਟੁੱਟ ਕੇ ਵੱਖਰੀ ਹਸਤੀ ਅਖਤਿਆਰ ਕਰ ਚੁਕਾ ਹੈ। ਸੁਪਨੇ ਸੌਣ ਪ੍ਰਕ੍ਰਿਆ ਦਾ ਅਨਿੱਖੜ ਹਿੱਸਾ ਹਨ।

ਸੰਸਕ੍ਰਿਤ ਸ਼ਬਦ 'ਸਵਪ' ਦਾ ਅਰਥ ਸੌਣਾ ਹੀ ਹੈ, 'ਇਤ: ਸਵਪਿਤਿ ਕੇਸ਼ਵ:' ਅਰਥਾਤ ਸਮੁੰਦਰ ਦੇ ਇਸ ਪਾਸੇ ਕੇਸ਼ਵ (ਭਗਵਾਨ ਵਿਸ਼ਣੂ) ਸੌਂ ਰਹੇ ਸਨ। ਇਸ ਦੇ ਹੋਰ ਅਰਥ ਹਨ-ਲਿਟਣਾ, ਆਰਾਮ ਕਰਨਾ ਤੇ ਮਗਨ ਹੋਣਾ, ਮਾਨੋ ਨੀਂਦ ਵਿਚ ਖੋਏ ਹੋਣਾ। ਸਵਪ ਤੋਂ ਬਣੇ ਸਵਪਨ ਵਿਚ ਸੌਣ ਤੋਂ ਅੱਗੇ ਸੁਪਨਾ ਲੈਣ ਦੇ ਭਾਵ ਆਉਂਦੇ ਹਨ। ਇਸ ਦਾ ਪ੍ਰਾਕ੍ਰਿਤ ਰੂਪ ਸੁੱਪਣੋ ਹੈ। ਪਾਠਕ ਸਮਝ ਗਏ ਹੋਣਗੇ, ਪੰਜਾਬੀ ਸੌਣਾ ਵੀ ਸਵਪਨ ਦਾ ਹੀ ਵਿਕਸਿਤ ਰੂਪ ਹੈ, 'ਬਾਬਾ ਹੋਰ ਸਉਣਾ ਖੁਸੀ ਖੁਆਰੁ॥' (ਗੁਰੂ ਨਾਨਕ ਦੇਵ)

ਹਰ ਕਿਸੇ ਨੇ ਅੱਜ-ਭਲਕ ਸਦਾ ਦੀ ਨੀਂਦੇ ਵੀ ਸੌਣਾ ਹੀ ਹੈ। ਬੇਫਿਕਰੀ ਵਿਚ ਲੰਮੀਆਂ ਤਾਣ ਕੇ ਸੋਂਇਆ ਜਾਂਦਾ ਹੈ। ਸਵਪਨ ਦੇ ਭੂਤਕਾਲੀ ਕਾਰਦੰਤਕ ਸੁਪਤ ਦਾ ਅਰਥ 'ਸੁੱਤਾ ਹੋਇਆ' ਵੀ ਹੈ ਅਤੇ ਕਿਸੇ ਅੰਗ ਦਾ ਸੁੰਨ ਹੋਣਾ ਵੀ, "ਸੁਖ ਸੋ ਸੁਪਤ ਸਿੰਘ ਛੇਰਯੋ ਤੈਂ ਕਰਾਲ ਕੋ।" (ਗੁਰ ਪ੍ਰਕਾਸ਼ ਸੂਰਜ) ਪੰਜਾਬੀ 'ਸੁੱਤਾ' ਵਿਚ ਵੀ ਇਹੋ ਭਾਵ ਹਨ। ਸੁੱਤਾ ਸ਼ਬਦ ਸੁਪਤ ਦਾ ਹੀ ਸੰਕੁਚਿਤ ਰੂਪ ਹੈ, ਇਥੇ 'ਪ' ਧੁਨੀ ਅਲੋਪ ਹੋ ਗਈ ਹੈ। ਪਾਲੀ ਪ੍ਰਾਕ੍ਰਿਤ ਸੁੱਤ ਦਾ ਅਰਥ ਸੁੱਤਾ ਪਿਆ ਜਾਂ ਸੌਣ ਹਿੱਤ ਪਿਆ ਹੈ। 'ਸੋਤਾ ਪੈਣਾ' ਦਾ ਅਰਥ ਸੌਣ ਦਾ ਵੇਲਾ ਹੋ ਜਾਣਾ ਹੈ।

ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਰਲਦੇ-ਮਿਲਦੇ ਸ਼ਬਦ ਮਿਲਦੇ ਹਨ, ਜਿਨ੍ਹਾਂ ਵਿਚ ਏਹੀ ਭਾਵ ਹਨ। ਦਰਦ ਭਾਸ਼ਾ ਪਰਿਵਾਰ ਵਿਚਲੀ ਪਸ਼ਾਈ ਸ਼ਾਖਾ ਦੀਆਂ ਕੁਝ ਉਪਬੋਲੀਆਂ ਵਿਚ ਅਰੰਭਲੀ 'ਸ' ਧੁਨੀ ਅਲੋਪ ਹੋ ਕੇ ਪਲੋਵੋ, ਪਲੋਬੋ ਜਿਹੇ ਸ਼ਬਦ ਸਾਹਮਣੇ ਆਏ ਜਿਨ੍ਹਾਂ ਦਾ ਅਰਥ ਨੀਂਦ ਹੈ। ਇਨ੍ਹਾਂ ਰੂਪਾਂ ਵਿਚ ਸੁਪਨੇ ਵਾਲੇ ਅਰਥ ਕਿਧਰੇ ਘੱਟ ਦਿਸਦੇ ਹਨ। ਸੌਣਾ ਤੋਂ ਹੀ ਪੰਜਾਬੀ 'ਚ ਸੁਆਲਣਾ-ਸੁਲਾਉਣਾ, (ਬਹਿਣਾ ਤੋਂ ਬਹਾਲਣਾ ਵਾਂਗ) ਸੁਆਉਣਾ ਪ੍ਰੇਰਣਾਰਥਕ ਕ੍ਰਿਆਵਾਂ ਬਣੀਆਂ। ਆਪਰੇਸ਼ਨ ਤੋਂ ਪਹਿਲਾਂ ਮਰੀਜ਼ ਨੂੰ ਨਸ਼ਾਵਰ ਦਵਾਈ ਦੇ ਕੇ ਸੁਲਾ ਦਿੱਤਾ ਜਾਂਦਾ ਹੈ।

ਸੁਪਨਾ ਸ਼ਬਦ ਹਿੰਦ-ਯੂਰਪੀ ਹੈ। ਇਸ ਦਾ ਭਾਰੋਪੀ ਮੂਲ ਹੈ Swep ਜਿਸ ਵਿਚ ਸੌਣ ਦਾ ਭਾਵ ਹੈ। ਪ੍ਰਾਕ ਭਾਰੋਪੀ ਸ਼ਬਦ Swápati ਵਿਚ ਸੁੱਤੇ ਹੋਣ ਦਾ ਭਾਵ ਹੈ। ਇਸ ਅੱਗੇ 'No' ਲਾ ਕੇ ਇਸ ਦਾ ਪਿਛੇਤਰੀ ਰੂਪ ਬਣਦਾ ਹੈ, Supno. ਇਸ ਤੋਂ ਸੌਣਾ ਦੇ ਅਰਥਾਂ ਵਾਲਾ ਅਵੇਸਤਨ ਸ਼ਬਦ ਬਣਿਆ, ਖਵਫਨ। ਇਰਾਨੀ ਭਾਸ਼ਾਵਾਂ ਵਿਚ 'ਸ' ਧੁਨੀ 'ਖ' ਵਿਚ ਵੱਟ ਜਾਂਦੀ ਹੈ। ਫਾਰਸੀ ਸ਼ਬਦ ਖਵਾਬ/ਖਾਬ ਸ਼ਬਦ ਇਥੇ ਥਾਂ ਸਿਰ ਹੈ। ਇਸ ਦਾ ਮੁਢਲਾ ਅਰਥ ਵੀ ਸੌਣਾ ਹੀ ਹੈ। ਫਾਰਸੀ ਖਵਾਬਜਾਮਾ ਦਾ ਅਰਥ ਹੈ, ਸੌਣ ਵਾਲੇ ਕਪੜੇ। 'ਖਵਾਬੀ ਪਰੇਸ਼ਾਨ' ਸੰਸਕ੍ਰਿਤ ਦੁਸ਼-ਸਵਪਨ ਅਤੇ ਪੰਜਾਬੀ ਦੁਹ-ਸੁਪਨਾ ਦੀ ਤਰ੍ਹਾਂ ਭਿਆਨਕ ਸੁਪਨਾ ਹੁੰਦਾ ਹੈ। ਅਸਲ ਵਿਚ ਖਾਬ ਸ਼ਬਦ ਵਿਚ ਸੌਣ ਅਤੇ ਸੁਪਨਾ ਲੈਣ ਦੇ-ਦੋਵੇਂ ਅਰਥ ਇੱਕਮਿੱਕ ਹੋ ਜਾਂਦੇ ਹਨ। ਵਾਰਸ ਦੇ ਹੇਠਲੇ ਬੰਦ ਵਿਚ ਖਾਬ ਦੇ ਅਰਥ ਚਾਹੇ ਨੀਂਦ ਕਰ ਲਓ ਚਾਹੇ ਸੁਪਨਾ,

ਗੋਇਆ ਖਾਬ ਦੇ ਵਿਚ ਅਜ਼ਾਜ਼ੀਲ ਡਿੱਠਾ
ਮੈਨੂੰ ਫੇਰ ਮੁੜ ਅਰਸ਼ 'ਤੇ ਚਾੜ੍ਹਿਆ ਨੇ।
ਵਾਰਸ ਸ਼ਾਹ ਨੂੰ ਤੁਰਤ ਨਹਾਇ ਕੇ ਤੇ
ਬੀਵੀ ਹੀਰ ਦੇ ਪਲੰਗ 'ਤੇ ਚਾੜ੍ਹਿਆ ਨੇ।

ਬਲੋਚੀ ਭਾਸ਼ਾ ਵਿਚ ਖਵਾਬ ਸ਼ਬਦ ਵਿਚੋਂ 'ਖ' ਧੁਨੀ ਉਡ ਗਈ ਤੇ ਰਹਿ ਗਿਆ, ਵਾਬ। ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਖਾਬ ਸ਼ਬਦ ਆਮ ਤੌਰ 'ਤੇ ਸੁਪਨੇ ਦੇ ਅਰਥ ਵਜੋਂ ਹੀ ਵਰਤਿਆ ਜਾਂਦਾ ਹੈ ਤੇ ਉਹ ਵੀ ਕਾਵਿਕ ਅੰਦਾਜ਼ ਵਾਲੀ ਭਾਸ਼ਾ ਵਿਚ। ਸੁਰਿੰਦਰ ਗਿੱਲ ਦੀ ਇੱਕ ਕਵਿਤਾ ਦੇ ਬੋਲ ਹਨ,

ਖਾਬ ਤੇਰੇ ਰਾਤ ਭਰ ਆਉਂਦੇ ਰਹੇ ਜਾਂਦੇ ਰਹੇ।
ਰਾਤ ਭਰ ਪੋਟੇ ਵਫਾ ਦੇ ਔਂਸੀਆਂ ਪਾਂਦੇ ਰਹੇ।

ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

Swep ਮੂਲ ਤੋਂ ਬਣੇ ਕੁਝ ਹੋਰ ਸ਼ਬਦਾਂ ਦਾ ਥੋੜ੍ਹਾ ਜ਼ਿਕਰ ਕਰ ਲਈਏ। ਰੋਮਨ ਮਿਥਿਹਾਸ ਵਿਚ ਨੀਂਦ ਦੇ ਦੇਵਤੇ ਦਾ ਨਾਂ Somnus ਹੈ। ਇਸ ਦੇ ਟਾਕਰੇ ਤੇ ਗਰੀਕ Hypnos ਰਾਤ ਦਾ ਪੁੱਤਰ ਅਤੇ ਮੌਤ ਦਾ ਭਰਾ ਹੈ। ਪੁਰਾਣੀ ਅੰਗਰੇਜ਼ੀ ਤੇ ਪੁਰਾਣੀ ਨੌਰਸ ਦੇ ਸ਼ਬਦ ਸਵੈਫਨ ਦਾ ਮਤਲਬ ਹੈ, ਸੁਪਨਾ। ਉਨੀਂਦਰੇ ਦੀ ਬੀਮਾਰੀ ਲਈ ਅੰਗਰੇਜ਼ੀ ਸ਼ਬਦ Insomnia ਆਮ ਹੀ ਜਾਣਿਆ ਜਾਂਦਾ ਹੈ। ਇਹ ਬਣਿਆ ਹੈ, ਨਿਖੇਧੀਸੂਚਕ ਅਗੇਤਰ 'In' ਦੇ ਅੱਗੇ Somnus (ਸੌਣਾ) ਲਾ ਕੇ। ਹੋਰ ਸ਼ਬਦ ਦੇਖੋ, Somniloquy (ਨੀਂਦ ਵਿਚ ਬੋਲਣਾ), Somnolence (ਨਿੰਦਰਾਈ ਅਵਸਥਾ, ਊਂਘ), Somnambulism (ਨੀਂਦ ਵਿਚ ਤੁਰਨਾ)। ਲਾਤੀਨੀ Sopor ਦਾ ਅਰਥ ਹੈ, ਡੂੰਘੀ ਨੀਂਦ ਜਾਂ ਸੁਸਤੀ। ਇਸ ਤੋਂ ਬਣੇ Soporific ਦਾ ਅਰਥ ਹੈ, ਨੀਂਦ ਲਿਆਉ (ਦਵਾਈ ਆਦਿ)। Supno ਮੂਲ ਦੇ ਟਾਕਰੇ 'ਤੇ ਗਰੀਕ ਵਿਚ Hypno ਸ਼ਬਦ ਆਉਂਦਾ ਹੈ। ਇਸ ਤੋਂ ਬਣੇ Hypnosis ਅਤੇ Hypnotism ਆਮ ਜਾਣੇ-ਪਛਾਣੇ ਸ਼ਬਦ ਹਨ। ਇਨ੍ਹਾਂ ਲਈ ਅਸੀਂ ਸੰਮੋਹਨ ਸ਼ਬਦ ਵਰਤਦੇ ਹਾਂ। ਇਨ੍ਹਾਂ ਸ਼ਬਦਾਂ ਵਿਚ ਮੁਢਲਾ ਅਰਥ 'ਨੀਂਦ ਆਉਣ' ਦਾ ਹੈ। ਹਿਪਨੋਟਿਜ਼ਮ ਦੌਰਾਨ ਮਨੁੱਖ ਦੀ ਚੇਤਨਾ ਨੂੰ ਇਸ ਤਰ੍ਹਾਂ ਸੁਆਂ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਵਲੋਂ ਕੋਈ ਅੰਗ ਹਿਲਾ ਜੁਲਾ ਨਹੀਂ ਸਕਦਾ ਪਰ ਦੂਜੇ ਵਲੋਂ ਦਿੱਤੇ ਸੁਝਾਵਾਂ ਅਨੁਸਾਰ ਹੁੰਘਾਰਾ ਭਰਦਾ ਜਾਂ ਹਰਕਤ ਕਰਦਾ ਰਹਿੰਦਾ ਹੈ। ਮਨੋਚਿਕਿਤਸਕ ਇਸ ਵਿਧੀ ਦੀ ਵਰਤੋਂ ਮਾਨਸਿਕ ਰੋਗੀਆਂ ਦੀਆਂ ਦੱਬੀਆਂ ਖਾਹਿਸ਼ਾਂ ਸਾਹਮਣੇ ਲਿਆਉਣ ਲਈ ਕਰਦੇ ਹਨ।

ਝਰੀਟਾਂ

(ਪਿਛਲੇ ਸਫੇ ਦੀ ਬਾਕੀ)

ਇਹੀ ਸੀ, 'ਬੇਜ਼ਮੀਰਾ।' ਉਹ ਬੇਜ਼ਮੀਰਾ ਤਾਂ ਕਦੇ ਵੀ ਨ੍ਹੀਂ ਸੀ ਹੋਇਆ। ਉਸ ਨੇ ਟਾਲਣ ਦੀ ਕੋਸ਼ਿਸ਼ ਕੀਤੀ, "ਦੇਖ ਭਤੀਜ ਜਦ ਕੋਈ ਬੰਦਾ ਰੰਡੀ ਬਜ਼ਾਰ ਜਾਂਦੈ ਤਾਂ ਰੰਡੀ ਨੂੰ ਜ਼ਰੂਰ ਪੁੱਛਦੈ, 'ਤੂੰ ਇਹ ਧੰਦਾ ਕਿਉਂ ਅਪਨਾਇਆ?' ਉਸ ਨੂੰ ਵੀ ਪਤਾ ਹੁੰਦਾ, ਇਹਨੇ ਕਿਹੜਾ ਮੇਰਾ ਡੋਲਾ ਲੈ ਜਾਣਾ ਤੇ ਉਹ ਇਹੀ ਕਹਿੰਦੀ ਆ, 'ਤੂੰ ਆਪਣਾ ਕੰਮ ਕਰ ਤੇ ਤੁਰਦਾ ਹੋ।' ਏਸੇ ਤਰ੍ਹਾਂ ਮੈਂ ਤੈਨੂੰ ਕਹਿਨਾਂ ਪੁੱਤਰਾ, ਜੋ ਹੋ ਗਿਆ ਸੋ ਗਿਆ, ਤੂੰ ਕਿਹੜਾ ਉਹ ਜਮੀਨ ਦੁਬਾਰਾ ਮੇਰੇ ਨਾਂ ਲਵਾ ਦੇਵੇਂਗਾ? ਛੱਡ ਏਸ ਕਹਾਣੀ ਨੂੰ ਫੇਰ ਕਦੇ ਸਹੀ।"

"ਨਹੀਂ ਚਾਚਾ ਅੱਜ ਮੈਂ ਸੁਣਨੀ ਆ।"

"ਅੱਛਾ ਲੈ ਸੁਣ ਫੇਰ।" ਉਹਨੇ ਇਕ ਮੋਟਾ ਜਿਹਾ ਹਾੜਾ ਪਾ ਲਿਆ ਤੇ ਗੱਲ ਸੁਣੌਣ ਲੱਗਾ, "ਮੇਰੇ ਬਾਪੂ ਜੀ ਦਾ ਨਾਂ ਕੁੰਦਨ ਸਿੰਘ ਸੀ। ਹਿੰਮਤੀ ਬਹੁਤ ਸੀ। ਉਹਦਾ ਜੀਅ ਕਰਦਾ ਕੇ ਉਹ ਤਰੱਕੀ ਕਰੇ ਪਰ ਉਸ ਦਾ ਸੁਪਨਾ ਪੂਰਾ ਨਾ ਹੋਇਆ। ਜਿਸ ਦਿਨ ਉਸ ਦੀ ਮੌਤ ਹੋਈ, ਸਾਡੇ ਘਰ ਸਿਰਫ ਵੀਹ ਕਿਲੋ ਕਣਕ ਸੀ ਤੇ ਅੰਤਾਂ ਦਾ ਕਰਜਾ ਸੀ।

ਬਾਪੂ ਨੇ ਆੜਤੀਆਂ ਦੇ ਪੈਸੇ ਦੇਣੇ ਸੀ ਪਰ ਪੈਸਿਆਂ ਦਾ ਜੁਗਾੜ ਕਿਧਰੋਂ ਨ੍ਹੀਂ ਬਣ ਰਿਹਾ ਸੀ। ਏਸ ਗੱਲ ਦਾ ਝੋਰਾ ਉਹਨੂੰ ਵਿਚੋ ਵਿਚ ਖਾਈ ਜਾਂਦਾ। ਅਸੀਂ ਕੰਮ ਵੀ ਬਥੇਰਾ ਕਰਦੇ ਪਰ ਫੇਰ ਵੀ ਕਮਾਈ ਪਤਾ ਨ੍ਹੀਂ ਕਿਧਰ ਜਾਂਦੀ। ਉਹ ਜਦ ਸ਼ਹਿਰ ਜਾਂਦਾ ਤਾਂ ਘਰ ਵਾਸਤੇ ਜਲੇਬੀਆਂ ਜ਼ਰੂਰ ਲੈ ਕੇ ਆਉਂਦਾ। ਉਸ ਦਿਨ ਮੈਨੂੰ ਕਹਿਣ ਲੱਗਾ, 'ਲੈ ਬਾਪੂ ਦੇ ਸਿਰ 'ਤੇ ਖਾ ਲੈ ਜਲੇਬੀਆਂ।' ਮੈਨੂੰ ਗੱਲ ਦੀ ਸਮਝ ਨਾ ਲੱਗੀ ਜਿਵੇਂ ਉਹਨੂੰ ਪਤਾ ਹੋਵੇ ਕਿ ਹੁਣ ਉਹ ਥੋੜ੍ਹੇ ਦਿਨਾਂ ਦਾ ਮਹਿਮਾਨ ਹੈ। ਮੇਰੇ ਬਾਪੂ ਨੇ ਉਸ ਸਾਲ ਪੰਜ ਕਿਲੇ ਹੋਰ ਠੇਕੇ 'ਤੇ ਲਏ ਸਨ। ਅਸੀਂ ਕਣਕ ਬੀਜੀ। ਰੇਹ ਪਾ ਕੇ ਪੂਰ

ਛਾਂਵੇਂ-ਛਾਂਵੇਂ

ਨਿਆਮਤਾਂ

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਾਪਿਆਂ ਦੀ ਬੱਚਿਆਂ ਲਈ ਘਾਲਣਾ ਨੂੰ ਸਜ਼ਦਾ ਕਰਦਿਆਂ ਕਿਹਾ ਸੀ, "ਬੱਚੇ ਸਿਰਫ ਮਾਪਿਆਂ ਦੀ ਹੋਂਦ ਵਿਚ ਹੀ ਮੌਲਦੇ, ਵਰਨਾ ਬੇਮੌਸਮੀ ਪੱਤਝੜਾਂ ਉਨ੍ਹਾਂ ਦੀਆਂ ਬਚਪਨੀ ਬਹਾਰਾਂ ਨੂੰ ਬੇਰੌਣਕੀ, ਬੇਗਾਨਗੀ ਅਤੇ ਵੈਰਾਨਗੀ ਵਿਚ ਵਿਚਰਨ ਜੋਗਾ ਕਰ ਜਾਂਦੀਆਂ।...ਹਰ ਰਿਸ਼ਤਾ ਈਰਖਾ ਤੇ ਸਾੜਾ ਕਰ ਸਕਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਉਸੇ ਗੱਲ ਨੂੰ ਅੱਗੇ ਤੋਰਦਿਆਂ ਬੰਦੇ ਸਿਰ ਓਟ ਆਸਰੇ ਦੀ ਗੱਲ ਕੀਤੀ ਹੈ। ਉਹ ਕਹਿੰਦੇ ਹਨ, "ਮਾਪਿਆਂ ਦੀ ਛਾਂ ਹੇਠ ਤੁਰਨ ਵਾਲੇ ਅਤੇ ਇਸ ਛਾਂ ਨੂੰ ਆਪਣੇ ਅੰਤਰੀਵ ਵਿਚ ਸਮਾਉਣ ਵਾਲੇ ਲੋਕ ਹੀ ਛਾਂ ਦੀ ਅਹਿਮੀਅਤ ਨੂੰ ਸਮਝ ਸਕਦੇ।...ਕਦੇ ਠੰਢਕ ਪਹੁੰਚਾਉਂਦੀ ਪਰ ਕਦੇ ਕਦਾਈਂ ਤਪਸ਼ ਵੀ ਤਰੌਂਕਦੀ, ਪਰ ਬਹੁਤੀ ਵਾਰ ਇਹ ਛਾਂ ਤੁਹਾਡਾ ਭਲਾ ਮੰਗਦੀ, ਆਪਣੇ ਹਰ ਰੂਪ 'ਚ, ਤੁਹਾਡੇ ਪੈਰਾਂ ਦੇ ਨਾਮ ਸਦੀਵਤਾ ਦਾ ਨਾਮਕਰਨ ਕਰਦੀ।" ਉਨ੍ਹਾਂ ਦੀ ਇਸ ਗੱਲ ਵਿਚ ਕਿੰਨਾ ਵਜ਼ਨ ਹੈ! "ਛਾਂ ਤਾਂ ਆਪਣੀ ਵੀ ਹੁੰਦੀ। ਪਰ ਸਭ ਤੋਂ ਔਖਾ ਹੁੰਦਾ ਏ ਛਾਂ ਬਣਨਾ ਅਤੇ ਇਸ ਦੀ ਛਾਂਵੇਂ-ਛਾਂਵੇਂ ਤੁਰ ਕੇ ਜੀਵਨ-ਪੈਂਡਿਆਂ ਦੇ ਮੱਥੇ 'ਤੇ ਸੁਰਖ ਸਿਰਨਾਵਾਂ ਸਿਰਜਣਾ।" -ਸੰਪਾਦਕ

ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਦੇ ਪੈਰਾਂ ਦੀਆਂ ਤਲੀਆਂ 'ਚ ਸੇਕ ਨਹੀਂ ਉਗਦਾ ਅਤੇ ਨਾ ਹੀ ਉਨ੍ਹਾਂ ਦੇ ਸਿਰਾਂ 'ਤੇ ਅੱਗ ਵਰ੍ਹਦੀ ਏ। ਉਹ ਜੀਵਨ-ਰਾਹ 'ਤੇ ਅਨੰਦਮਈ ਪਲਾਂ ਦਾ ਵੱਸਦਾ ਗਰਾਂ ਹੁੰਦੇ ਅਤੇ ਉਨ੍ਹਾਂ ਦੀ ਕਰਮ-ਜਾਚਨਾ 'ਚ ਜ਼ਿੰਦਗੀ ਦੇ ਸੂਖਮ ਤੇ ਸੁਹਜ ਪਲਾਂ ਦਾ ਵਰਤਾਰਾ ਹੁੰਦਾ।

ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਨੂੰ ਤਿੱਖੜ ਦੁਪਹਿਰਾਂ 'ਚ ਫਲ੍ਹੇ ਵਾਹੁੰਦੇ, ਵਾਢੀਆਂ ਕਰਦੇ ਅਤੇ ਕਣਕ ਦੇ ਵੱਢ 'ਚ ਮੱਚਦੇ ਨੰਗੇ ਪੈਰਾਂ ਦੀ ਕੋਈ ਸਾਰ ਨਹੀਂ ਹੁੰਦੀ। ਨਾ ਹੀ ਉਨ੍ਹਾਂ ਨੂੰ ਕੱਕੀ ਰੇਤ ਵਿਚ ਸੱਸੀ ਦੀ ਗੁੰਮ ਰਹੀ ਪੈੜ-ਨਕਾਸ਼ੀ ਅਤੇ ਪੰਖੇਰੂ-ਪ੍ਰਾਣਾਂ ਦੀ ਪਰਵਾਜ਼ ਦਾ ਅਹਿਸਾਸ ਹੋ ਸਕਦਾ ਏ?

ਕਦੇ ਕਦਾਈਂ ਛਾਂਵੇਂ-ਛਾਂਵੇਂ ਤੁਰਨ ਵਾਲੇ ਲੋਕਾਂ ਨੂੰ ਛਾਂ ਤੇ ਧੁੱਪ ਦਾ ਫਰਕ ਪਤਾ ਲੱਗਦਾ ਅਤੇ ਉਹ ਇਸ ਛਾਂ 'ਚੋਂ ਵੀ, ਪਿੰਡੇ ਹੰਢਾਈ ਧੁੱਪ ਦਾ ਮੁਲਾਂਕਣ ਕਰਨ ਬੈਠ ਜਾਂਦੇ।

ਛਾਂਵੇਂ-ਛਾਂਵੇਂ ਤੁਰਨ ਵਾਲਿਆਂ ਨੂੰ ਇਸ ਗੱਲ ਦਾ ਕਦੇ ਵੀ ਅਹਿਸਾਸ ਨਹੀਂ ਹੋ ਸਕਦਾ ਕਿ ਧੁੱਪ ਦੀ ਜੂਨੇ ਆਇਆਂ ਲਈ ਰੱਕੜ, ਮਾਰੂਥਲ ਤੇ ਵੈਰਾਨਗੀ ਦਾ ਪੀਹੜਾ ਹਰ ਦਮ ਡਾਹੁਣਾ ਪੈਂਦਾ ਏ।

ਮਾਪਿਆਂ ਦੀ ਛਾਂ ਹੇਠ ਤੁਰਨ ਵਾਲੇ ਅਤੇ ਇਸ ਛਾਂ ਨੂੰ ਆਪਣੇ ਅੰਤਰੀਵ ਵਿਚ ਸਮਾਉਣ ਵਾਲੇ ਲੋਕ ਹੀ ਛਾਂ ਦੀ ਅਹਿਮੀਅਤ ਨੂੰ ਸਮਝ ਸਕਦੇ।

ਬਾਪ ਦੀ ਪਰਨੇ ਦੀ ਚਿੱਤਕਬਰੀ ਛਾਂ ਹੇਠ ਤੁਰਨ ਵਾਲੇ ਮਲੂਕ ਪੈਰਾਂ ਨੂੰ ਕੱਚੇ ਰਾਹਾਂ ਦੀ ਧੁੱਧਲ ਦਾ ਸੇਕ ਨਹੀਂ ਪਾਹੁੰਦਾ ਅਤੇ ਉਹ ਸਾਬਤ ਕਦਮੀਂ ਮੰਜ਼ਿਲ ਦਾ ਸਿਰਨਾਵਾਂ ਬਣ ਜਾਂਦੇ ਨੇ।

ਮਾਂ ਦੀ ਛਾਂ ਮਾਣਨ ਵਾਲੇ ਬੱਚੇ ਤਿੱਖੜ ਦੁਪਹਿਰਾਂ 'ਚ ਵੀ ਠੰਢੜੀ ਛਾਂ ਮਾਣਦੇ। ਬਜੁਰਗੀ ਪ੍ਰਛਾਂਵੇਂ 'ਚ ਤੁਰੇ ਜਾਂਦੇ ਅਲ੍ਹੂੰਏਂ ਜੁਆਕ ਨੂੰ ਸਿਰ 'ਤੇ ਆਇਆ ਸੂਰਜ ਵੀ ਨਹੀਂ ਪਿਘਲਾ ਸਕਦਾ।

ਮਾਪਿਆਂ ਦੀ ਛਾਂ ਵਿਚ ਤੁਰਨ ਵਾਲੀ ਔਲਾਦ ਨੂੰ ਦੁਨੀਆਂਦਾਰੀ ਦੇ ਝਮੇਲਿਆਂ ਤੋਂ ਰਾਹਤ ਵੀ ਮਿਲਦੀ ਅਤੇ ਸਮਾਜਕ ਸਰੋਕਾਰਾਂ ਦੀ ਸੋਝੀ ਹੋਣ ਦੇ ਨਾਲ-ਨਾਲ, ਜੀਵਨ ਦੇ ਮਾਰੂਥਲੀਂ ਰਾਹਾਂ ਨੂੰ ਸਰ ਕਰਨ ਦਾ ਹੀਆ ਤੇ ਸਬਰ ਵੀ ਹੁੰਦਾ।

ਆਪਣੇ ਵਿਰਸੇ ਦੀ ਛਾਂ ਮਾਣਨ ਵਾਲੇ ਲੋਕ ਆਪਣੇ ਬੀਤੇ 'ਤੇ ਮਾਣ ਕਰਦੇ। ਭੂਤ ਨੂੰ ਪੱਲੇ ਬੰਨ ਕੇ ਨਵੇਂ ਦਿਸਹੱਦਿਆਂ ਦਾ ਨਾਮਕਰਨ ਵੀ ਕਰਦੇ ਅਤੇ ਆਪਣੇ ਮੂਲ ਨਾਲ ਵੀ ਜੁੜੇ ਰਹਿੰਦੇ।

ਬਾਬੇ ਬਿਰਖਾਂ ਦੀ ਛਾਂ 'ਚ ਸੁਕਰ, ਸਕੂਨ ਅਤੇ ਸਬਰ ਦੀ ਮੁਹਾਰਨੀ ਪੜ੍ਹੀ ਜਾਂਦੀ। ਇਸ ਦੀ ਛਾਂ 'ਚ ਜਦ ਰਾਹੀਆਂ ਦੀ ਥਕਾਵਟ ਦੂਰ ਹੁੰਦੀ ਅਤੇ ਉਨ੍ਹਾਂ ਦੇ ਪਿੰਡੇ ਤੋਂ ਵਾਸ਼ਪ ਹੋਇਆ ਮੁੜਕਾ, ਹਵਾ 'ਚ ਤਰਲਤਾ ਬੀਜਦਾ ਤਾਂ ਬਿਰਖ ਦੇ ਸਾਹਾਂ ਵਿਚ ਰਵਾਨਗੀ ਭਰੀ ਜਾਂਦੀ।

ਬਜੁਰਗਾਂ ਦੀ ਸਿਆਣਪੀ ਛਾਂ ਵਿਚ ਪ੍ਰਵਾਨ ਚੜ੍ਹੇ ਬੱਚਿਆਂ ਦੇ ਮਨਾਂ ਵਿਚ ਅਚੇਤ ਹੀ ਮਾਨਵੀ ਕਦਰਾਂ ਕੀਮਤਾਂ, ਸੰਤੁਲਿਤ ਜੀਵਨ ਸ਼ੈਲੀ ਅਤੇ ਆਪਣੀ ਬੋਲੀ ਤੇ ਧਰਮ ਪ੍ਰਤੀ ਮੋਹ ਪੈਦਾ ਹੋ ਜਾਂਦਾ। ਉਨ੍ਹਾਂ ਦੇ ਮਨਾਂ ਵਿਚ ਅਦਬ, ਸਤਿਕਾਰ ਅਤੇ ਅਧੀਨਗੀ ਭਰਿਆ ਲਹਿਜਾ, ਜੀਵਨ-ਜਾਚ ਦਾ ਸੁਚੱਜਾ ਮਾਰਗ ਬਣ ਜਾਂਦਾ।

ਮਹਾਂ-ਬਿਰਖਾਂ ਦੀ ਛਾਂ ਕਈ ਵਾਰ ਨਿੱਕੇ ਨਿੱਕੇ ਬਿਰਖਾਂ ਦੇ ਮੌਲਣ ਅਤੇ ਵਿਗਸਣ ਲਈ ਸਰਾਪ ਵੀ ਬਣ ਜਾਂਦੀ ਕਿਉਂਕਿ ਹਰ ਬਿਰਖ ਨੂੰ ਵਧਣ ਫੁਲਣ ਲਈ ਧੁੱਪ ਦਾ ਸਾਥ ਮਾਣਨਾ, ਲੂਆਂ ਨਾਲ ਆਢਾ ਲਾਉਣਾ ਅਤੇ ਮੋਹਲੇਧਾਰ ਬਾਰਸ਼ 'ਚ ਸਮੁੱਚ ਨੂੰ ਭਿਉਣਾ ਜਰੂਰੀ ਹੁੰਦਾ। ਅਜਿਹੇ ਬਿਰਖ ਵਰਜਣਾ ਹੰਢਾਉਂਦੇ, ਬੋਹੜਾਂ ਅਤੇ ਪਿੱਪਲਾਂ ਵਾਂਗ, ਮਹਿਲਾਂ ਦੇ ਬੋੜੇ ਕਿੰਗਰਿਆਂ ਅਤੇ ਵੱਡੇ ਬਿਰਖਾਂ ਦੀਆਂ ਖੋੜਾਂ ਵਿਚ ਆਪਣਾ ਘਰ ਬਣਾ ਲੈਂਦੇ ਅਤੇ ਆਪਣੀ ਹੋਂਦ ਦਾ ਪਰਚਮ ਝੁਲਾਉਂਦੇ। ਲੋੜ ਹੈ ਕਿ ਹਰ ਬਿਰਖ ਨੂੰ ਖੁਦ ਆਪਣੇ ਦਿਸਹੱਦੇ ਨਿਸਚਿਤ ਕਰਨ, ਆਪਣੀਆਂ ਸੀਮਾਵਾਂ ਪਹਿਲਾਂ ਨਿਰਧਾਰਤ ਕਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਮੌਕਾ ਦਿਤਾ ਜਾਵੇ। ਵਲਗਣਾਂ ਵਿਚ ਵਲੀ ਹੋਈ ਵੇਲ ਵੀ ਬਨੇਰਿਆਂ ਤੋਂ ਬਾਹਰ ਨੂੰ ਅਹੁਲਦੀ ਏ।

ਬਹੁਤਿਆਂ ਲਈ ਛਾਂ ਦੇ ਕੋਈ ਅਰਥ ਨਹੀਂ। ਪਰ ਕਦੇ ਉਸ ਬੱਚੇ ਨੂੰ ਛਾਂ ਦੇ ਮਾਇਨੇ ਪੁੱਛਣੇ ਜਿਹੜਾ ਹਰ ਰੋਜ਼ ਜੇਠ ਹਾੜ 'ਚ ਨੰਗੇ ਪੈਰੀਂ ਹਲ ਵਾਹੁੰਦੇ ਬਾਪ ਲਈ ਦੁਪਹਿਰਾ ਲੈ ਕੇ ਗਿਆ ਹੋਵੇ, ਜਿਸ ਨੇ ਹਰ ਰੋਜ਼ ਦਸ ਮੀਲ ਦਾ ਵਾਪਸੀ ਸਕੂਲੀ-ਸਫਰ ਪੈਰਾਂ ਹੇਠ ਬੋਰੀ ਦਾ ਟੋਟਾ ਬੰਨ ਕੇ ਕੀਤਾ ਹੋਵੇ, ਕਦੇ ਉਸ ਬਚਪਨੇ ਨੂੰ ਪੁੱਛਣਾ, ਜਿਸ ਦੀ ਮਾਂ ਉਸ ਨੂੰ ਸੜਕ ਕਿਨਾਰੇ ਲਿਟਾ ਕੇ ਰੋੜੀ ਕੁੱਟਦੀ, ਪੇਟ ਦੀ ਅੱਗ ਨੂੰ ਝੁਲਸਦੀ ਹੋਵੇ ਜਾਂ ਜਿਨ੍ਹਾਂ ਲਈ ਮਾਪਿਆਂ ਦੀ ਛਾਂ ਦੀ ਅਣਹੋਂਦ ਉਨ੍ਹਾਂ ਨੂੰ ਅੱਖਰ-ਗਿਆਨ ਤੋਂ ਵਿਰਵਾ ਕਰ ਗਈ ਹੋਵੇ ਅਤੇ ਉਹ ਆਪਣਾ ਬਚਪਨਾ, ਝਿੱਤਕਾਂ 'ਚ ਵਿਹਾਜ, ਸਾਹਾਂ ਦੀ ਸਲਾਮਤੀ ਮੰਗਦੇ ਹੀ ਜਹਾਨ ਤੋਂ ਤੁਰ ਗਏ ਹੋਣ।

ਬਹੁਤਿਆਂ ਲਈ ਛਾਂ ਦੇ ਕੋਈ ਅਰਥ ਨਹੀਂ। ਪਰ ਕਦੇ ਉਸ ਬੱਚੇ ਨੂੰ ਛਾਂ ਦੇ ਮਾਇਨੇ ਪੁੱਛਣੇ ਜਿਹੜਾ ਹਰ ਰੋਜ਼ ਜੇਠ ਹਾੜ 'ਚ ਨੰਗੇ ਪੈਰੀਂ ਹਲ ਵਾਹੁੰਦੇ ਬਾਪ ਲਈ ਦੁਪਹਿਰਾ ਲੈ ਕੇ ਗਿਆ ਹੋਵੇ, ਜਿਸ ਨੇ ਹਰ ਰੋਜ਼ ਦਸ ਮੀਲ ਦਾ ਵਾਪਸੀ ਸਕੂਲੀ-ਸਫਰ ਪੈਰਾਂ ਹੇਠ ਬੋਰੀ ਦਾ ਟੋਟਾ ਬੰਨ ਕੇ ਕੀਤਾ ਹੋਵੇ, ਕਦੇ ਉਸ ਬਚਪਨੇ ਨੂੰ ਪੁੱਛਣਾ, ਜਿਸ ਦੀ ਮਾਂ ਉਸ ਨੂੰ ਸੜਕ ਕਿਨਾਰੇ ਲਿਟਾ ਕੇ ਰੋੜੀ ਕੁੱਟਦੀ, ਪੇਟ ਦੀ ਅੱਗ ਨੂੰ ਝੁਲਸਦੀ ਹੋਵੇ ਜਾਂ ਜਿਨ੍ਹਾਂ ਲਈ ਮਾਪਿਆਂ ਦੀ ਛਾਂ ਦੀ ਅਣਹੋਂਦ ਉਨ੍ਹਾਂ ਨੂੰ ਅੱਖਰ-ਗਿਆਨ ਤੋਂ ਵਿਰਵਾ ਕਰ ਗਈ ਹੋਵੇ ਅਤੇ ਉਹ ਆਪਣਾ ਬਚਪਨਾ, ਝਿੱਤਕਾਂ 'ਚ ਵਿਹਾਜ, ਸਾਹਾਂ ਦੀ ਸਲਾਮਤੀ ਮੰਗਦੇ ਹੀ ਜਹਾਨ ਤੋਂ ਤੁਰ ਗਏ ਹੋਣ।

ਛਾਂ, ਛਾਂ ਹੀ ਹੁੰਦੀ। ਛਾਂ ਬਹੁ-ਭਾਂਤੀ। ਸ਼ਾਬਦਿਕ ਅਰਥ ਤੋਂ ਬਾਹਰ ਝਾਕੋ ਤੁਹਾਨੂੰ ਇਸ ਦੀ ਭਿੰਨਤਾ ਅਤੇ ਬਹੁ-ਰੂਪਤਾ ਅਚੰਭਿਤ ਕਰ ਦੇਵੇਗੀ।

ਛਾਂ, ਬਾਬੇ ਦੇ ਹੱਥੀਂ ਲਾਏ ਪਿੱਪਲ ਦੀ ਹੋਵੇ, ਬਾਪ ਦੀ ਸੁਲੱਖਣੀ ਮੱਤ ਦੀ ਹੋਵੇ, ਮਾਂ ਦੀ ਮਮਤਾਈ ਲੋਰ ਵਿਚ ਦਿੱਤੀਆਂ ਨਸੀਹਤਾਂ ਦੀ ਹੋਵੇ, ਅਧਿਆਪਕਾਂ ਵਲੋਂ ਮਿਲੀਆਂ ਝਿੜਕਾਂ ਤੇ ਪੁੱਠੇ ਹੱਥਾਂ 'ਤੇ ਖਾਧੀਆਂ ਸੋਟੀਆਂ ਦੀ ਹੋਵੇ, ਜੀਵਨ ਦੇ ਸਰਾਪੇ ਪੜਾਅ 'ਤੇ ਕਿਸੇ ਰਹਿਬਰ ਦੀ ਹੋਵੇ, ਖੁਰਦਰੇ ਰਾਹਾਂ 'ਤੇ ਮਿਲੇ ਕਿਸੇ ਸੁਖਨਵਰ ਦੀ ਹੋਵੇ ਜਾਂ ਪੀੜਾਂ ਪਰੁੱਚੇ ਪਲਾਂ ਵਿਚ ਕੀਤੀ ਮੱਠੀ ਜਿਹੀ ਟਕੋਰ 'ਤੇ ਲਾਈ ਮਰਹਮ ਦੀ ਹੋਵੇ।

ਛਾਂ ਮਸਨੂਈ ਵੀ ਹੁੰਦੀ ਤੇ ਅਪਣੱਤ ਭਰਪੂਰ ਵੀ, ਕਠੋਰ ਵੀ ਹੁੰਦੀ ਤੇ ਕੋਮਲਤਾ ਨਾਲ ਪਰੁੱਚੀ ਵੀ ਅਤੇ ਭਟਕਣ 'ਚ ਰੁੱਝੀ ਵੀ ਤੇ ਸਹਿਜ ਨਾਲ ਲਬਰੇਜ਼ ਵੀ। ਕਦੇ ਠੰਢਕ ਪਹੁੰਚਾਉਂਦੀ ਪਰ ਕਦੇ ਕਦਾਈਂ ਤਪਸ਼ ਵੀ ਤਰੌਂਕਦੀ, ਪਰ ਬਹੁਤੀ ਵਾਰ ਇਹ ਛਾਂ ਤੁਹਾਡਾ ਭਲਾ ਮੰਗਦੀ, ਆਪਣੇ ਹਰ ਰੂਪ 'ਚ, ਤੁਹਾਡੇ ਪੈਰਾਂ ਦੇ ਨਾਮ ਸਦੀਵਤਾ ਦਾ ਨਾਮਕਰਨ ਕਰਦੀ।

ਛਾਂ ਤਾਂ ਆਪਣੀ ਵੀ ਹੁੰਦੀ। ਪਰ ਸਭ ਤੋਂ ਔਖਾ ਹੁੰਦਾ ਏ ਛਾਂ ਬਣਨਾ ਅਤੇ ਇਸ ਦੀ ਛਾਂਵੇਂ-ਛਾਂਵੇਂ ਤੁਰ ਕੇ ਜੀਵਨ-ਪੈਂਡਿਆਂ ਦੇ ਮੱਥੇ 'ਤੇ ਸੁਰਖ ਸਿਰਨਾਵਾਂ ਸਿਰਜਣਾ।

ਜਦ ਕੋਈ ਛਾਂ ਬਣ ਕੇ ਸਾਡੀ ਸੋਚ, ਸਾਧਨਾ ਅਤੇ ਸਮਰਪਣ ਦਾ ਹਿੱਸਾ ਬਣਦਾ ਤਾਂ ਜੀਵਨ ਦੇ ਨਾਂਵੇਂ ਸੁਪਨਿਆਂ ਦਾ ਸੱਚ ਹੁੰਦਾ। ਪਰ ਕਦੇ ਵੀ ਇਹ ਛਾਂ ਕੁਲਹਿਣੀ ਨਾ ਹੋਵੇ ਜਿਸ ਹੇਠ ਦਮ ਘੁੱਟਦਾ ਹੋਵੇ ਅਤੇ ਜਿਸ ਦੇ ਨੇੜ ਵਿਚੋਂ ਸਿਸਕੀਆਂ ਤੇ ਆਹਾਂ ਦੀ ਹੂਕ ਪੈਦਾ ਹੋਵੇ। ਅਜਿਹੀਆਂ ਛਾਂਵਾਂ ਬਦਹਵਾਸੀਆਂ ਹੁੰਦੀਆਂ ਜਿਨ੍ਹਾਂ ਦੇ ਮੱਥੇ 'ਤੇ ਕੁਲੱਛਣੇ ਪਲਾਂ ਦੀ ਤਿਉੜੀ ਉਕਰੀ ਹੁੰਦੀ।

ਛਾਂ ਹਰ ਕੋਈ ਨਹੀਂ ਬਣ ਸਕਦਾ। ਕੁਝ ਕੁ ਲੋਕ ਹੀ ਛਾਂਵਾਂ ਬਣਦੇ ਅਤੇ ਉਨ੍ਹਾਂ ਵਿਚੋਂ ਵਿਰਲੇ ਹੀ ਹੋਰਨਾਂ ਲਈ ਦੁਆਵਾਂ ਅਤੇ ਅਸੀਸਾਂ ਭਰਪੂਰ ਛਾਂਵਾਂ ਬਣਦੇ ਜਿਨ੍ਹਾਂ ਦੇ ਆਗੋਸ਼ ਵਿਚ ਆਇਆਂ ਦੇ ਭਾਗਾਂ ਵਿਚ ਲਿਸ਼ਕੋਰ ਪੈਦਾ ਹੁੰਦੀ।

ਜ਼ਿੰਦਗੀ ਸਿਰਫ ਇਕ ਵੇਰਾਂ ਮਿਲਦੀ। ਅਸੀਂ ਜੇ ਇਸ ਜ਼ਿੰਦਗੀ ਦੇ ਨਾਂਵੇਂ ਛਾਂਵਾਂ ਵੰਡਣ ਦੀ ਸ਼ਫਾ ਲਾਵਾਂਗੇ ਤਾਂ ਜੀਵਨ ਦੀ ਸੁਹਿਰਦਤਾ ਤੁਹਾਡਾ ਹਾਸਲ ਹੋਵੇਗੀ ਅਤੇ ਤੁਹਾਡੀ ਛਾਂ ਵਿਚ ਪ੍ਰਵਾਨ ਚੜ੍ਹੀ ਸ਼ਖਸੀਅਤ ਤੁਹਾਡੀ ਸ਼ੋਭਨੀਕ ਵਿਰਾਸਤ ਦਾ ਮਾਣ ਵੀ ਬਣ ਸਕਦੀ ਏ। ਬਹੁਤ ਮਹਾਨ ਉਹ ਲੋਕ ਹੁੰਦੇ ਜੋ ਛਾਂ ਬਣਨ ਲਈ ਪਿੰਡਾ ਲ੍ਹੂੰਹਦੇ, ਛਤਰੀ ਬਣਨ ਲਈ ਸਿਰ ਦੇ ਕੱਜਣ ਦੀ ਓਟ ਸਿਰਜਦੇ, ਠਾਹਰ ਬਣਨ ਲਈ ਜਿਸਮ ਦੀ ਝੌਪੜੀ ਬਣਾ ਲੈਂਦੇ, ਗਰੀਬ ਮਜ਼ਲੂਮ ਦੀ ਰਾਖੀ ਲਈ ਵੰਗਾਰ ਬਣਦੇ ਅਤੇ ਹਨੇਰਿਆਂ ਨੂੰ ਚੀਰਨ ਲਈ ਮਸ਼ਾਲ ਬਣਨ ਤੋਂ ਵੀ ਝਿਜਕਦੇ ਨਹੀਂ।

ਛਾਂ ਬਣਨਾ ਸਭ ਤੋਂ ਅਸਾਨ ਵੀ ਅਤੇ ਔਖਾ ਵੀ ਕਿਉਂਕਿ ਛਾਂ ਦੇ ਫਰਜ਼ ਨਿਭਾਉਣਾ, ਤਪਦਿਆਂ ਨੂੰ ਠੰਢਕ ਪਹੁੰਚਾਉਣਾ ਅਤੇ ਕਿਸੇ ਦੇ ਦਰਦ ਨੂੰ ਅਪਨਾਉਣਾ, ਸਭ ਤੋਂ ਔਖਾ ਧਰਮ-ਕਰਮ।

ਕਦੇ ਤੁਸੀਂ ਛਾਂ ਬਣੇ ਹੋ! ਕਿਸੇ ਅਬਲਾ ਤੇ ਮਾਸੂਮ ਲਈ ਛਾਂ ਬਣਨ ਦੀ ਕਾਮਨਾ ਮਨ ਵਿਚ ਪੈਦਾ ਜਰੂਰ ਕਰਨਾ, ਤੁਸੀਂ ਮਨੁੱਖਤਾ ਦਾ ਸੁੱਚਾ ਹਰਫ ਬਣ ਜਾਵੋਗੇ।

ਕਦੇ ਅਜਿਹੀ ਛਾਂ ਦੀ ਤਫਸੀਲ ਆਪਣੇ ਜ਼ਿਹਨ ਵਿਚ ਉਤਾਰਨਾ, ਤੁਹਾਡੇ ਸੋਚ-ਕਿਵਾੜ ਵਿਚ ਭਲੇ ਵਿਚਾਰਾਂ ਦੀ ਦਸਤਕ ਜਰੂਰ ਹੋਵੇਗੀ।

ਕਾਵਿ ਜਗਤ

ਮਾਂ ਦੀ ਪੁਕਾਰ

ਕਿਹੜੇ ਜਹਾਨ ਗੁਆਚ ਗਿਆ
ਮਾਂ ਕਹਿੰਦੀ ਪੁੱਤਰਾ ਤੂੰ
ਆਖਰ ਵੇਲੇ ਆ ਮੋਢਾ ਦੇ ਦੀਂ
ਇੱਕ ਅਰਥੀ ਮਾਂ ਦੀ ਨੂੰ।

ਤੇਰੇ ਲਈ ਸਜਾਏ ਮੈਂ ਲੱਖਾਂ
ਪੁੱਤ ਹੈਂ ਕੀ ਗਿਣ ਗਿਣ ਕੇ ਦੱਸਾਂ।
ਤੋੜ ਦਿੱਤੇ ਸਜਾਏ ਮੈਂ ਜਿਹੜੇ
ਸਾਰੇ ਸੁਪਨੇ ਪੁੱਤਰਾ ਤੂੰ।
ਆਖਰ ਵੇਲੇ ਆ ਮੋਢਾ ਦੇ ਦੀਂ
ਇੱਕ ਅਰਥੀ ਮਾਂ ਦੀ ਨੂੰ।

ਲੋਕੀਂ ਕਰਦੇ ਸਿਫਤ ਸੀ ਤੇਰੀ
ਰੂਹ ਠਰ ਜਾਂਦੀ ਸੀ ਪੁੱਤਰਾ ਮੇਰੀ।
ਕਦੇ ਨਹੀਂ ਸੀ ਟਾਲਦਾ ਹੁੰਦਾ
ਪਾਈ ਕਹਾਣੀ ਮਾਂ ਦੀ ਨੂੰ।
ਆਖਰ ਵੇਲੇ ਆ ਮੋਢਾ ਦੇ ਦੀਂ
ਇੱਕ ਅਰਥੀ ਮਾਂ ਦੀ ਨੂੰ।

ਹੁਣ ਤਾਂ ਸਭ ਕੁਝ ਉਲਟ ਹੋ ਗਿਆ
ਨਸ਼ਿਆਂ ਵਿਚ ਬੇਸੁਰਤ ਹੋ ਗਿਆ।
ਆਪਣਾ ਆਪ ਭੁਲਾ ਸੀ ਬੈਠਾ
ਖਾਤਰ ਨਸ਼ਿਆਂ ਦੀ ਸੀ ਤੂੰ।
ਆਖਰ ਵੇਲੇ ਆ ਮੋਢਾ ਦੇ ਦੀਂ,
ਇੱਕ ਅਰਥੀ ਮਾਂ ਦੀ ਨੂੰ।

ਗੁਲਾਮੀ ਵਾਲੇ ਅੱਜ ਮਾਤਮ ਛਾਇਆ
ਮਾਂ ਦਾ ਪੁੱਤਰ ਝੁਲਦਾ ਆਇਆ।
ਸਮਾਂ ਕੱਢ ਕੇ ਥੋੜਾ ਪੁੱਤਰਾ
ਲਾਂਬੂ ਚਿਖਾ ਨੂੰ ਲਾ ਜੀਂ ਤੂੰ।
ਆਖਰ ਵੇਲੇ ਆ ਮੋਢਾ ਦੇ ਦੀਂ
ਇੱਕ ਅਰਥੀ ਮਾਂ ਦੀ ਨੂੰ।

-ਬਲਜਿੰਦਰ ਸਿੱਧੂ, ਗੁਲਾਮ ਪੱਤਰਾ
ਫੋਨ: 91-95010-15085

ਯਾਦ

ਇਕ ਕਹਾਣੀ ਯਾਦ ਹੈ ਆਈ
ਗੱਲ ਪੁਰਾਣੀ ਯਾਦ ਹੈ ਆਈ।

ਧੰਮੀ ਵੇਲੇ ਬੇਬੇ ਦਾ ਉਹ
ਚਾਟੀ ਦੇ ਵਿਚ ਦੁਧ ਰਿੜਕਣਾ
ਨਾਲ ਮਧਾਣੀ ਯਾਦ ਹੈ ਆਈ।

ਲੌਢੇ ਵੇਲੇ ਵਿਚ ਭੜੋਲੀ
ਤੌੜੀ ਦੇ ਵਿਚ ਦਾਲ ਦਾ ਰਿੱਝਣਾ
ਸ਼ਾਮ ਸੁਹਾਣੀ ਯਾਦ ਹੈ ਆਈ।

ਸਿਰ 'ਤੇ ਸੋਹਣਾ ਸਾਫ ਦੁਪੱਟਾ
ਮੂੰਹ ਵਿਚ ਜਪੁਜੀ ਪੜ੍ਹਦੇ ਰਹਿਣਾ
ਇਕ ਸਵਾਣੀ ਯਾਦ ਹੈ ਆਈ।
ਰੱਬ ਵਰਗੀ ਮਮਤਾ ਦੀ ਮੂਰਤ
ਗੋਰੀ ਚਿੱਟੀ ਸੋਹਣ ਸੁਨੱਖੀ
ਅੰਮੜੀ ਰਾਣੀ ਯਾਦ ਹੈ ਆਈ।

ਬਾਬੁਲ ਦਾ ਜਗ ਤੋਂ ਤੁਰ ਜਾਣਾ
ਅੰਮੜੀ ਦਾ 'ਕੱਲਿਆਂ ਹੋ ਜਾਣਾ
ਸੁਲਝੀ ਤਾਣੀ ਯਾਦ ਹੈ ਆਈ।

ਬਾਬੁਲ ਦਾ ਸਿਰ 'ਤੇ ਹੱਥ ਰੱਖ ਕੇ
ਜੀਤਿਆ ਜੀਤਿਆ ਕਰਦੇ ਰਹਿਣਾ
ਪੀੜ ਪੁਰਾਣੀ ਯਾਦ ਹੈ

ਭਾਰਤੀ ਸਿਨੇਮਾ, ਆਲੋਚਨਾ ਦਾ ਹੱਕ ਅਤੇ ਭਗਵਾਂ ਸਿਆਸਤ

ਕੁਲਦੀਪ ਕੌਰ
ਫੋਨ: 91-98554-04330

ਤਮਿਲ ਸੁਪਰਸਟਾਰ ਵਿਜੈ ਦੀ ਫਿਲਮ 'ਮਾਰਸ਼ਲ' ਉਦੋਂ ਚਰਚਾ ਵਿਚ ਆਈ ਜਦੋਂ ਉਥੋਂ ਦੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕਾਂ ਨੇ ਇਹ ਰੌਲਾ ਪਾਉਣਾ ਸ਼ੁਰੂ ਕੀਤਾ। ਇਹ ਫਿਲਮ ਜਿਥੇ ਸਿੱਧਾ-ਸਿੱਧਾ ਨੋਟਬੰਦੀ ਦੀ ਸਰਕਾਰੀ ਗਲਤ ਇੰਤਜ਼ਾਮੀ ਦੀ ਖਿਲਾਫਤ ਕਰਦੀ ਸੀ, ਉਥੇ ਜੀ.ਐਸ.ਟੀ. ਦੀ ਜ਼ਰੂਰਤ ਅਤੇ ਇਸ ਨਾਲ ਜੁੜੀਆਂ ਸਿਆਸੀ-ਆਰਥਿਕ ਚਾਲਾਂ ਨੂੰ ਵੀ ਨੰਗਿਆਂ ਕਰਦੀ ਸੀ। ਫਿਲਮ ਦੇ ਜਿਸ ਦ੍ਰਿਸ਼ ਨੂੰ ਕੱਟਣ ਲਈ ਭਾਜਪਾ ਆਗੂਆਂ ਨੇ ਸਾਰੇ ਕਰਨਾਟਕ ਨੂੰ ਕਈ ਦਿਨਾਂ ਲਈ ਬੰਦ ਰੱਖਿਆ, ਉਸ ਦ੍ਰਿਸ਼ ਵਿਚ ਫਿਲਮ ਦਾ ਹੀਰੋ ਵਿਜੈ ਇਸ ਤੱਥ 'ਤੇ ਸਵਾਲ ਉਠਾਉਂਦਾ ਹੈ ਕਿ ਜੇ ਨਵੇਂ ਆਰਥਿਕ ਟੈਕਸ ਦੇ ਅੰਤਰਗਤ ਸ਼ਰਾਬ 'ਤੇ ਕੋਈ ਟੈਕਸ ਨਹੀਂ ਲਗਾਇਆ ਗਿਆ ਤਾਂ ਦਵਾਈਆਂ 'ਤੇ 12 ਪ੍ਰਤੀਸ਼ਤ ਟੈਕਸ ਲਗਾਉਣਾ ਕਿਥੋਂ ਤੱਕ ਜਾਇਜ਼ ਹੈ। ਇਕ ਹੋਰ ਦ੍ਰਿਸ਼ ਵਿਚ ਵਿਜੈ, ਭਾਰਤ ਦੀ ਤੁਲਨਾ ਸਿੰਗਾਪੁਰ ਨਾਲ ਕਰਦਿਆਂ ਆਖਦਾ ਹੈ ਕਿ ਉਥੇ ਜੇ 7 ਪ੍ਰਤੀਸ਼ਤ ਜੀ.ਸੀ. ਟੈਕਸ ਹੋਣ ਦੇ ਬਾਵਜੂਦ ਸਿਹਤ ਸੇਵਾਵਾਂ ਮੁਫਤ ਦਿੱਤੀਆਂ ਜਾ ਰਹੀਆਂ ਹਨ ਤਾਂ ਭਾਰਤੀ ਸਿਹਤ ਪ੍ਰਬੰਧ ਨੂੰ ਕੀ ਦਿੱਕਤ ਹੈ? ਫਿਲਮ ਵਿਚ ਗੋਰਖਪੁਰ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਆਕਸੀਜਨ ਦੀ ਕਮੀ ਕਾਰਨ ਮਰੇ 60 ਬੱਚਿਆਂ ਵੱਲ ਵੀ ਸਿੱਧਾ ਇਸ਼ਾਰਾ ਕੀਤਾ ਗਿਆ ਸੀ ਜਿਹੜਾ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਬੇਹਦ ਨਾ-ਖੁਸ਼ਗਵਾਰ ਗੁਜ਼ਰਿਆ। ਨਤੀਜੇ ਵਜੋਂ ਫਿਲਮ ਦੇ ਨਿਰਦੇਸ਼ਕ ਤੇ ਨਿਰਮਾਤਾ ਨੂੰ ਨਾ ਸਿਰਫ ਫਿਲਮ ਵਿਚੋਂ ਕਈ ਮਹਤੱਵਪੂਰਨ ਦ੍ਰਿਸ਼ ਕੱਟਣੇ ਪਏ ਸਗੋਂ ਫਿਲਮ ਦਾ ਬਾਕਿਸ ਆਫਿਸ ਕਾਰੋਬਾਰ ਵੀ ਪ੍ਰਭਾਵਿਤ ਹੋਇਆ।

ਦੂਜੇ ਪਾਸੇ ਜਦੋਂ ਇਕ ਹੋਰ ਫਿਲਮ ਨਿਰਦੇਸ਼ਕ ਮਧੁਰ ਭੰਡਾਰਕਰ ਨੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਦਿੰਦਿਆਂ ਉਸ ਨੂੰ ਸਹੀ ਲਿਬਰਲ ਨੇਤਾ ਦੇ ਤੌਰ 'ਤੇ ਸਵੀਕਾਰਨ ਲਈ ਭਾਰਤ ਵਾਸੀਆਂ ਨੂੰ ਸੱਦਾ ਦਿੱਤਾ ਤਾਂ ਫਿਲਮ ਜਗਤ ਵਿਚ ਉਸ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾਂ ਲੱਗ ਗਿਆ। ਅਮਿਤਾਭ ਬੱਚਨ ਤੋਂ ਲੈ ਕੇ ਆਮਿਰ ਖਾਨ ਤੱਕ ਨੇ ਬਹੁਤ ਫਰਾਖਦਿਲੀ ਨਾਲ ਮੋਦੀ ਦਾ ਸਵਾਗਤ ਕੀਤਾ। ਇਥੇ ਇਹ ਤੱਥ ਵੀ ਘੱਟ ਦਿਲਚਸਪ ਨਹੀਂ ਕਿ ਤਕਰੀਬਨ ਉਨ੍ਹਾਂ ਹੀ ਦਿਨਾਂ ਵਿਚ ਆਮਿਰ ਖਾਨ ਦੇ 'ਅਸ਼ਹਿਣਸੀਲਤਾ' ਵਾਲੇ ਟਵੀਟ ਨੂੰ ਲੈ ਕੇ ਉਸ ਖਿਲਾਫ ਸਿਲਸਿਲੇਵਾਰ ਮੁਹਿੰਮ ਆਪਣੀ ਸਿਖਰ 'ਤੇ ਸੀ। ਮਧੁਰ ਭੰਡਾਰਕਰ ਨੇ ਇਕ ਕਦਮ ਅਗਾਂਹ

ਫਿਲਮ 'ਮਾਰਸ਼ਲ' ਦਾ ਪੋਸਟਰ।

ਜਾਂਦਿਆ ਫਿਲਮ 'ਇੰਦੂ ਸਰਕਾਰ' ਬਣਾਈ ਜਿਸ ਵਿਚ ਕਾਂਗਰਸ ਅਤੇ ਇੰਦਰਾ ਗਾਂਧੀ ਦੀਆਂ ਨੀਤੀਆਂ, ਐਮਰਜੈਂਸੀ ਅਤੇ ਕਾਰਜ ਕਾਲ ਦੇ ਦੌਰ ਦੀ ਰਾਜਨੀਤੀ ਦੀ ਆਲੋਚਨਾ ਕੀਤੀ ਗਈ। ਇਸ ਫਿਲਮ ਨੂੰ ਦਿੱਤੀ ਸਰਕਾਰੀ ਇਮਦਾਦ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਥੇ ਇਸ ਫਿਲਮ ਦਾ ਕਈ ਸੂਬਿਆਂ ਵਿਚ ਟੈਕਸ ਮੁਆਫ ਕਰ ਦਿੱਤਾ ਗਿਆ, ਉਥੇ ਜਦੋਂ ਕਾਂਗਰਸ ਨੇ ਰਿਲੀਜ਼ ਤੋਂ ਪਹਿਲਾਂ ਫਿਲਮ ਦੇਖਣ ਲਈ ਗੁਹਾਰ ਲਗਾਈ ਤਾਂ ਉਸ ਨੂੰ ਅਣਸੁਣਿਆ ਕਰ ਦਿੱਤਾ ਗਿਆ।

ਭਾਜਪਾ ਦੇ ਸਮਕਾਲੀ ਸਿਨੇਮੇ ਬਾਰੇ ਨਜ਼ਰੀਏ ਦੀ ਇਕ ਝਲਕ ਤ੍ਰਿਪੁਰਾ ਚੋਣਾਂ ਦੌਰਾਨ ਵੀ ਦੇਖੀ ਜਾ ਸਕਦੀ ਹੈ। ਸ਼ਾਇਦ ਇਹ ਸਿਨੇਮਾ ਵਰਗੀ ਕਲਾ ਨੂੰ ਸਿਆਸੀ ਪ੍ਰਚਾਰ ਲਈ ਵਰਤਣ ਦੇ ਮੌਜੂਦਾ ਦੌਰ ਦੀ ਅਹਿਮ ਮਿਸਾਲ ਹੈ। ਤ੍ਰਿਪੁਰਾ ਵਿਧਾਨ ਸਭਾ ਚੋਣਾਂ ਦੌਰਾਨ ਇਕ ਹਿੰਦੀ ਫੀਚਰ ਫਿਲਮ 'ਲਾਲ ਸਰਕਾਰ' ਨੂੰ ਭਾਜਪਾ ਨੇ ਹਰ ਜ਼ਿਲ੍ਹੇ ਤੇ ਤਹਿਸੀਲ ਵਿਚ ਵੱਡੀਆਂ ਸਕਰੀਨਾਂ ਲਗਾ ਕੇ ਦਿਖਾਇਆ। ਜਦੋਂ ਇਸ ਫਿਲਮ ਬਾਰੇ ਬਹਿਸ ਸ਼ੁਰੂ ਹੋਈ ਤਾਂ ਭਾਜਪਾ ਦੀ ਤ੍ਰਿਪੁਰਾ ਇਕਾਈ ਦੇ ਆਗੂ ਸੁਨੀਲ ਦਿਉਦਰ ਦਾ ਕਹਿਣਾ ਸੀ: "ਮੈਂ ਇਸ ਫਿਲਮ ਦਾ ਸਵਾਗਤ ਕਰਦਾ ਹਾਂ ਕਿਉਂਕਿ ਇਹ ਫਿਲਮ ਸੀ.ਪੀ.ਐਮ. ਸਰਕਾਰ ਦਾ 'ਸੱਚ' ਸਾਹਮਣੇ ਲਿਆਉਂਦੀ ਹੈ। ਭਾਜਪਾ ਦੇ ਖੁਦ ਦੇ 'ਸੱਚ' ਦੀ ਗਵਾਹੀ ਵੀ ਇਸੇ ਫਿਲਮ ਤੋਂ ਮਿਲਦੀ ਹੈ। ਇਸ ਫਿਲਮ ਵਿਚ ਗਾਣਾ ਗਾਉਣ ਵਾਲੇ ਭਾਜਪਾ ਸੰਸਦ ਮੈਂਬਰ ਬਾਬੂਲ ਸੁਪਰੀਓ ਉਤੇ ਪੱਛਮੀ ਬੰਗਾਲ ਵਿਚ ਸਿਆਸਤ ਆਧਾਰਿਤ ਹਿੰਸਾ ਕਰਵਾਉਣ ਦੇ ਮੁਕੱਦਮੇ ਚੱਲ ਰਹੇ ਹਨ।

ਆਖਿਰ ਭਾਜਪਾ ਸਿਨੇਮਾ ਤੋਂ ਕੀ ਉਮੀਦ ਕਰ ਰਹੀ ਹੈ? ਇਸ ਦਾ ਜਵਾਬ ਭਾਰਤੀ ਜਨਤਾ ਪਾਰਟੀ ਦੇ ਆਰਟ ਐਂਡ ਕਲਚਰ ਸੈਲ ਦੇ ਮੁਖੀ ਮਿਥਿਲੇਸ਼ ਕੁਮਾਰ ਤ੍ਰਿਪਾਠੀ ਦੇ ਬਿਆਨ ਵਿਚ ਪਿਆ ਹੈ। ਉਸ ਅਨੁਸਾਰ, 'ਫਿਲਮਾਂ ਉਹੀ ਬਣਨਗੀਆਂ ਜਿਹੜੀਆਂ ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਮੁੱਲਾਂ ਵਾਲੀਆਂ ਹੋਣਗੀਆਂ। ਅਸੀਂ ਇਸ ਪ੍ਰਤੀ ਪੂਰੇ ਸੁਹਿਰਦ ਹਾਂ।' ਇਥੇ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਇਸ ਸਬੰਧ ਵਿਚ ਉਹ ਫਿਲਮ 'ਦਿਲ ਵਾਲੇ ਦੁਲਹੁਨੀਆ ਲੇ ਜਾਏਂਗੇ' ਦੀ ਮਿਸਾਲ ਦਿੰਦੇ ਹਨ ਜਿਹੜੀ ਇਕ ਪ੍ਰੇਮ ਕਹਾਣੀ ਹੈ ਅਤੇ ਜਿਸ ਦਾ ਮੂਲ ਨੁਕਤਾ ਸਮਾਜਿਕ ਬੰਦਸ਼ਾਂ ਦੀ ਮੁਖਾਲਫਿਤ ਦਾ ਹੈ। ਇਥੋਂ ਉਨ੍ਹਾਂ ਦੀ ਸਿਨੇਮਾ ਬਾਰੇ ਪੇਤਲੀ ਸਮਝ ਬਾਰੇ ਵੀ ਦੱਸ ਪੈਂਦੀ ਹੈ। ਦੂਜੇ ਪਾਸੇ ਉਹ ਮੌਜੂਦਾ ਦੌਰ ਦੀਆਂ ਸਚਾਈਆਂ ਬਾਰੇ ਬਣੀਆਂ ਫਿਲਮਾਂ ਦਾ ਉਪਰੋਖਲੀ ਵਿਰੋਧ



ਫਿਲਮ 'ਪਦਮਾਵਤੀ' ਵਿਚ ਦੀਪਿਕਾ ਪਾਦੂਕੋਣ।

ਕਰਦੇ ਹਨ। ਉਨ੍ਹਾਂ ਦੇ ਇਸ ਗੈਰ-ਜ਼ਿੰਮੇਵਾਰ ਰਵੱਈਏ ਦਾ ਸ਼ਿਕਾਰ ਇਤਿਹਾਸਕ ਫਿਲਮ 'ਪਦਮਾਵਤੀ' ਵੀ ਹੋਈ। ਨਵੰਬਰ 2017 ਦੇ ਆਖਰੀ ਹਫਤੇ ਭਾਰਤੀ ਜਨਤਾ ਪਾਰਟੀ ਦੇ ਇਕ ਨੇਤਾ ਨੇ ਇਸ ਫਿਲਮ ਦੇ ਨਿਰਦੇਸ਼ਕ ਅਤੇ ਮੁੱਖ ਅਦਾਕਾਰਾ ਦਾ ਸਿਰ ਵੱਢ ਕੇ ਲਿਆਉਣ ਵਾਲੇ ਲਈ 10 ਕਰੋੜ ਦਾ ਇਨਾਮ ਰੱਖ ਦਿੱਤਾ। ਫਿਲਮ 'ਪਦਮਾਵਤੀ' ਦੇ ਵਿਰੋਧ ਨੇ ਭਾਰਤੀ ਸਿਆਸਤ

ਫਿਲਮ 'ਲਾਲ ਸਰਕਾਰ' ਦਾ ਪੋਸਟਰ।

ਦੇ ਭੀੜਤੰਤਰੀ ਰੁਝਾਨ ਦੇ ਡਰਾ ਦੇਣ ਵਾਲੇ ਦ੍ਰਿਸ਼ ਨਾਗਰਿਕਾਂ ਅੱਗੇ ਪਰੋਸੇ।

ਦਿਲਚਸਪ ਤੱਥ ਇਹ ਰਿਹਾ ਕਿ ਇਸ ਫਿਲਮ ਦਾ ਵਿਰੋਧ ਕਰਨ ਵਾਲੇ ਜ਼ਿਆਦਾਤਰ ਹਜੂਮ ਨੇ ਇਹ ਫਿਲਮ ਦੇਖੀ ਵੀ ਨਹੀਂ ਸੀ। ਰਾਤੋ-ਰਾਤ ਕਈ ਤਰ੍ਹਾਂ ਦੀਆਂ ਸੈਨਾਵਾਂ ਹਥਿਆਰਾਂ ਅਤੇ 'ਮਾਰਨ-ਜਲਾਉਣ-ਕੱਟਣ-ਵੱਢਣ' ਦੀਆਂ ਧਮਕੀਆਂ ਨਾਲ ਸਿਨੇਮਾ ਘਰਾਂ ਅੱਗੇ ਜਮ੍ਹਾਂ ਹੋ ਗਈਆਂ। ਕਾਨੂੰਨ ਅਤੇ ਵਿਵਸਥਾ ਨੂੰ ਤਾਕ ਤੇ ਰੱਖ ਕੇ ਹਿੰਸਾ, ਧਮਕੀਆਂ ਅਤੇ ਗੁੰਡਾਗਰਦੀ ਦਾ ਦੌਰ ਚੱਲਿਆ। 2015 ਤੋਂ ਸ਼ੁਰੂ ਹੋਇਆ ਭੀੜਤੰਤਰ ਹੁਣ ਖੁਦ ਇਕ ਨਿਰੰਕੁਸ਼ ਸੱਤਾ ਵਿਚ ਬਦਲ ਚੁਕਿਆ ਹੈ ਜਿਹੜੀ ਹਲਕੇ ਹੋਏ ਕੁੱਤਿਆਂ ਦੇ ਟੋਲੇ ਵਾਂਗ ਆਪਣੇ ਤਾਨਾਸ਼ਾਹੀ ਚੌਖਟੇ ਵਿਚ ਫਿੱਟ ਨਾ ਆਉਂਦੇ ਕਿਸੇ ਵੀ ਨਿਰਦੋਸ਼ ਦੀ ਮਹਿਜ਼ ਅਫਵਾਹਾਂ ਦੇ ਆਧਾਰ 'ਤੇ ਜਾਨ ਲੈ ਸਕਦੀ ਹੈ। ਇਹ ਭੀੜ ਹੌਲੀ-ਹੌਲੀ ਸੰਵਿਧਾਨ ਦੇ ਪੰਨਿਆਂ ਨੂੰ ਚਿੱਥ ਰਹੀ ਹੈ ਜਿਸ ਨਾਲ ਆਮ ਨਾਗਰਿਕ ਦਾ ਜਿਊਣ ਦਾ ਮੁੱਢਲਾ ਅਧਿਕਾਰ ਤੱਕ ਖਤਰੇ ਵਿਚ ਹੈ। ਅਜਿਹੇ ਦੌਰ ਵਿਚ ਇਹ ਪੁੱਛਣਾ ਜ਼ਰੂਰੀ ਹੈ ਕਿ ਅਜਿਹੀ ਮਾਸ-ਖੋਰੀ ਭੀੜ ਦੀ ਇਸ ਕਰੂਰਤਾ ਦੀਆਂ ਜੜ੍ਹਾਂ ਕਿਥੇ ਹਨ?

ਸਵਾਲ ਇਹ ਵੀ ਬਣਦਾ ਹੈ ਕਿ ਸਿਨੇਮਾ ਵਰਗੀ ਕਲਾ ਦੀਆਂ ਕਿਹੜੀਆਂ ਮਹਾਨ ਹਸਤੀਆਂ ਇਸ ਭੀੜ ਨੂੰ ਨੈਤਿਕ ਬਲ ਦਿੰਦੀਆਂ ਹਨ। ਸੁੱਤੇ-ਸਿੱਧ ਹੀ ਇਸ ਤੱਥ 'ਤੇ ਧਿਆਨ ਜਾਂਦਿਆਂ ਅਕਸ਼ੈ ਕੁਮਾਰ ਦਾ ਨਾਮ ਜ਼ਹਿਨ ਵਿਚ ਉਭਰਦਾ ਹੈ। ਪਿੱਛੇ ਜਿਹੀ ਜਾਰੀ ਹੋਈ ਆਲਮੀ ਰਿਪੋਰਟ ਅਨੁਸਾਰ, ਅਕਸ਼ੈ ਕੁਮਾਰ ਦਾ ਨਾਮ ਦੁਨੀਆਂ ਦੇ ਅਜਿਹੇ 100 ਲੋਕਾਂ ਵਿਚ ਸ਼ਾਮਿਲ ਹੈ ਜਿਨ੍ਹਾਂ ਨੇ ਮਨੋਰੰਜਨ ਜਗਤ ਵਿਚ ਅੰਨ੍ਹਾ ਪੈਸਾ ਕਮਾਇਆ ਹੈ। ਯਾਦ ਰਹੇ ਕਿ ਅਕਸ਼ੈ ਸਾਧਾਰਨ ਜਿਹਾ ਅਦਾਕਾਰ ਹੈ ਜਿਸ ਨੇ ਹੁਣ ਤੱਕ ਕਿਸੇ ਵੀ ਅਜਿਹੀ ਫਿਲਮ ਵਿਚ ਕੰਮ ਨਹੀਂ ਕੀਤਾ ਜਿਸ ਨੂੰ ਕਲਾ ਦੇ ਪੱਖ ਤੋਂ ਅਸਾਧਾਰਨ ਮੰਨਿਆ ਜਾ ਸਕੇ। ਫਿਰ ਇਹ ਜਾਦੂ ਕਿਵੇਂ ਹੋਇਆ? ਇਸ ਸਵਾਲ ਦਾ ਜਵਾਬ ਉਸ ਦੀਆਂ ਫਿਲਮਾਂ ਦਿੰਦੀਆਂ ਹਨ। ਉਸ ਦੀ ਫਿਲਮ 'ਟੁਆਲਿਟ- ਏਕ ਪ੍ਰੇਮ-ਕਥਾ' ਜਿਥੇ ਨੋਟਬੰਦੀ ਦਾ ਖੁੱਲ੍ਹ ਕੇ ਸਮਰਥਨ ਕਰਦੀ ਹੈ, ਉਥੇ ਫਿਲਮ 'ਸਵੱਛ ਭਾਰਤ ਅਭਿਆਨ' ਦਾ ਢਾਈ ਘੰਟੇ ਲੰਮਾ ਇਸ਼ਤਿਹਾਰ ਬਣ ਕੇ ਰਹਿ ਜਾਂਦੀ ਹੈ। ਤਰਾਸਦੀ ਇਹ ਹੈ ਕਿ ਸਵੱਛ ਭਾਰਤ ਅਭਿਆਨ ਦਾ ਸਮਰਥਨ ਕਰਦੀ ਫਿਲਮ ਇਹ ਭੁੱਲ ਜਾਂਦੀ ਹੈ ਕਿ 'ਰੋਟੀ, ਕੱਪੜਾ ਤੇ ਮਕਾਨ' ਵਰਗੀਆਂ ਮੂਲ ਸਮੱਸਿਆਵਾਂ ਨਾਲ ਨਜਿੱਠੇ ਬਿਨਾਂ ਅਜਿਹੀਆਂ ਸਕੀਮਾਂ ਸਿਰਫ ਕਾਗਜ਼ਾਂ ਦਾ ਚਾਰਾ ਬਣ ਕੇ ਰਹਿ ਜਾਂਦੀਆਂ ਹਨ। ਭਾਰਤੀ ਸਿਨੇਮਾ ਦੇ ਦੋ ਹੋਰ ਸੀਨੀਅਰ ਕਲਾਕਾਰਾਂ ਅਨੁਪਮ ਖੇਰ ਅਤੇ ਪ੍ਰਸੂਨ ਜੋਸ਼ੀ ਦਾ ਭਾਜਪਾ ਪਿਆਰ ਜੱਗ-ਜ਼ਾਹਿਰ ਹੈ। ਭਗਤੀ ਦੇ ਇਸ ਦੌਰ ਵਿਚ ਵੀ ਦਰਸ਼ਕ ਜ਼ਰੂਰ ਹੀ ਸਿਨੇਮਾ ਤੋਂ ਤਰਕ ਅਤੇ ਸੰਵੇਦਨਸ਼ੀਲਤਾ ਦੀ ਉਮੀਦ ਕਰਦਾ ਹੋਵੇਗਾ। ਉਸ ਦੀ ਆਸ ਨੂੰ ਕਦੋਂ ਬੂਰ ਪਵੇਗਾ?

ਮਨੋਜ ਬਾਜਪਾਈ ਦੀ ਕਲਾਕਾਰੀ

ਅਦਾਕਾਰ ਮਨੋਜ ਬਾਜਪਾਈ ਨੂੰ ਕਲਾਮੁਖੀ ਫਿਲਮਾਂ ਦਾ ਚਿਹਰਾ-ਮੋਹਰਾ ਮੰਨਿਆ ਜਾਂਦਾ ਹੈ। ਉਸ ਨੇ ਪਿਛਲੇ ਸਮੇਂ ਦੌਰਾਨ 'ਅਲੀਗੜ੍ਹ' ਤੇ 'ਬੁਧੀਆ ਸਿੰਘ' ਵਰਗੀਆਂ ਫਿਲਮਾਂ ਦਰਸ਼ਕਾਂ ਨੂੰ ਦਿੱਤੀਆਂ ਹਨ। ਉਸ ਨੂੰ ਆਸ ਹੈ ਕਿ ਇਕ ਸਮਾਂ ਆਏਗਾ ਜਦੋਂ ਮੁਲਕ ਵਿਚ ਲੀਕ ਤੋਂ ਹਟਵੀਆਂ ਫ਼ਿਲਮਾਂ ਦਾ ਫ਼ੈਸ਼ਨ ਹੋਵੇਗਾ ਤੇ ਇਹ ਫਿਲਮਾਂ ਵੀ ਮੋਟੀ ਕਮਾਈ ਕਰਨਗੀਆਂ। ਉਸ ਮੁਤਾਬਕ, ਕਮਰਸ਼ੀਅਲ ਫ਼ਿਲਮਾਂ ਕਰਨੀਆਂ ਤਾਂ ਨਿੱਤ ਦਫ਼ਤਰ ਜਾਣ ਵਾਂਗ ਹੈ।

ਇਕ ਸਵਾਲ ਦੇ ਜਵਾਬ ਵਿਚ ਉਸ ਨੇ ਕਿਹਾ ਕਿ ਕਾਮਯਾਬੀ ਲਈ ਉਸ ਨੂੰ ਕਮਰਸ਼ੀਅਲ ਫ਼ਿਲਮਾਂ ਕਰਨੀਆਂ ਪਈਆਂ ਹਨ ਅਤੇ ਸਿਨੇਮਾ ਖੇਤਰ ਵਿਚ ਉਸ ਦੀ ਪਛਾਣ ਵੀ ਬਣੀ ਹੈ ਪਰ ਅਸਲ ਫਿਲਮਾਂ ਤਾਂ ਉਹੀ ਹਨ ਜੋ ਜ਼ਿੰਦਗੀ ਦਾ ਸੱਚ ਬਹੁਤ ਨੇੜਿਓਂ ਦਿਖਾਉਂਦੀਆਂ ਹਨ। ਅਜਿਹੀਆਂ ਫਿਲਮਾਂ ਨੂੰ ਉਹ ਕਦੀ ਨਾਂਹ ਨਹੀਂ ਕਹਿ ਸਕਦਾ। ਉਸ ਦੀ ਕੋਸ਼ਿਸ਼ ਸਦਾ ਇਹੀ ਰਹੀ ਹੈ ਕਿ ਕਮਰਸ਼ੀਅਲ ਫਿਲਮਾਂ ਦੇ ਨਾਲ ਨਾਲ ਚੰਗੇ ਵਿਸ਼ਾ ਵਸਤੂ ਵਾਲੀਆਂ ਫਿਲਮਾਂ ਵੀ ਕੀਤੀਆਂ ਜਾਣ।

ਯਾਦ ਰਹੇ, ਮਨੋਜ ਨੇ 'ਵੀਰ ਜ਼ਾਰਾ', 'ਬੇਵਫ਼ਾ', 'ਸ਼ੂਟਆਉਟ ਐਟ ਵਡਾਲਾ', 'ਤੇਵਰ' ਵਰਗੀਆਂ ਰਵਾਇਤੀ ਫ਼ਿਲਮਾਂ ਵਿਚ ਵੀ ਕੰਮ ਕੀਤਾ ਹੈ ਪਰ ਕੁਝ ਫਿਲਮਾਂ ਉਹ ਬਹੁਤ ਸੁਚੇਤ ਹੋ ਕੇ ਚੁਣਦਾ ਹੈ। ਉਸ ਨੇ ਕਿਹਾ ਕਿ ਲੀਕ ਤੋਂ ਹਟਵੀਆਂ ਫ਼ਿਲਮਾਂ ਵੱਲ ਪਰਤਣਾ ਇਸ ਲਈ ਪਸੰਦ ਹੈ ਕਿਉਂਕਿ ਇਨ੍ਹਾਂ ਵਿਚ ਕਲਾਕਾਰ ਨੂੰ ਆਪਣਾ ਹੁਨਰ ਦਿਖਾਉਣ ਦਾ ਵੱਧ ਮੌਕਾ ਮਿਲਦਾ ਹੈ।

-ਗੁਰਜੰਟ ਸਿੰਘ

ਮਾਲੇਰ ਕੋਟਲੇ ਵਾਲਾ ਅਨਸ ਰਾਸ਼ਿਦ

ਸਾਲ 2011 ਤੋਂ 2016 ਦਰਮਿਆਨ, ਲਗਾਤਾਰ ਪੰਜ ਸਾਲ ਤਕ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਚੁੱਕੇ ਹਿੰਦੀ ਲੜੀਵਾਰ 'ਦੀਆ ਔਰ ਬਾਤੀ ਹਮ' ਦੇ ਸੂਰਜ (ਅਨਸ ਰਾਸ਼ਿਦ) ਨੇ ਚੰਡੀਗੜ੍ਹ ਫੇਰੀ ਦੌਰਾਨ ਆਪਣੀਆਂ ਪੁਰਾਣੀਆਂ ਯਾਦਾਂ ਖੁੱਲ੍ਹ ਕੇ ਸਾਂਝੀਆਂ ਕੀਤੀਆਂ। ਉਸ ਨੇ ਦੱਸਿਆ ਕਿ ਪ੍ਰਿਥਵੀ ਰਾਜ ਚੌਹਾਨ ਦੇ ਕਿਰਦਾਰ ਤੋਂ ਲੈ ਕੇ 'ਦੀਆ ਔਰ ਬਾਤੀ ਹਮ' ਦੇ ਸੂਰਜ ਦੀ ਭੂਮਿਕਾ ਵਿਚ ਢਲਣ ਤਕ ਚੰਡੀਗੜ੍ਹ ਤੋਂ ਲਈ ਸਿੱਖਿਆ ਤੇ ਵਾਤਾਵਰਨ ਨੇ ਉਸ ਦੀ ਪੂਰੀ ਮਦਦ ਕੀਤੀ। ਪਿਛਲੇ ਸਾਲਾਂ ਦੌਰਾਨ ਟੈਲੀਵਿਜ਼ਨ ਵਿਚ ਆਈ ਤਬਦੀਲੀ ਲਈ ਅਨਸ ਨੇ ਸਮਾਰਟਫੋਨ ਨੂੰ ਜ਼ਿੰਮੇਵਾਰ ਦੱਸਿਆ। ਉਸ ਮੁਤਾਬਕ, ਇਸ ਗੈਜੇਟ ਦੇ ਜ਼ਰੀਏ ਹੁਣ ਟੀਵੀ ਲੜੀਵਾਰ ਤੇਜ਼ੀ ਨਾਲ ਲੋਕਾਂ ਦੇ ਘਰਾਂ ਅਤੇ ਦਿਲਾਂ 'ਚ ਥਾਂ ਬਣਾ ਰਹੇ ਹਨ।

ਯਾਦ ਰਹੇ, ਅਨਸ ਰਾਸ਼ਿਦ ਚੰਡੀਗੜ੍ਹ ਦੇ ਸੈਕਟਰ 11 ਦੇ ਸਰਕਾਰੀ ਕਾਲਜ ਦਾ ਵਿਦਿਆਰਥੀ ਰਿਹਾ ਹੈ। 31 ਅਗਸਤ 1980 ਨੂੰ ਜਨਮੇ ਅਨਸ ਰਾਸ਼ਿਦ ਨੇ ਆਪਣੇ ਕਰੀਅਰ ਦੀ ਸ਼ੁਰੂਆਤ 'ਸਟਾਰ ਪਲੱਸ' ਦੇ ਡਰਾਮੇ 'ਕਹੀਂ ਤੋ ਹੋਗਾ' ਨਾਲ 2006 ਵਿਚ ਕੀਤੀ ਸੀ।

ਸੋਨਾਲੀ ਬੇਂਦਰੇ ਦੀ ਲੜਾਈ

ਅਦਾਕਾਰਾ ਸੋਨਾਲੀ ਬੇਂਦਰੇ ਇਕ ਵਾਰ ਫਿਰ ਖਬਰਾਂ ਵਿਚ ਹੈ। ਇਸ ਵਾਰ ਦੀਆਂ ਖਬਰਾਂ ਸੋਗੀ ਹਨ। ਉਹ ਕੈਂਸਰ ਦੀ ਬਿਮਾਰੀ ਨਾਲ ਲੜਾਈ ਕਰ ਰਹੀ ਹੈ। ਉਸ ਦੇ 12 ਸਾਲਾਂ ਪੁੱਤਰ ਰਣਵੀਰ ਨੂੰ ਜਦੋਂ ਆਪਣੀ ਮਾਂ ਦੀ ਬਿਮਾਰੀ ਬਾਰੇ ਇਲਮ ਹੋਇਆ ਤਾਂ ਬਹੁਤ ਭਾਵੁਕ ਹੋ ਗਿਆ। ਉਸ ਮੁਤਾਬਕ, ਇਸ ਬਿਮਾਰੀ ਦਾ ਜ਼ਿਕਰ ਪੁੱਤਰ ਨਾਲ ਕਰਨਾ ਉਸ ਲਈ ਬਹੁਤ ਔਖਾ ਸੀ। ਉਂਜ ਰਣਵੀਰ ਨੇ ਇਸ ਖਬਰ ਨੂੰ ਬਹੁਤ ਸੂਝ-ਸਿਆਣਪ ਨਾਲ ਲਿਆ। ਇਸੇ ਕਰਕੇ ਸੋਨਾਲੀ ਨੂੰ ਤਸੱਲੀ ਹੈ ਕਿ ਹੁਣ ਅਗਲੇ ਹਾਲਾਤ ਜਿਹੋ ਜਿਹੇ ਮਰਜ਼ੀ ਆਉਣ, ਉਹ ਹਰ ਤਰ੍ਹਾਂ ਦੀ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹੈ। ਉਸ ਨੂੰ ਲੱਗਦਾ ਹੈ ਕਿ ਪੁੱਤਰ ਦੀ ਸਹੀ ਦੇਖਭਾਲ ਅਤੇ ਪਾਲਣ-ਪੋਸ਼ਣ ਨੇ ਹੀ ਉਸ ਦੀ ਤਸੱਲੀ ਕਰਵਾਈ ਹੈ ਅਤੇ ਪੁੱਤਰ ਅਜਿਹੇ ਹਾਲਾਤ ਨੂੰ ਸਮਝਣ ਦੇ ਯੋਗ ਹੋ ਸਕਿਆ ਹੈ।

ਸਿੱਖ ਗੁਰਦੁਆਰਾ ਸੈਨ ਹੋਜੇ, ਕੈਲੀਫੋਰਨੀਆ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਮੌਕੇ

ਤੀਜਾ ਸਾਲਾਨਾ ਨਗਰ ਕੀਰਤਨ

2 ਸਤੰਬਰ 2018 (ਐਤਵਾਰ) ਸਵੇਰੇ 10:30 ਵਜੇ ਤੋਂ

(ਲੇਬਰ ਡੇਅ ਵੀਕਐਂਡ)

ਅਮਰੀਕਾ 'ਚ ਪਹਿਲੀ ਵਾਰ ਗੁਰਬਾਣੀ ਦੇ 31 ਰਾਗਾਂ ਦਾ ਵਿਸ਼ੇਸ਼ ਕੀਰਤਨ ਦਰਬਾਰ

31 ਅਗਸਤ ਤੋਂ 2 ਸਤੰਬਰ 2018 ਤੱਕ

ਪਦਮਸ੍ਰੀ ਭਾਈ ਨਿਰਮਲ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਭਾਈ ਸਰਬਜੀਤ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਪ੍ਰੋ. ਦਲਬੀਰ ਸਿੰਘ, ਸੈਨ ਫਰਾਂਸਿਸਕੋ, ਬੇਏਰੀਆ
ਭਾਈ ਇੰਦਰਜੀਤ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਭਾਈ ਹਰਚਰਨ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਭਾਈ ਤਾਜਵਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਭਾਈ ਹਰਬਲਜੀਤ ਸਿੰਘ, ਪਿੱਪਲੀ ਸਾਹਿਬ, ਅੰਮ੍ਰਿਤਸਰ
ਬੀਬੀ ਗੁਰਨੀਤ ਕੌਰ, ਟੋਰਾਂਟੋ
ਭਾਈ ਹਰਲਵ ਸਿੰਘ, ਸੈਕਰਾਮੈਂਟੋ

ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਦੇ ਤਿੰਨੇ ਦਿਨ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਨਗਰ ਕੀਰਤਨ ਦਾ ਰੂਟ: ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਐਵੇਨਿਊ ਤੋਂ ਖੱਬੇ, ਅਬੌਰਨ ਰੋਡ ਤੋਂ ਸੱਜੇ, ਰੂਬੀ ਐਵੇਨਿਊ ਤੋਂ ਸੱਜੇ, ਕੁਇੰਬੀ ਰੋਡ ਤੋਂ ਸੱਜੇ ਅਤੇ ਗੁਰਦੁਆਰਾ ਐਵੇਨਿਊ ਤੋਂ ਸੱਜੇ।

ਹੋਰ ਪਾਰਕਿੰਗ: *ਐਵਰਗਰੀਨ ਵੈਲੀ ਹਾਈ ਸਕੂਲ, ਛਬੋਇਆ ਮਿਡਲ ਸਕੂਲ, ਕੈਰੋਲਿਨ ਕਲਾਰਕ ਐਲੀਮੈਂਟਰੀ ਸਕੂਲ ਅਤੇ ਉਥੋਂ ਫਰੀ ਸ਼ਟਲ ਸਰਵਿਸ*

ਪ੍ਰੋਗਰਾਮਾਂ ਦੇ ਇੰਚਾਰਜ: ਸੁਰਜੀਤ ਸਿੰਘ ਬੈਂਸ, ਫੋਨ: 408-394-3595
ਪ੍ਰੋਗਰਾਮਾਂ ਦੇ ਕੋਆਰਡੀਨੇਟਰ: ਜਸਵੀਰ ਸਿੰਘ ਪੁਆਰ, ਫੋਨ: 408-416-7200 ਅਤੇ ਗੁਰਜੰਟ ਸਿੰਘ ਸੰਘਾ, ਫੋਨ: 408-219-6532
ਧਾਰਮਿਕ ਮਾਮਲਿਆਂ ਦੇ ਇੰਚਾਰਜ: ਸੁਖਦੇਵ ਸਿੰਘ ਬੈਣੀਵਾਲ, ਫੋਨ: 408-421-9463
ਸਿਆਸੀ ਮਾਮਲਿਆਂ ਦੇ ਇੰਚਾਰਜ: ਭੁਪਿੰਦਰ (ਬਾਬ) ਸਿੰਘ ਢਿੱਲੋਂ, ਫੋਨ: 408-568-0034
ਆਮ ਜਾਣਕਾਰੀ: ਅਮਰਿੰਦਰ ਸਿੰਘ ਝੱਜ, ਫੋਨ: 408-600-7857 ਅਤੇ ਕਿਰਪਾਲ ਸਿੰਘ ਅਟਵਾਲ, ਫੋਨ: 408-835-7712
ਹੈਡ ਗ੍ਰੰਥੀ: ਭਾਈ ਮਹਿੰਦਰ ਸਿੰਘ ਬਾਜਵਾ, ਫੋਨ: 408-274-9373
ਬੂਥ ਰਿਜ਼ਰਵੇਸ਼ਨ: ਖੁਸ਼ਵਿੰਦਰਪਾਲ ਸਿੰਘ, ਫੋਨ: 408-507-1290
ਲੰਗਰ ਸੇਵਾ: ਹਰਜਿੰਦਰ ਸਿੰਘ ਲੱਧੜ, ਫੋਨ: 408-904-9158 ਅਤੇ ਕੁਲਦੀਪ ਸਿੰਘ ਸ਼ੇਰਗਿੱਲ, ਫੋਨ: 408-230-8319

Sikh Gurdwara-San Jose, California

3636 Gurdwara Ave, San Jose, CA 95148 Gurdwara website: www.sanjosegurdwara.org

Donation to Gurdwara Sahib: You can now donate on-line as well using Credit/Debit card or Paypal.

Visit: www.sanjosegurdwara.org and touch "Donate" tab and enter information. You can also enter a message like Ardas etc and listen it on Gurdwara website radio same day after Rehras Sahib Path at 6pm.